ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 17 | 01 May 2019 to 07 May 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# 'ਸਿੱਟ' ਤੋਂ ਬਾਦਲਾਂ ਨੂੰ ਕਲੀਨ-ਚਿੱਟ ਦੀਆਂ ਖਬਰਾਂ ਝੂਠੀਆਂ

- ਵਿਸ਼ੇਸ਼ ਜਾਂਚ ਟੀਮ ਨੇ ਅਜਿਹੇ ਸਾਰੇ ਦਾਅਵਿਆਂ ਨੂੰ ਨਕਾਰਿਆ
- ਚੋਣਾਂ ਤੋਂ ਬਾਅਦ ਵੱਡੇ ਐਕਸ਼ਨ ਦੇ ਸੰਕੇਤ
- ਸੁਖਬੀਰ ਤੇ ਮਜੀਠੀਏ ਨੂੰ ਜਸਟਿਸ ਰਣਜੀਤ ਸਿੰਘ ਨਾਲ ਤਕਰਾਰ ਪਵੇਗਾ ਮਹਿੰਗਾ






**ਜਲੰਧਰ /ਬਿਊਰੋ ਨਿਊਜ਼ :** ਬਹਿਬਲ ਕਲਾਂ ਗੋਲੀ ਕਾਂਡ ਵਿੱਚ ਤਫ਼ਤੀਸ਼ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਉਨ੍ਹਾਂ ਮੀਡੀਆ ਰਿਪੋਰਟਾਂ ਨੂੰ ਖਾਰਜ ਕੀਤਾ ਹੈ ਜਿਨ੍ਹਾਂ ਵਿੱਚ ਬਾਦਲ ਦਲ ਦੇ ਸੀਨੀਅਰ ਮੈਂਬਰਾਂ ਨੂੰ ਇਸ ਜਾਂਚ ਵਿੱਚ ਕਲੀਨ ਚਿੱਟ ਦੇਣ ਦਾ ਦਾਅਵਾ ਕੀਤਾ ਗਿਆ ਹੈ। ਵਿਸ਼ੇਸ਼ ਜਾਂਚ ਟੀਮ ਦਾ ਕਹਿਣਾ ਹੈ ਕਿ ਉਸ ਵੱਲੋਂ ਸਿਰਫ਼ ਇੱਕ ਦੋਸ਼ੀ ਸਾਬਕਾ ਐਸਐਸਪੀ ਚਰਨਜੀਤ ਸ਼ਰਮਾ ਖਿਲਾਫ਼ ਹੀ ਚਲਾਨ ਪੇਸ਼ ਕੀਤਾ ਗਿਆ ਹੈ।

ਇੱਥੇ ਜ਼ਿਕਰਯੋਗ ਹੈ ਕਿ ਚਾਰਜਸ਼ੀਟ ਵਿੱਚ ਸਿੱਟ ਨੇ ਦਾਅਵਾ ਕੀਤਾ ਹੈ ਕਿ ਪੁੱਛਗਿੱਛ ਦੌਰਾਨ ਚਰਨਜੀਤ ਸ਼ਰਮਾ ਨੇ ਦੱਸਿਆ ਹੈ ਕਿ ਉਹ ਹੁਣ ਮੁਅੱਤਲਸ਼ੁਦਾ ਇੰਸਪੈਕਟਰ ਜਨਰਲ ਪਰਮਰਾਜ ਸਿੰਘ ਉਮਰਾਨੰਗਲ ਦੀ ਹਦਾਇਤ ਮੁਤਾਬਕ ਕੋਟਕਪੂਰਾ ਤੋਂ ਬਰਗਾੜੀ ਜਾ ਰਿਹਾ ਸੀ। ਉਸ ਤੋਂ ਪਹਿਲਾਂ ਇਹ ਸੂਚਨਾ ਮਿਲ ਚੁੱਕੀ ਸੀ ਕਿ ਇੱਕ ਭੀੜ ਨੇ ਬਰਗਾੜੀ ਦੇ ਪੁਲਿਸ ਥਾਣੇ ਨੂੰ ਘੇਰਾ ਪਾ ਲਿਆ ਹੈ। ਸ਼ਰਮਾ ਨੇ ਇਹ ਵੀ ਦੋਸ਼ ਲਾਇਆ ਕਿ ਰੋਸ ਮੁਜ਼ਾਹਰਾਕਾਰੀਆਂ ਨੇ ਪਹਿਲਾਂ ਬਹਿਬਲ ਕਲਾਂ ਨੇੜੇ ਬਰਗਾੜੀ ਜਾਣ ਵਾਲੇ ਹਾਈਵੇ ਨੂੰ ਜਾਮ ਕੀਤਾ ਸੀ; ਉਸੇ ਭੀੜ ਨੇ ਬਾਅਦ ਵਿਚ ਪੁਲਿਸ ਪਾਰਟੀ ਉੱਤੇ ਵੀ ਹਮਲਾ ਕਰ ਦਿੱਤਾ ਸੀ।

ਸਿੱਟ ਨੇ ਆਪਣੀ ਜਾਂਚ ਦੌਰਾਨ ਚਰਨਜੀਤ ਸ਼ਰਮਾ ਦੇ ਦਾਅਵਿਆਂ ਨੂੰ ਗ਼ਲਤ ਕਰਾਰ ਦਿੱਤਾ ਹੈ। ਜਾਂਚ ਦੌਰਾਨ ਇਹ ਪਾਇਆ ਗਿਆ ਕਿ ਜਦੋਂ ਚਰਨਜੀਤ ਸ਼ਰਮਾ ਬਹਿਬਲ ਕਲਾਂ ਰੁਕਿਆ, ਤਾਂ ਜੈਤੋ ਦੇ ਡੀਐੱਸਪੀ ਜਗਦੀਸ਼ ਬਿਸ਼ਨੋਈ, ਜੈਤੋ ਦੇ ਐੱਸਐੱਚਓ ਜਸਬੀਰ ਸਿੰਘ ਤੇ ਬਾਜਾਖਾਨਾ ਦੇ ਐੱਸਐੱਚ ਅਮਰਜੀਤ ਸਿੰਘ ਪਹਿਲਾਂ ਹੀ ਮੌਕੇ ਉੱਤੇ ਮੌਜੂਦ ਸਨ। ਸਿੱਟ ਨੇ ਆਪਣੀ ਚਾਰਜਸ਼ੀਟ ਵਿੱਚ ਕਿਹਾ ਹੈ ਕਿ ਜੇ ਬਰਗਾੜੀ ਪੁਲਿਸ ਥਾਣੇ ਨੂੰ ਭੀੜ ਨੇ ਘੇਰਾ ਪਾਇਆ ਹੁੰਦਾ, ਤਾਂ ਇਹ ਸਾਰੇ ਅਧਿਕਾਰੀ ਉੱਥੇ ਮੌਜੂਦ ਹੋਣੇ ਸਨ।

**ਬਾਕੀ ਸਫ਼ਾ 33 'ਤੇ**

## ਇਮਾਨਦਾਰ ਅਫ਼ਸਰ ਮੰਨਿਆ ਜਾਂਦਾ ਹੈ ਕੁੰਵਰ ਵਿਜੇ ਪ੍ਰਤਾਪ ਸਿੰਘ

ਜਿਸ ਵੇਲੇ 27 ਅਗਸਤ 2018 ਨੂੰ ਪੰਜਾਬ ਵਿਧਾਨ ਸਭਾ ਅੰਦਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਬਹਿਸ ਹੋਈ ਤੇ ਇਹ ਫੈਸਲਾ ਹੋਇਆ ਕਿ ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਲਈ ਐਸਆਈਟੀ ਦਾ ਗਠਨ ਕੀਤਾ ਜਾਵੇਗਾ, ਉਸ ਵੇਲੇ ਪੰਜਾਬ ਦੇ ਆਈਪੀਐਸ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਇਸ ਸੰਬੰਧ ਵਿਚ ਅਹਿਮ ਜ਼ਿੰਮੇਵਾਰੀ ਦਿੱਤੀ ਗਈ। ਇਸ ਪੁਲਿਸ ਅਧਿਕਾਰੀ ਨੇ ਬੇਅਦਬੀ ਤੇ ਗੋਲੀ ਕਾਂਡ ਦੀਆਂ ਘਟਨਾਵਾਂ ਦੀ ਜਾਂਚ ਇਸ ਢੰਗ ਨਾਲ ਕੀਤੀ ਹੈ ਕਿ ਸੂਬੇ ਦੀ ਵੱਡੀ ਗਿਣਤੀ ਜਨਤਾ ਅੱਜ ਉਸ ਵੇਲੇ ਚੋਣ ਕਮਿਸ਼ਨ ਨਾਲ ਵੀ ਟਕਰਾਉਣ ਨੂੰ ਤਿਆਰ ਹੋ ਗਈ ਹੈ, ਜਦੋਂ ਅਕਾਲੀ ਦਲ ਦੀ ਸ਼ਿਕਾਇਤ 'ਤੇ ਕਮਿਸ਼ਨ ਨੇ ਕੁੰਵਰ ਨੂੰ ਬੇਅਦਬੀ ਅਤੇ ਗੋਲੀ ਕਾਂਡ ਦੀਆਂ ਘਟਨਾਵਾਂ ਦੀ ਜਾਂਚ ਤੋਂ ਹਟਾ ਦਿੱਤਾ ਹੈ। ਆਈ ਜੀ ਕੁੰਵਰ ਪੰਜਾਬ ਪੁਲੀਸ ਵਿਚ ਅਜਿਹੇ ਨਾਇਕ ਹਨ, ਜਿਨ੍ਹਾਂ ਨੇ ਆਪਣਾ ਕੰਮ ਕਰਦਿਆਂ ਨਾ ਆਪਣੇ ਮਹਿਕਮੇਂ ਦੇ ਲੋਕਾਂ ਦੀ ਪ੍ਰਵਾਹ ਕੀਤੀ ਹੈ ਤੇ ਨਾ ਹੀ ਵਿਰੋਧੀ ਧਿਰ ਦੇ ਸਿਆਸਤਦਾਨਾਂ ਦੀ। ਜਿੱਥੇ ਇਸ ਪੁਲਿਸ ਅਧਿਕਾਰੀ ਨੇ ਚਰਨਜੀਤ ਸ਼ਰਮਾ ਵਰਗੇ ਸਾਬਕਾ ਐਸਐਸਪੀ ਰੈਂਕ ਦੇ ਅਧਿਕਾਰੀ ਨੂੰ ਘਰੋਂ ਚੁੱਕ ਕੇ ਗ੍ਰਿਫਤਾਰ ਕਰ ਲਿਆ,

**ਬਾਕੀ ਸਫ਼ਾ 32 'ਤੇ**

## ਮੋਦੀ ਵੱਲੋਂ ਬਾਦਲ ਨੂੰ ਮੱਥਾ ਟੇਕਣ ਦਾ ਰਾਜ਼

**ਬਠਿੰਡਾ/ਗੁਰਸੇਵਕ ਸਿੰਘ ਧੌਲਾ**

ਵਾਰਾਨਸੀ ਤੋਂ ਲੋਕ ਸਭਾ ਚੋਣ ਲੜ ਰਹੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 26 ਅਪ੍ਰੈਲ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਪੈਰੀਂ ਹੱਥ ਲਾ ਕੇ ਆਪਣੇ ਨਾਮਜ਼ਦਗੀ ਕਾਗ਼ਜ਼ ਦਾਖ਼ਲ ਕੀਤੇ ਹਨ।



ਮੌਕੇ ਦੀ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਸ੍ਰੀ ਮੋਦੀ ਨੇ ਆਦਰ ਵਜੋਂ ਸ੍ਰੀ ਬਾਦਲ ਅਤੇ ਸ੍ਰੀ ਸ਼ੁਕਲਾ ਦੇ ਪੈਰ ਛੂਹ ਕੇ ਆਸ਼ੀਰਵਾਦ ਲਿਆ। ਮੋਦੀ ਵੱਲੋਂ ਅਜਿਹਾ ਕਰਨਾ ਜਿਥੇ ਮੀਡੀਆ ਲਈ ਖਿੱਚ ਦਾ ਕੇਂਦਰ ਬਣਿਆਂ ਉਥੇ ਲੋਕਾਂ ਵਿਚ ਵੀ ਹੈਰਾਨੀ ਦਾ ਕਾਰਨ ਬਣਿਆਂ। ਇਹ ਇਸ ਲਈ ਕਿ ਜੋ ਨਰਿੰਦਰ ਮੋਦੀ ਹਮੇਸ਼ਾ ਇਕ 'ਹੰਕਾਰੀ' ਨੇਤਾ ਵੱਜੋਂ ਵਿਚਰਦਾ ਹੈ ਤੇ ਜਿਸ ਨੇ ਕਿਸੇ ਦੂਜੀ ਪਾਰਟੀ ਦੇ ਤਾਂ ਕੀ, ਆਪਣੀ ਖੁਦ ਦੀ ਪਾਰਟੀ ਦੇ ਬਜ਼ੁਰਗ ਆਗੂ ਲਾਲ ਕ੍ਰਿਸ਼ਨ ਅਡਵਾਨੀ ਤਕ ਨੂੰ ਬੇਇੱਜ਼ਤ ਕਰਨ ਵਿਚ ਸੰਕੋਚ ਨਹੀਂ ਵਰਤਿਆ, ਆਖਿਰ

**ਬਾਕੀ ਸਫ਼ਾ 33 'ਤੇ**

## ਪਰਵਾਸੀ ਸਿੱਖਾਂ ਦੀ ਕਾਲੀ ਸੂਚੀ ਖ਼ਤਮ

**ਚੰਡੀਗੜ੍ਹ/ਏਟੀ ਨਿਊਜ਼ :** ਕਈ ਦਹਾਕਿਆਂ ਤੋਂ ਵਿਦੇਸ਼ਾਂ ਵਿੱਚ ਸ਼ਰਨ ਲੈਣ ਵਾਲੇ ਪਰਵਾਸੀ ਸਿੱਖਾਂ ਨੂੰ ਵੱਡੀ ਰਾਹਤ ਮਿਲੀ ਹੈ। ਭਾਰਤ ਸਰਕਾਰ ਨੇ ਆਪਣੇ ਵਿਦੇਸ਼ਾਂ ਵਿਚ ਸਥਿਤ ਸਾਰੇ ਸਫ਼ਾਰਤਖਾਨਿਆਂ ਨੂੰ ਕਾਲੀ ਸੂਚੀ ਖ਼ਤਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਨ੍ਹਾਂ ਹੁਕਮਾਂ ਨਾਲ ਵਿਦੇਸ਼ਾਂ ਵਿਚ ਸ਼ਰਨ ਲੈਣ ਵਾਲੇ ਭਾਰਤੀ ਲੋਕਾਂ ਨੂੰ ਉੱਥੋਂ ਦੇ ਭਾਰਤੀ ਸਫ਼ਾਰਤਖਾਨਿਆਂ ਵਿੱਚ ਵੀਜ਼ਾ, ਪਾਸਪੋਰਟ ਤੇ ਓਸੀਆਈ ਸੇਵਾਵਾਂ ਲੈਣ ਵਿਚ ਮਦਦ ਮਿਲੇਗੀ। ਸਰਕਾਰ ਵੱਲੋਂ ਇਹ ਫ਼ੈਸਲਾ ਉਸ ਵੇਲੇ ਲਿਆ ਗਿਆ ਹੈ ਜਦੋਂ ਪੰਜਾਬ ਵਿੱਚ ਚੋਣ ਪਰਚਾਰ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਇਹ ਕਾਲੀ ਸੂਚੀ ਪੰਜਾਬ ਸੰਤਾਪ ਦੇ ਦੌਰ ਦੀ ਦੇਣ ਹੈ ਜਦੋਂ ਕਈਆਂ ਨੇ ਇੱਥੇ ਜ਼ਿੰਦਗੀ ਨੂੰ ਖ਼ਤਰਾ ਹੋਣ ਕਾਰਨ ਵਿਦੇਸ਼ਾਂ ਵਿਚ ਸ਼ਰਨ ਲੈ ਲਈ ਸੀ ਅਤੇ ਭਾਰਤ ਸਰਕਾਰ ਨੇ ਖ਼ਾਲਿਸਤਾਨ ਪੱਖੀ ਹੋਣ ਦੇ ਸ਼ੱਕ ਵਿਚ ਉਨ੍ਹਾਂ ਨੂੰ ਕਾਲੀ ਸੂਚੀ ਵਿਚ ਪਾ ਦਿੱਤਾ ਸੀ। ਪੰਜਾਬ ਫਾਊਂਡੇਸ਼ਨ ਅਮਰੀਕਾ ਦੇ ਚੇਅਰਮੈਨ ਸੁੱਖੀ ਚਾਹਲ ਜੋ ਹਮੇਸ਼ਾਂ ਤੋਂ ਕਾਲੀ ਸੂਚੀ ਖ਼ਤਮ ਕਰਨ ਦੀ ਮੰਗ ਕਰਦੇ ਆਏ ਹਨ, ਨੇ ਟਵਿਟਰ 'ਤੇ ਇਹ ਹੁਕਮ ਜਾਰੀ ਕੀਤੇ ਅਤੇ ਬਾਅਦ ਵਿੱਚ ਅਮਰੀਕਾ ਵਿਚ ਸਥਿਤ ਭਾਰਤੀ ਸਫ਼ਾਰਤਖਾਨੇ ਨੇ ਵੀ ਇਹ ਹੁਕਮ ਟਵਿਟਰ 'ਤੇ ਪਾਏ। ਚਾਹਲ ਨੇ ਕਿਹਾ ਕਿ ਉਹ ਕਈ ਸਾਲਾਂ ਤੋਂ ਪੂਰੀ ਦ੍ਰਿੜ੍ਹਤਾ ਨਾਲ ਕਾਲੀਆਂ ਸੂਚੀਆਂ ਦਾ ਇਹ ਮੁੱਦਾ ਵਿਦੇਸ਼ ਮੰਤਰਾਲੇ ਕੋਲ ਚੁੱਕਦੇ ਆ ਰਹੇ ਸਨ।

# ਪੰਜਾਬ ਦੇ ਚੋਣ ਪਿੜ ਵਿਚ ਕਾਂਗਰਸ ਨੂੰ ਚੁਫੇਰਿਓਂ ਘੇਰਾ

- ਬਾਦਲਾਂ ਵੱਲੋਂ ਫਿਰੋਜ਼ਪੁਰ ਤੋਂ ਸੁਖਬੀਰ ਤੇ ਬਠਿੰਡਾ ਤੋਂ ਹਰਸਿਮਰਤ ਰਾਹੀਂ ਸਿੱਧੀ ਚੁਣੌਤੀ
- ਤੀਜੀ ਧਿਰ ਵੱਲੋਂ ਪਟਿਆਲਾ, ਲੁਧਿਆਣਾ, ਸੰਗਰੂਰ ਤੇ ਖਡੂਰ ਸਾਹਿਬ 'ਚ ਸਖਤ ਟੱਕਰ

### ਭਾਜਪਾ ਨੇ ਗੁਰਦਾਸਪੁਰ ਤੋਂ ਸੰਨੀ ਦਿਓਲ ਨੂੰ ਸੁਨੀਲ ਜਾਖੜ ਨਾਲ ਭਿੜਵਾਇਆ






**ਅੰਮ੍ਰਿਤਸਰ ਟਾਈਮਜ਼ ਵਿਸ਼ੇਸ਼/ਪ੍ਰੋ. ਬਲਵਿੰਦਰਪਾਲ ਸਿੰਘ**

ਪਾਰਲੀਮੈਂਟ ਚੋਣਾਂ ਦੇ ਸੱਤਵੇਂ ਅਤੇ ਆਖਰੀ ਗੇੜ ਲਈ ਨਾਮਜ਼ਦਗੀਆਂ ਦਾ ਦੌਰ ਮੁੱਕ ਚੁੱਕਾ ਹੈ। ਪੰਜਾਬ ਦੀ ਵਾਰੀ ਵੀ ਏਸੇ ਸੱਤਵੇਂ ਦੌਰ ਵਿੱਚ ਆਉਂਦੀ ਹੈ ਤੇ ਇਸ ਲਈ ਪੰਜਾਬ ਵਿਚ ਲੋਕ ਸਭਾ ਚੋਣਾਂ ਦੀ ਪ੍ਰਕਿਰਿਆ ਤੇਜ਼ੀ ਨਾਲ ਆਪਣੇ ਸਿਖ਼ਰ ਵੱਲ ਵਧ ਰਹੀ ਹੈ। ਮੁੱਖ ਸਿਆਸੀ ਪਾਰਟੀਆਂ ਕਾਂਗਰਸ, ਅਕਾਲੀ ਦਲ, ਜਮਹੂਰੀ ਗੱਠਜੋੜ ਤੇ 'ਆਪ' ਦੇ ਉਮੀਦਵਾਰ ਆਪੋ-ਆਪਣੇ ਚੋਣ ਪ੍ਰਚਾਰ ਵਿਚ ਜੁਟੇ ਹੋਏ ਹਨ। ਕੌਮੀ ਪੱਧਰ ਉੱਤੇ ਭਾਜਪਾ ਅਤੇ ਪੰਜਾਬ ਵਿਚ ਕਾਂਗਰਸ ਦੇ ਚੋਣ ਪ੍ਰਚਾਰ ਵਿਚ ਜਿਹੜੀ ਗੱਲ ਸਾਂਝੀ ਹੈ, ਉਹ ਇਹ ਹੈ ਕਿ ਦੋਵੇਂ ਹੀ ਪਾਰਟੀਆਂ ਉਨ੍ਹਾਂ ਮੁੱਦਿਆਂ ਨੂੰ ਆਧਾਰ ਬਣਾ ਕੇ ਵੋਟਾਂ ਮੰਗ ਰਹੀਆਂ ਹਨ ਜਿਨ੍ਹਾਂ ਦਾ ਆਮ ਲੋਕਾਂ ਨਾਲ ਕੋਈ ਲੈਣਾ-ਦੇਣਾ ਨਹੀਂ। ਦੋਹਾਂ ਪਾਰਟੀਆਂ ਦੇ ਚੋਣ ਪ੍ਰਚਾਰ ਵਿਚ ਸਮਾਜ ਭਲਾਈ, ਸਮਾਜਿਕ ਨਿਆਂ ਤੇ ਕਲਿਆਣਕਾਰੀ ਰਾਜ ਪ੍ਰਬੰਧ ਦੇਣ ਵਰਗੇ ਲੋਕ ਮੁੱਦਿਆਂ ਦੀ ਕੋਈ ਬਹੁਤੀ ਥਾਂ ਨਹੀਂ ਹੈ। ਦੋਵੇਂ ਧਿਰਾਂ ਧਾਰਮਿਕ ਤੇ ਰਾਸ਼ਟਰਵਾਦੀ ਮੁੱਦਿਆਂ ਨੂੰ ਆਧਾਰ ਬਣਾ ਰਹੀਆਂ ਹਨ। ਅਕਾਲੀ ਦਲ ਵੀ ਮੋਦੀ ਦੇ ਨਾਂ 'ਤੇ ਵੋਟਾਂ ਮੰਗ ਰਿਹਾ ਹੈ। ਭਾਜਪਾ ਨੇ ਸਾਧਵੀ ਪ੍ਰੱਗਿਆ ਤੇ ਆਪਣੇ ਹਿੰਦੂਤਵੀ ਏਜੰਡੇ ਰਾਹੀਂ ਦਰਸਾ ਦਿੱਤਾ ਹੈ ਕਿ ਉਸ ਦਾ ਆਧਾਰ ਹਿੰਦੂ ਵੋਟ ਬੈਂਕ ਹੈ। ਘੱਟ ਗਿਣਤੀਆਂ ਤੇ ਦਲਿਤਾਂ ਨਾਲ ਉਹਨਾਂ ਦਾ ਕੋਈ ਵਾਸਤਾ ਨਹੀਂ। ਪੰਜਾਬ ਵਿਚ ਕਾਂਗਰਸ 2015 ਵਿਚ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਅਤੇ ਸੁਖਬੀਰ ਸਿੰਘ ਬਾਦਲ ਦੇ ਉਪ ਮੁੱਖ ਮੰਤਰੀ ਹੁੰਦਿਆਂ ਸੂਬੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਚੋਰੀ ਕਰ ਕੇ ਬੇਅਦਬੀ ਕਰਨ ਦੀਆਂ ਘਟਨਾਵਾਂ ਦਾ ਮੁੱਦਾ ਉਠਾ ਕੇ ਸਿੱਖਾਂ ਦੀ ਵੋਟ ਪ੍ਰਾਪਤ ਕਰਨ ਦੇ ਯਤਨਾਂ ਵਿਚ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜਾਂਚ ਕਰ ਰਹੀ ਪੰਜਾਬ ਪੁਲੀਸ ਦੀ ਵਿਸ਼ੇਸ ਜਾਂਚ ਟੀਮ ਦੇ ਨਾਮਵਰ ਮੈਂਬਰ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਬਦਲੀ ਕਰਵਾ ਕੇ ਬਾਦਲਾਂ ਨੇ ਖੁਦ ਹੀ ਇਹ ਮੁੱਦਾ ਆਪ ਹੀ ਉਭਾਰ ਕੇ ਆਪਣੇ ਲਈ ਮੁਸੀਬਤਾਂ ਖੜੀਆਂ

**ਬਾਕੀ ਸਫ਼ਾ 33 'ਤੇ**





















REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU
FREE ONE YEAR PROPERTY MANAGEMENT & SAVE $3000
FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE
Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653
VALLEY PACIFIC REALTY AND INVESTMENTS STOCKTON # 01722418




Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345




Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300
Book online 24x7 @ www.Letsflyhome.com




# ਲੰਗਾਹ ਨੂੰ ਸਹਿਯੋਗ ਦਾ ਮਾਮਲਾ ਮੁੜ ਅਕਾਲ ਤਖ਼ਤ ਪੁੱਜਾ

## *ਬਾਦਲ ਦਲ ਤੇ ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰ ਨਹੀਂ ਮੰਨ ਰਹੇ ਹੁਕਮਨਾਮਾ*

**ਅੰਮ੍ਰਿਤਸਰ/ਏਟੀ ਨਿਊਜ਼ :** ਸਿੱਖ ਜਥੇਬੰਦੀ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ 'ਤੇ ਮੁੜ ਇਕ ਮੰਗ ਪੱਤਰ ਦੇ ਕੇ ਪੰਥ ਵਿਚੋਂ ਛੇਕੇ ਹੋਏ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਵੱਲੋਂ ਖੁੱਲ੍ਹੇਆਮ ਕੀਤੇ ਜਾ ਰਹੇ ਸਮਾਗਮ ਅਤੇ ਕੁਝ ਲੋਕਾਂ ਵੱਲੋਂ ਉਸ ਨੂੰ ਦਿੱਤੇ ਜਾ ਰਹੇ ਸਹਿਯੋਗ ਦਾ ਮਾਮਲਾ ਮੁੜ ਉਭਾਰਿਆ ਹੈ। ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਅਤੇ ਹੋਰ ਵਿਅਕਤੀਆਂ ਵੱਲੋਂ ਦਿੱਤੇ ਗਏ ਇਸ ਮੰਗ ਪੱਤਰ ਵਿਚ ਲਖਵਿੰਦਰ ਸਿੰਘ, ਰਛਪਾਲ ਸਿੰਘ, ਕੁਲਦੀਪ ਸਿੰਘ, ਰਣਜੀਤ ਸਿੰਘ, ਸੁਖਦੇਵ ਸਿੰਘ, ਪ੍ਰਿਤਪਾਲ ਸਿੰਘ ਆਦਿ ਨੇ ਦੱਸਿਆ ਕਿ ਪੰਥ ਵਿਚੋਂ ਛੇਕੇ ਹੋਏ ਇਸ ਆਗੂ ਵੱਲੋਂ ਰਾਜਨੀਤਕ ਤੇ ਧਾਰਮਿਕ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਹਨ। ਇਸ ਸਬੰਧ ਵਿੱਚ ਪਹਿਲਾਂ ਵੀ ਅਕਾਲ ਤਖ਼ਤ ਨੂੰ ਜਾਣੂ ਕਰਾਇਆ ਗਿਆ ਸੀ ਅਤੇ ਅਕਾਲ ਤਖ਼ਤ ਤੋਂ 24 ਅਪਰੈਲ ਨੂੰ ਸਿੱਖ ਸੰਗਤ ਦੇ ਨਾਂ ਆਦੇਸ਼ ਵੀ ਜਾਰੀ ਕੀਤਾ ਗਿਆ ਸੀ। ਪਰ ਇਸ ਦੇ ਬਾਵਜੂਦ ਗੁਰਦਾਸਪੁਰ ਜ਼ਿਲ੍ਹੇ ਦੇ ਅਕਾਲੀ ਦਲ ਨਾਲ ਸਬੰਧਿਤ ਆਗੂ, ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਤੇ ਹੋਰ ਇਸ ਵਿਅਕਤੀ ਨੂੰ ਪੂਰੀ ਤਰ੍ਹਾਂ ਸਹਿਯੋਗ ਦੇ ਰਹੇ ਹਨ, ਜਿਸ ਨਾਲ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਉਲੰਘਣਾ ਹੋਈ ਹੈ।



ਇਸ ਮੰਗ ਪੱਤਰ ਵਿਚ ਉਨ੍ਹਾਂ ਲਗਪਗ 15 ਅਜਿਹੇ ਵਿਅਕਤੀਆਂ ਦੇ ਨਾਂ ਵੀ ਲਿਖੇ ਹਨ, ਜੋ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨਾਲ ਸਬੰਧਿਤ ਹਨ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਚੁੱਪ ਵੱਟੀ ਹੋਈ ਹੈ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਆਦੇਸ਼ ਦਿੱਤਾ ਜਾਵੇ ਕਿ ਉਹ ਅਕਾਲ ਤਖ਼ਤ ਦੀ ਹੋਂਦ ਤੋਂ ਮੁਨਕਰ ਸੁੱਚਾ ਸਿੰਘ ਲੰਗਾਹ ਬਾਰੇ ਆਪਣੀ ਸਥਿਤੀ ਸਪੱਸ਼ਟ ਕਰਨ। ਇਹ ਮੰਗ ਪੱਤਰ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੈਨੇਜਰ ਰਜਿੰਦਰ ਸਿੰਘ ਰੂਬੀ ਨੇ ਪ੍ਰਾਪਤ ਕੀਤਾ।

**ਲੰਗਾਹ ਦੇ ਸਮਰੱਥਕਾਂ ਦਾ ਪੱਖ-** ਦੂਜੇ ਪਾਸੇ ਲੰਗਾਹ ਅਤੇ ਇਸ ਦੇ ਸਾਥੀ ਇਹ ਕਹਿੰਦੇ ਫਿਰਦੇ ਹਨ ਕਿ ਲੰਗਾਹ ਨੇ ਆਪਣੇ ਨਿਰਦੋਸ਼ ਹੋਣ ਬਾਰੇ ਅਕਾਲ ਤਖਤ ਸਾਹਿਬ ਵਿਖੇ ਪਹੁੰਚ ਕੀਤੀ ਹੈ। ਇਸੇ ਕਰਕੇ ਉਹ ਸੰਗਤ ਵਿੱਚ ਵਿਚਰ ਰਹੇ ਹਨ।

**ਕੀ ਕਹਿੰਦੇ ਹਨ ਜਥੇਦਾਰ ਹਰਪ੍ਰੀਤ ਸਿੰਘ-** ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰੂ ਪੰਥ ਵੱਲੋਂ ਅਕਾਲ ਤਖ਼ਤ ਸਾਹਿਬ ਤੋਂ ਛੇਕੇ ਗਏ ਵਿਅਕਤੀਆਂ ਨਾਲ ਮਿਲਵਰਤਨ ਰੱਖਣਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਉਲੰਘਣਾ ਹੈ। ਸਿੱਖ ਪੰਥ ਵੱਲੋਂ ਛੇਕੇ ਵਿਅਕਤੀ ਸੁੱਚਾ ਸਿੰਘ ਲੰਗਾਹ ਆਦਿ ਨਾਲ ਮਿਲਵਰਤਨ ਰੱਖਣ ਤੋਂ ਸੰਗਤ ਨੂੰ ਪ੍ਰਹੇਜ਼ ਕਰਨਾ ਚਾਹੀਦਾ ਹੈ ਤਾਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਮਾਣ ਮਰਿਆਦਾ ਕਾਇਮ ਰਹਿ ਸਕੇ।

**ਲੰਗਾਹ ਦਾ ਪੱਖ-** ਇੱਧਰ ਦੂਜੇ ਪਾਸੇ ਸੁੱਚਾ ਸਿੰਘ ਲੰਗਾਹ ਨੇ ਇਲਾਕੇ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਇੱਕ ਮੀਟਿੰਗ ਦੌਰਾਨ ਕਿਹਾ ਹੈ ਕਿ, "ਮੈਂ ਇਹ ਪ੍ਰਚਾਰ ਅਕਾਲੀ ਦਲ ਦੇ ਅਹੁਦੇਦਾਰ ਦੇ ਨਾਤੇ ਨਹੀਂ ਕਰ ਰਿਹਾ, ਕਿਉਂਕਿ ਸਾਰਿਆਂ ਨੂੰ ਪਤਾ ਹੈ ਕਿ ਪਿਛਲੀ ਜਿਮਨੀ ਚੋਣ ਵਿੱਚ ਮੇਰੇ 'ਤੇ ਕੇਸ ਬਣਾ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਮੈਂ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ।" ਉਨ੍ਹਾਂ ਕਿਹਾ ਕਿ, ਇਹ ਪਰਚਾਰ ਮੈਂ ਤਾਂ ਸ਼ੁਰੂ ਕੀਤਾ ਹੈ ਕਿਉਂਕਿ ਮੈਨੂੰ ਇਹ ਲਗਦਾ ਹੈ ਕਿ ਤੁਸੀਂ ਲਾਵਾਰਿਸ ਸੀ ਤੇ ਮੈਨੂੰ ਤੁਹਾਡੀ ਸੇਵਾ ਕਰਨੀ ਚਾਹੀਦੀ ਹੈ।" ਉਨ੍ਹਾਂ ਕਿਹਾ ਕਿ, "ਕਾਂਗਰਸ ਪਾਰਟੀ ਸਾਡੇ ਲੋਕਾਂ ਨਾਲ ਲਗਾਤਾਰ ਧੱਕਾ ਕਰ ਰਹੀ ਹੈ, ਜਿਸ ਦਾ ਮੈਂ ਵਿਰੋਧ ਕੀਤਾ ਤੇ ਜਦੋਂ ਆਪਣੇ ਲੋਕਾਂ ਦੀ ਮਦਦ ਵਿੱਚ ਨਿੱਤਰਿਆ ਤਾਂ ਕਾਂਗਰਸੀਆਂ ਨੇ ਸਤਿਕਾਰ ਕਮੇਟੀ ਵਾਲਿਆਂ ਦੇ ਰਾਹੀਂ ਮੈਨੂੰ ਘਰ ਬਿਠਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿ ਮੈਂ ਉਨ੍ਹਾਂ ਦਾ ਵਿਰੋਧ ਨਾ ਕਰ ਸਕਾਂ।" ਸੁੱਚਾ ਸਿੰਘ ਲੰਗਾਹ ਨੇ ਕਿਹਾ ਕਿ "ਹੁਣ ਮੈ 5–7 ਬੰਦੇ ਭੇਜ ਕੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਵਾਵਾਂਗਾ ਤੇ ਮੇਰੇ ਉਹ ਬੰਦੇ ਸਿੰਘ ਸਾਬ੍ਹ ਨੂੰ ਪੁੱਛਣਗੇ, ਕਿ ਮੇਰੇ ਲਈ ਕੀ ਹੁਕਮ ਹਨ ? ਤੇ ਜੇਕਰ ਸਿੰਘ ਸਾਬ੍ਹ ਮੈਨੂੰ ਕਹਿਣਗੇ ਕਿ ਲੰਗਾਹ ਤੂੰ ਬਾਹਰ ਨਹੀਂ ਨਿਕਲਣਾ ਤਾਂ ਮੈ ਘਰ ਬੈਠ ਜਾਵਾਂਗਾ ਤੇ ਜੇ ਉਹ ਕਹਿਣਗੇ ਕਿ ਲੰਗਾਹ ਤੂੰ ਪੰਜਾਬ ਤੋਂ ਬਾਹਰ ਚਲਾ ਜਾ ਤਾਂ ਮੈਂ ਪੰਜਾਬ ਤੋਂ ਬਾਹਰ ਚਲਾ ਜਾਵਾਂਗਾ ਕਿਉਂਕਿ ਮੇਰੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਯਾਦਾ ਤੋਂ ਉੱਪਰ ਕੁਝ ਵੀ ਨਹੀਂ ਹੈ, ਮੈਂ ਰੱਬ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਕਰਦਾ ਹਾਂ।"



# ਸਿਨਸਿਨਾਟੀ ਦੇ ਸਿੱਖ ਯੂਥ ਸਿੰਪੋਜ਼ੀਅਮ ਵਿਚ ਬੱਚਿਆਂ ਨੇ ਸਿੱਖੀ ਪ੍ਰਤੀ ਉਤਸ਼ਾਹ ਦਿਖਾਇਆ



**ਸਿਨਸਿਨਾਟੀ/ਰਾਜ ਗੋਗਨਾ :** ਗੁਰੂ ਨਾਨਕ ਸੁਸਾਇਟੀ ਗੁਰਦੁਆਰਾ ਸਿਨਸਿਨਾਟੀ, ਓਹਾਇਓ ਵਿਚ ਸਲਾਨਾ ਇੰਟਰਨੈਸ਼ਨਲ ਸਿੱਖ ਯੂਥ ਸਿੰਪੋਜ਼ੀਅਮ-2019 ਤਹਿਤ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਿਨਸਿਨਾਟੀ ਤੋਂ ਇਲਾਵਾ ਨਾਲ ਲਗਦੇ ਸ਼ਹਿਰ ਡੇਟਨ ਤੋਂ ਵੀ ਬੱਚਿਆਂ ਨੇ ਭਾਗ ਲਿਆ। ਇਸ ਸਾਲ 6 ਸਾਲ ਤੋਂ 18 ਸਾਲ ਦੇ 30 ਬੱਚਿਆਂ ਨੇ ਭਾਗ ਲਿਆ।

ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਹੀ ਤਿੰਨ ਸਵਾਲਾਂ ਦੇ ਜਵਾਬ 6 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੇ ਸਾਕਾ ਚਮਕੌਰ, ਦੂਜੇ ਨੇ ਬਹਾਦਰ ਸਿੱਖ ਇਸਤਰੀਆਂ, ਤੀਜੇ ਨੇ ਦਸਤਾਰ, ਚੌਥੇ ਨੇ ਗੁਰਬਾਣੀ ਦੇ ਸੰਦੇਸ਼ ਤੇ ਪੰਜਵੇ ਨੇ 1984 ਦੇ ਘੱਲੂਘਾਰੇ ਸਬੰਧੀ ਭਾਸ਼ਣ ਦਿੱਤੇ। ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ ਸੰਸਥਾ ਵਲੋਂ 2004 ਤੋਂ ਹਰ ਸਾਲ ਮਾਰਚ ਜਾ ਅਪਰੈਲ ਦੇ ਮਹੀਨੇ ਵਿਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ। ਅੰਤ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਅਗਸਤ ਦੇ ਮਹੀਨੇ ਵਿਚ ਅੰਤਰ-ਰਾਸ਼ਰਟੀ ਪੱਧਰ ਦੇ ਮੁਕਾਬਲਿਆਂ ਵਿੱਚ ਭਾਗ ਲੈਂਦੇ ਹਨ। ਸਿੰਪੋਜ਼ੀਅਮ ਦੀ ਤਿਆਰੀ ਨਾਲ ਬੱਚਿਆਂ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਨਾਲ ਹੀ ਉਹਨਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲੱਗਦਾ ਹੈ।

ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਬੱਚਿਆਂ ਨੇ ਇਸ ਸਮਾਗਮ ਵਿਚ ਭਾਗ ਲੈਂਦੇ ਹੋਏ ਆਪਣੇ ਵੱਲੋਂ ਵਧੀਆ ਤੋ ਵਧੀਆ ਭਾਸ਼ਣ ਤਿਆਰ ਕੀਤੇ ਅਤੇ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹ ਕਿਸੇ ਪ੍ਰਤੀਯੋਗਤਾ ਵਿਚ ਭਾਗ ਲੈ ਰਹੇ ਹਨ। ਭਾਸ਼ਨ ਪ੍ਰਤੀਯੋਗਤਾ ਵਿੱਚ ਜੇਤੂਆਂ ਤੋਂ ਇਲਾਵਾ ਬਾਕੀ ਦੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਸੰਸਥਾ ਵੱਲੋਂ ਟਰਾਫੀਆਂ ਤੇ ਸਰਟੀਫਿਕੇਟ ਦਿੱਤੇ ਗਏ।ਜੇਤੂਆਂ ਵਿਚੋਂ ਹਰੇਕ ਗਰੁੱਪ ਵਿਚ ਪਹਿਲੇ ਤੇ ਦੂਜੇ ਸਥਾਨ 'ਤੇ ਆਉਣ ਵਾਲੇ ਬੱਚੇ 18 ਮਈ ਨੂੰ ਪਿਟਸਬਰਗ ਦੇ ਗੁਰਦੂਆਰਾ ਸਾਹਿਬ ਵਿਖੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲੈਣਗੇ।

## ਐਕਟਿਵ ਪੰਜਾਬੀਜ਼ ਵੱਲੋਂ ਬਰਤਾਨੀਆ ਪਹੁੰਚੇ ਗਾਇਕ ਚਮਕੌਰ ਖਟੜਾ ਦਾ ਸਨਮਾਨ

**ਲੰਡਨ/ਮਨਦੀਪ ਖੁਰਮੀ :** ਸੁਚੇਤ ਪੰਜਾਬੀਆਂ ਦੇ ਐਕਟਿਵ ਪੰਜਾਬੀ ਗਰੁੱਪ ਦੀ ਸਾਹਤਿਕ ਇਕੱਤਰਤਾ ਪਿੰਕ ਸਿਟੀ ਹੇਅਜ ਵਿਖੇ ਸ਼ਾਮ ਦੇ ਸਮੇਂ ਹੋਈ, ਜਿਸ ਵਿਚ ਬਰਤਾਨੀਆ ਭਰ ਤੋਂ ਆਏ ਹੋਏ ਪੰਜਾਬੀ ਕਲਾ ਪ੍ਰੇਮੀਆਂ ਨੇ ਹਿੱਸਾ ਲਿਆ। ਮੰਚ ਸੰਚਾਲਨ ਪਰਮਜੀਤ ਪੰਮੀ ਏਸ਼ੀਅਨ ਸਟਾਰ ਰੇਡੀਉ ਵਾਲਿਆਂ ਨੇ ਕੀਤਾ। ਇਸ ਸਮੇਂ "ਥੋਡੀ ਜੁੰਮੇਵਾਰੀ ਬਣਦੀ ਪੰਜਾਬੀਓ ਰੱਖਿਓ ਪੰਜਾਬ ਸਾਂਭ ਕੇ" ਵਰਗੇ ਸਾਰਥਿਕ ਗੀਤ ਨੂੰ ਗਾਉਣ ਵਾਲੇ ਉੱਘੇ ਪੰਜਾਬੀ ਗਾਇਕ ਚਮਕੌਰ ਖਟੜਾ ਦਾ ਸਨਮਾਨ ਕੀਤਾ ਗਿਆ। ਸੰਸਾਰ ਪ੍ਰਸਿੱਧ ਭੰਗੜਚੀ ਦਲਜਿੰਦਰ ਗਰੇਵਾਲ ਉਰਫ ਬੂਟਾ ਬਾਈ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਆਪਣੀਆ ਬੋਲੀਆਂ ਨਾਲ ਸੋਹਣਾ ਰੰਗ ਬੰਨ੍ਹਿਆ। ਜਿੱਥੇ ਇਸ ਸਮੇਂ ਰਾਜ ਸੇਖੋਂ ਨੇ ਆਪਣੀ ਰਿਆਜ ਸੰਵਰੀ ਆਵਾਜ਼ ਵਿੱਚ ਗੀਤਾਂ ਦੀ ਝੜੀ ਲਾਈ ਉੱਥੇ ਜਸਵੀਰ ਜੱਸ, ਜਗਜੀਤ, ਪਰਮ ਤੇ ਜਿੰਦ ਇਕਬਾਲ ਨੇ ਵੀ ਆਪੋ ਆਪਣੇ ਗੀਤਾਂ ਨਾਲ ਹਾਜ਼ਰੀ ਭਰੀ। ਉੱਘੇ ਨਾਵਲਕਾਰ ਮਹਿੰਦਰਪਾਲ ਸਿੰਘ ਧਾਲੀਵਾਲ ਜੀ ਨੇ ਕਲਮਾਂ ਨੂੰ ਸੱਚ ਬੋਲਣ ਦਾ ਸੁਨੇਹਾ ਦਿੰਦੀ ਕਵਿਤਾ ਸੁਣਾਈ। ਚਮਕੌਰ ਖਟੜਾ ਨੇ 'ਕੁੰਢੀ ਮੁੱਛ' ਸਮੇਤ ਆਪਣੇ ਇੱਕ ਤੋਂ ਇੱਕ ਹਿੱਟ ਗੀਤਾਂ ਨਾਲ ਮਹਿਫਲ ਨੂੰ ਸ਼ਿੰਗਾਰਿਆ। ਇਸ ਮੌਕੇ ਜਪਾਨੀ ਕੁਸ਼ਤੀ ਸੂਮੋ ਦੇ ਬ੍ਰਿਟਿਸ਼ ਚੈਂਪੀਅਨ ਇੰਗਲੈਂਡ ਦੇ ਜੰਮਪਲ ਪੰਜਾਬੀ ਨੌਜਵਾਨ ਮਨਦੀਪ ਕੁੰਡੀ ਦਾ ਵੀ ਸਨਮਾਨ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਦੇਸੀ ਰੇਡੀਉ ਪੇਸ਼ਕਾਰ ਸਤਨਾਮ ਸਿੰਘ, ਮਨਜਿੰਦਰ ਸਿੰਘ ਚਾਹਲ, ਅਮਰਜੀਤ ਚੀਮਾ, ਗੁਰਬੀਰ ਸਿੰਘ ਮੰਡੇਰ ਲਖਵਿੰਦਰ ਗਿੱਲ ਕੋਕਰੀ, ਅਵੀ ਸੋਢੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਪ੍ਰੋਗਰਾਮ ਦੇ ਅੰਤ 'ਚ ਐਕਟਿਵ ਪੰਜਾਬੀਜ਼ ਵੱਲੋਂ ਰਾਜ ਸੇਖੋਂ ਅਤੇ ਬਿੱਟੂ ਖੰਗੂੜਾ ਨੇ ਇਸ ਸਮਾਗਮ ਨੂੰ ਯਾਦਗਾਰੀ ਬਣਾਉਣ ਲਈ ਸਭ ਦਾ ਧੰਨਵਾਦ ਕੀਤਾ।



## ਵੈਸਟ ਚੈਸਟਰ ਵਿਚ ਪੰਜਾਬੀ ਪਰਿਵਾਰ ਦੇ 4 ਜੀਆਂ ਦਾ ਕਤਲ

**ਓਹਾਈਓ /ਹੁਸਨ ਲੜੋਆ ਬੰਗਾ :** ਵੈਸਟ ਚੈਸਟਰ ਅਪਾਰਟਮੈਂਟ ਵਿਚ ਇਕ ਪੰਜਾਬੀ ਪਰਿਵਾਰ ਦੇ 4 ਜੀਆਂ ਦੀ ਮੌਤ ਭੇਦ ਬਣੀ ਹੋਈ ਹੈ। ਇਨ੍ਹਾਂ ਸਾਰਿਆਂ ਦੀ ਮੌਤ ਗੋਲੀਆਂ ਵੱਜਣ ਨਾਲ ਹੋਈ ਹੈ। ਇਹ ਪੰਜਾਬੀ ਪਰਿਵਾਰ ਗੁਰੂ ਘਰ ਨਾਲ ਬਹੁਤ ਲਗਾਅ ਰੱਖਦਾ ਸੀ। ਹੋ ਸਕਦਾ ਹੈ ਕਿ ਉਨਾਂ ਦੀ ਹੱਤਿਆ ਕਿਸੇ ਜਨੂੰਨੀ ਸਿਰ ਫਿਰੇ ਵਿਅਕਤੀ ਨੇ ਕੀਤੀ ਹੋਵੇ। ਸਿਨਸਿਨਾਟੀ ਗੁਰੂ ਘਰ ਦੇ ਪ੍ਰਧਾਨ ਜਸਮਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਨੂੰ ਉਹ ਪਿਛਲੇ 11 ਸਾਲਾਂ ਤੋਂ ਜਾਣਦਾ ਸੀ। ਇਹ ਬਹੁਤ ਹੀ ਭਲਾ ਪਰਿਵਾਰ ਸੀ। ਇਹ ਬਹੁਤ ਦੁਖਦਾਈ ਘਟਨਾ ਹੈ। ਉਸ ਨੇ ਦੱਸਿਆ ਕਿ ਵੈਸਟ ਚੈਸਟਰ ਤੇ ਮੈਸਨ ਵਿਚ 500 ਪਰਿਵਾਰ ਰਲ ਮਿਲ ਕੇ ਰਹਿ ਰਹੇ ਹਨ। ਭਾਈਚਾਰੇ ਵਿਚ ਕਦੀ ਵੀ ਕਿਸੇ ਕਿਸਮ ਦੀ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਨਾ ਹੀ ਕਿਸੇ ਨੂੰ ਕਦੀ ਕੋਈ ਧਮਕੀ ਮਿਲੀ ਹੈ। ਪੁਲਿਸ ਨੇ ਅਜੇ ਤਕ ਮ੍ਰਿਤਕਾਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਹੈ। ਪੁਲਿਸ ਅਨੁਸਾਰ ਸਾਰਿਆਂ ਦੀ ਮੌਤ ਗੋਲੀਆਂ ਵੱਜਣ ਨਾਲ ਹੋਈ ਹੈ ਤੇ ਉਹ ਨਹੀਂ ਸਮਝਦੇ ਕਿ ਮ੍ਰਿਤਕਾਂ ਵਿਚ ਕੋਈ ਸ਼ੂਟਰ ਸ਼ਾਮਿਲ ਸੀ। ਹੱਤਿਆਰਾ ਕੋਈ ਬਾਹਰੋਂ ਆਇਆ ਵਿਅਕਤੀ ਵੀ ਹੋ ਸਕਦਾ ਹੈ। ਅਮਰੀਕਾ ਦੀਆਂ ਖ਼ੁਫੀਆ ਏਜੰਸੀਆਂ ਪੰਜਾਬੀ ਪਰਿਵਾਰ ਦੇ ਹੋਏ 4 ਜੀਆਂ ਦੇ ਕਤਲ ਦੇ ਕਾਰਨਾਂ ਨੂੰ ਗੰਭੀਰਤਾ ਨਾਲ ਖੰਘਾਲ ਰਹੀਆਂ ਹਨ। ਇਸ ਖਿੱਤੇ ਨਾਲ ਸਬੰਧਤ ਸਿੱਖ ਭਾਈਚਾਰੇ ਤੇ ਅਮਰੀਕਾ ਵਸਦੇ ਸਿੱਖਾਂ ਨੂੰ ਇਸ ਘਟਨਾ ਨੇ ਕਾਫੀ ਪ੍ਰਭਾਵਿਤ ਕੀਤਾ ਹੈ। ਏਜੰਸੀਆਂ ਨੇ ਤਫਤੀਸ਼ ਕਾਰਨ ਮਰਨ ਵਾਲਿਆਂ ਦੇ ਨਾਂ ਅਜੇ ਤਕ ਜਾਰੀ ਨਹੀਂ ਕੀਤੇ।





# ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਵਿਸਾਖੀ ਸਮਾਗਮ



**ਫਰਿਜ਼ਨੋ/ਕੁਲਵੰਤ ਧਾਲੀਆਂ/ ਨੀਟਾ ਮਾਛੀਕੇ :** ਦਮਦਮੀ ਟਕਸਾਲ ਦੀ ਰਹਿਨੁਮਾਈ ਅੰਦਰ ਚਲਾਏ ਜਾ ਰਹੇ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਵਿਸਾਖੀ ਨੂੰ ਸਮਰਪਿਤ ਗੁਰਮਤਿ ਸਮਾਗਮ ਹੋਏ ਅਤੇ ਵਿਸ਼ੇਸ਼ ਖੇਡਾਂ ਕਰਵਾਈਆਂ ਗਈਆਂ, ਜਿਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਜੇ ਦੀਵਾਨਾਂ ਵਿਚ ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾਂ ਹੋਈਆਂ।



ਜਿੱਥੇ ਇਹ ਸਮਾਗਮ ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸਨ, ਉੱਥੇ ਭਾਰਤ ਦੀ ਅਜ਼ਾਦੀ ਵਿੱਚ ਹਿੱਸਾ ਲੈਣ ਵਾਲੇ ਸ਼ਹੀਦ ਗਦਰੀ ਬਾਬੇ ਵਿਸਾਖਾ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਵੀ ਪ੍ਰੋਗਰਾਮ ਕਰਵਾਏ ਗਏ। ਇਸ ਬਾਰੇ ਸ. ਹਰਜਿੰਦਰ ਸਿੰਘ ਪੰਨੂ ਨੇ ਵਿਸ਼ੇਸ਼ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੌਕੇ ਗੱਤਕੇ ਦੇ ਮੁਕਾਬਲੇ, ਘੋੜ ਸਵਾਰੀ, ਚਾਟੀ ਰੇਸ, ਬੋਰੀ ਰੇਸ, ਰੱਸਾਕਸ਼ੀ, ਬਾਸਕਟਬਾਲ ਅਤੇ ਹੋਰ ਵਿਰਾਸਤੀ ਖੇਡਾਂ ਕਰਵਾਈਆਂ ਗਈਆਂ। ਸਮੁੱਚੇ ਸਮਾਗਮਾਂ ਦੌਰਾਨ ਗੁਰੂਘਰ ਦਾ ਸਮੁੱਚਾ ਮਹੌਲ ਸੰਗਤਾਂ ਦੇ ਭਾਰੀ ਇਕੱਠ ਕਰਕੇ ਮੇਲੇ ਦੀ ਤਰ੍ਹਾਂ ਜਾਪ ਰਿਹਾ ਸੀ। ਇਸ ਸਮੇਂ ਸੰਗਤਾਂ ਦੀ ਖਰੀਦਦਾਰੀ ਲਈ ਵੱਖ-ਵੱਖ ਚੀਜ਼ਾਂ ਦੇ ਸਟਾਲ ਲੱਗੇ ਹੋਏ ਸਨ। ਸਭ ਤੋਂ ਵੱਧ ਖੁਸ਼ੀ ਦੀ ਗੱਲ ਇਹ ਵੀ ਰਹੀ ਕਿ ਗੁਰਮਤਿ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਕਿਤਾਬਾਂ ਪੜ੍ਹਨ ਦੇ ਚਾਹਵਾਨਾਂ ਲਈ ਸਟਾਲ ਵੱਲੋਂ ਇਹ ਮੁਫ਼ਤ ਵੰਡੀਆਂ ਜਾ ਰਹੀਆਂ ਸਨ। ਇਸ ਸਮੇਂ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਸਮੂਹ ਸੰਗਤਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਗੁਰੂ ਕੇ ਲੰਗਰ ਵਿਚ ਵੱਖ-ਵੱਖ ਖਾਣਿਆਂ ਦੇ ਸਟਾਲ ਲੱਗੇ ਹੋਏ ਸਨ। ਇਸ ਤਰ੍ਹਾਂ ਖਾਲਸੇ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਹ ਸਮਾਗਮ ਸੰਗਤਾਂ ਨੂੰ ਗੁਰਬਾਣੀ ਵਿਚਾਰਾਂ ਅਤੇ ਖੇਡਾਂ ਨਾਲ ਜੋੜਦਾ ਹੋਇਆ ਯਾਦਗਾਰੀ ਹੋ ਨਿੱਬੜਿਆ।

# ਗੁਰਦੁਆਰਾ ਗੁਰਸਿੱਖ ਲਿੰਡਨ ਵਿਚ ਸ਼ਾਨਦਾਰ ਨਗਰ ਕੀਰਤਨ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਵੈਨਕੋਵਰ-ਸਰੀ (ਕੈਨੇਡਾ) ਬਾਰਡਰ ਤੋਂ 10 ਕਿਲੋਮੀਟਰ ਦੂਰ ਅਮਰੀਕਾ ਦੇ ਸ਼ਹਿਰ ਬੈਲਗਹਿੰਮ ਵਿਚ ਗੁਰਸਿੱਖ ਗੁਰਦੁਆਰਾ ਲਿੰਡਨ ਵਿਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸ਼ਾਨਦਾਰ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਧਾਰਮਿਕ ਦੀਵਾਨ ਸਜਾ ਕੇ ਭੋਗ ਪੈਣ ਉਪਰੰਤ ਕਥਾ-ਕੀਰਤਨ ਤੇ ਧਾਰਮਿਕ ਵਿਚਾਰਾਂ ਹੋਈਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਸ਼ਾਨਦਾਰ ਨਗਰ ਕੀਰਤਨ ਕੱਢਿਆ ਗਿਆ। ਇਸ ਮੌਕੇ ਦੂਰ ਦੂਰ ਤੋਂ ਸੰਗਤਾਂ ਨੇ ਪਹੁੰਚ ਕੇ ਹਾਜ਼ਰੀ ਲਗਵਾਈ। ਸੇਵਾਦਾਰਾਂ ਵਲੋਂ ਵੰਨ ਸੁਵੰਨੇ ਪਕਵਾਨ ਤਿਆਰ ਕਰਕੇ ਸੰਗਤਾਂ ਨੂੰ ਲੰਗਰਾਂ ਦੇ ਰੂਪ ਵਿਚ ਵਰਤਾਏ ਗਏ।



ਗੁਰਸਿੱਖ ਗੁਰਦੁਆਰਾ ਲਿੰਡਨ ਵਿਚ ਸਲਾਨਾ ਨਗਰ ਕੀਰਤਨ ਦਾ ਵਿਲੱਖਣ ਨਜ਼ਾਰਾ। ਸਤਪਾਲ ਸਿੱਧੂ ਵਧਾਈ ਦਿੰਦੇ ਸਮੇਂ।

ਗੁਰਦੁਆਰੇ ਦੇ ਮੁੱਖ ਸੇਵਾਦਾਰ ਸੁਖਵੰਤ ਸਿੰਘ ਗਿੱਲ, ਸਾਬਕਾ ਮੁੱਖ ਸੇਵਾਦਾਰ ਮਹਿੰਦਰ ਸਿੰਘ ਸੰਘਾ, ਅਮਰਜੀਤ ਸਿੰਘ ਬਰਾੜ, ਪਰਮਜੀਤ ਸਿੰਘ ਰਮਾਣਾ, ਵੈਟਕਮ ਕਾਊਂਟੀ ਕੌਂਸਿਲਰ ਸਤਪਾਲ ਸਿੰਘ ਸਿੱਧੂ, ਮਨਜੀਤ ਸਿੰਘ ਸੰਧੂ, ਜਗਜੀਤ ਸਿੰਘ ਸੰਧੂ ਤੇ ਲਖਵਿੰਦਰ ਸਿੰਘ ਭੁੱਚੋ ਸਮੇਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਸ਼ਾਨਦਾਰ ਇੰਤਜ਼ਾਮ ਕਰਕੇ ਪ੍ਰੋਗਰਾਮ ਨੂੰ ਸਫ਼ਲ ਬਣਾਇਆ। ਸਤਪਾਲ ਸਿੰਘ ਸਿੱਧੂ ਤੇ ਰਛਪਾਲ ਸਿੰਘ ਸੰਧੂ ਨੇ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਸੁਚੱਜੇ ਇੰਤਜਾਮ ਦੀ ਸ਼ਲਾਘਾ ਕੀਤੀ।

# ਖਾਲਸਾ ਸਾਜਨਾ ਦਿਵਸ ’ਤੇ ਗੁਰਦੁਆਰਾ ਫਰੀਮੌਂਟ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

**ਫਰੀਮੌਂਟ/ਪ੍ਰਮਿੰਦਰ ਸਿੰਘ ਪ੍ਰਵਾਨਾ**

ਅਮਰੀਕੀ ਪੰਜਾਬੀ ਕਵੀਆਂ ਵਲੋਂ ਗੁਰਦੁਆਰਾ ਸਾਹਿਬ ਫਰੀਮੌਂਟ 300 ਗੁਰਦੁਆਰਾ ਰੋਡ, ਫਰੀਮੌਂਟ ਸੀਏ-94536 ਵਿਖੇ ਵਿਸਾਖੀ ‘ਤੇ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ‘ਪ੍ਰਵਾਨਾ’ ਵਲੋਂ ਮੰਚ ਸੰਭਾਲਦਿਆਂ ਇਤਿਹਾਸ ਤੇ ਰੋਸ਼ਨੀ ਪਾਈ ਗਈ ਕਿ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਉਪਰੰਤ ਗੁਰੂ ਸਾਹਿਬ ਨੇ ਖੁਦ ਆਪਣੇ ਸਾਜੇ ਸਿੰਘਾਂ ਤੋਂ ਅੰਮ੍ਰਿਤ ਛਕ ਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਦਾ ਨਾਂ ਲੈ ਕੇ ਕੌਮ ਦੀ ਅਗਵਾਈ ਕੀਤੀ। ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਪੱਕਾ ਕੀਤਾ। ਖ਼ਾਲਸਾ ਪੰਥ ਨੇ ਕੌਮ ਦੀ ਤਕਦੀਰ ਬਦਲ ਦਿੱਤੀ, ਜਿਸ ਨੇ ਮੁਗਲ ਸਾਮਰਾਜ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਵੱਡੇ ਜੋਖਮਾਂ ਵਿਚੋਂ ਲੰਘ ਕੇ ਖ਼ਾਲਸਾ ਰਾਜ ਸਥਾਪਤ ਕੀਤਾ।



ਹਾਜ਼ਰੀ ਕਵੀਆਂ ਵਲੋਂ ਸਿੱਖ ਇਤਿਹਾਸ ਦੀਆਂ ਜੰਗਾਂ, ਬਹਾਦਰੀ ਦੀਆਂ ਬੀਰਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਜਿਸ ਵਿਚ ਠਾਕੁਰ ਸਿੰਘ ਫਰੀਮੌਂਟ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮੌਂਟ, ਤਰਸੇਮ ਸਿੰਘ ਸੁਮਨ ਆਦਿ ਸ਼ਾਮਲ ਸਨ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿਚ ਭਾਈ ਹਰਮਿੰਦਰ ਸਿੰਘ, ਭਾਈ ਪਲਵਿੰਦਰ ਸਿੰਘ ਤੇ ਭਾਈ ਕਮਲਜੀਤ ਸਿੰਘ ਅਟਵਾਲ ਦਾ ਭਰਪੂਰ ਯੋਗਦਾਨ ਰਿਹਾ। ਪ੍ਰਵਾਨਾ ਵਲੋਂ ਦ੍ਰਿੜ ਕਰਵਾਇਆ ਗਿਆ ਕਿ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਦੂਰ ਦੁਰਾਡੇ ਦੇ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਸੰਗਤਾਂ ਅਤੇ ਪ੍ਰਬੰਧਕਾਂ ਤੋਂ ਮਿਲਦੇ ਭਰਵੇਂ ਹੁੰਗਾਰੇ ਨਾਲ ਇਹ ਪ੍ਰੋਗਰਾਮ ਸੰਪੰਨ ਹੁੰਦੇ ਹਨ। ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਸੰਪਰਕ ਨੰਬਰ 510-415-9377 ਜਾਂ 408-578-4489 ਹੈ।


CIS CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> STUDENT VISA
> RELIGIOUS VISA
> U.K. VISA
> CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਕਰਤਾਰਪੁਰ ਵਿਖੇ ਗੁਰੂ ਨਾਨਕ ਦੇ ਸਮੇਂ ਦਾ ਖੂਹ ਮਿਲਿਆ

**ਲਾਹੌਰ/ਏਟੀ ਨਿਊਜ਼ :** ਪਾਕਿਸਤਾਨ ਵਿਚ ਕਰਤਾਰਪੁਰ ਲਾਂਘਾ ਬਣਾਉਣ ਦੌਰਾਨ 500 ਸਾਲ ਪੁਰਾਣਾ ਖੂਹ ਮਿਲਿਆ ਹੈ। ਇਹ ਖੂਹ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਹੋਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ। ਲਾਲ ਇੱਟਾਂ ਨਾਲ ਬਣਿਆ ਇਹ ਖੂਹ ਕਰਤਾਰਪੁਰ ਦੇ ਗੁਰਦੁਆਰਾ ਡੇਰਾ ਸਾਹਿਬ ਨੇੜੇ ਹੋ ਰਹੀ ਖੁਦਾਈ ਦੌਰਾਨ ਮਿਲਿਆ। ਕਰੀਬ 20 ਫੁੱਟ ਡੂੰਘੇ ਇਸ ਖੂਹ ਨੂੰ ਫਿਰ ਤੋਂ ਚਾਲੂ ਕੀਤਾ ਜਾਏਗਾ ਅਤੇ ਗੁਰਦੁਆਰਾ



ਸਾਹਿਬ ਆਉਣ ਵਾਲੇ ਸ਼ਰਧਾਲੂਆਂ ਨੂੰ ਉਸ ਦਾ ਮਿੱਠਾ ਪਾਣੀ ਪ੍ਰਸਾਦ ਦੇ ਤੌਰ 'ਤੇ ਦਿੱਤਾ ਜਾਏਗਾ। ਗੁਰਦੁਆਰੇ ਦੇ ਗ੍ਰੰਥੀ ਗੋਬਿੰਦ ਸਿੰਘ ਨੇ ਦੱਸਿਆ ਕਿ ਖੂਹ ਵਿਚ ਜੋ ਪਾਣੀ ਮਿਲਿਆ ਹੈ ਉਹ ਪੂਰੀ ਤਰ੍ਹਾਂ ਨਾਲ ਬੈਕਟੀਰੀਆ ਮੁਕਤ ਹੈ ਅਤੇ ਉਸ ਵਿਚ ਜ਼ਖ਼ਮਾਂ ਨੂੰ ਭਰਨ ਅਤੇ ਰੋਗਾਂ ਨੂੰ ਦੂਰ ਕਰਨ ਦੇ ਗੁਣ ਪਾਏ ਗਏ ਹਨ। ਕਰਤਾਰਪੁਰ ਦਾ ਪਵਿੱਤਰ ਗੁਰਦੁਆਰਾ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿਚ ਸਥਿਤ ਹੈ।

## ਕਰਤਾਰਪੁਰ ਲਾਂਘੇ ਬਾਰੇ ਭਾਰਤ ਕਰ ਰਿਹਾ ਦੇਰੀ : ਪਾਕਿ

**ਇਸਲਾਮਾਬਾਦ/ਏਟੀ ਨਿਊਜ਼:** ਪਾਕਿਸਤਾਨ ਨੇ ਭਾਰਤ 'ਤੇ ਕਰਤਾਰਪੁਰ ਲਾਂਘਾ ਸ਼ੁਰੂ ਕਰਨ ਸਬੰਧੀ ਸਮਝੌਤੇ 'ਤੇ ਅੰਤਿਮ ਸਹਿਮਤੀ ਲਈ ਉੱਚ ਪੱਧਰੀ ਗੱਲਬਾਤ ਵਿੱਚ ਦੇਰੀ ਕਰਨ ਦੇ ਦੋਸ਼ ਲਾਏ ਹਨ। ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਦੇ ਤਰਜਮਾਨ ਮੁਹੰਮਦ ਫੈਸਲ ਨੇ ਕਿਹਾ, "ਪਾਕਿਸਤਾਨ ਚਾਹੁੰਦਾ ਹੈ ਕਿ ਕਰਤਾਰਪੁਰ ਲਾਂਘਾ ਮਿਥੇ ਸਮੇਂ 'ਤੇ ਚਾਲੂ ਹੋ ਜਾਵੇ ਪਰ ਭਾਰਤ ਸਰਕਾਰ ਉੱਚ ਪੱਧਰੀ ਮੀਟਿੰਗਾਂ ਕਰਨ ਲਈ ਦੇਰੀ ਕਰ ਰਹੀ ਹੈ।"

## ਦਰਬਾਰ ਸਾਹਿਬ ਨੂੰ ਲਿਖਿਆ 'ਸੁਨਹਿਰੀ ਮੰਦਰ'

### ਨੈਸ਼ਨਲ ਹਾਈਵੇ ਅਥਾਰਿਟੀ ਦਾ ਕਾਰਨਾਮਾ

**ਅੰਮ੍ਰਿਤਸਰ/ਏਟੀ ਨਿਊਜ਼ :**
ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨੇ ਦਰਬਾਰ ਸਾਹਿਬ ਨੂੰ ਆਪਣੀਆਂ ਸੜਕੀ ਸੰਕੇਤ ਤਖ਼ਤੀਆਂ 'ਤੇ ਸੁਨਹਿਰੀ ਮੰਦਰ ਲਿਖ ਦਿੱਤਾ ਹੈ। ਸ਼੍ਰੋਮਣੀ ਕਮੇਟੀ ਨੇ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਅਥਾਰਟੀ, ਕੇਂਦਰ ਤੇ ਪੰਜਾਬ ਸਰਕਾਰ ਨੂੰ ਗ਼ਲਤੀ ਨੂੰ ਫੌਰੀ ਤੌਰ 'ਤੇ ਦੂਰ ਕਰਨ ਲਈ ਕਿਹਾ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਭਾਰਤ ਸਰਕਾਰ ਸਬੰਧਤ ਵਿਭਾਗ ਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਨੈਸ਼ਨਲ ਹਾਈਵੇ ਅਥਾਰਟੀ ਭਾਰਤ ਵੱਲੋਂ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਜੀ ਨੂੰ ਆਉਣ ਵਾਲੇ ਰਸਤਿਆਂ ਸਬੰਧੀ ਲਾਏ ਗਏ ਸਾਈਨ ਬੋਰਡ 'ਤੇ ਲਿਖੇ 'ਸੁਨਿਹਰੀ ਮੰਦਰ' ਨੂੰ ਤੁਰੰਤ ਠੀਕ ਕਰਵਾਇਆ ਜਾਵੇ। ਸ੍ਰੀ ਦਰਬਾਰ ਸਾਹਿਬ ਨੂੰ ਆਉਣ ਵਾਲੇ ਰਸਤਿਆਂ 'ਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਸੁਨਹਿਰੀ ਮੰਦਰ ਲਿਖੇ ਜਾਣ 'ਤੇ ਸਿੱਖ ਸੰਗਤ ਨੇ ਵੀ ਸਖ਼ਤ ਇਤਰਾਜ਼ ਜਤਾਇਆ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਸੜਕਾਂ 'ਤੇ ਲੱਗੇ ਬੋਰਡਾਂ ਵਿਚ ਸਿੱਖ ਅਸਥਾਨਾਂ ਤੇ ਨਾਵਾਂ ਨੂੰ ਗ਼ਲਤ ਲਿਖਿਆ ਗਿਆ ਹੋਵੇ।

**ਸ਼੍ਰੋਮਣੀ ਕਮੇਟੀ ਨੇ ਲਿਆ ਗੰਭੀਰ ਨੋਟਿਸ**

# ਜਲ੍ਹਿਆਂਵਾਲੇ ਬਾਗ ਦਾ ਕਲਾਤਮਕ ਮਾਡਲ ਡਰਬੀ ਸਿੱਖ ਨੈਸ਼ਨਲ ਮਿਊਜ਼ੀਅਮ ਯੂਕੇ 'ਚ ਰੱਖਿਆ ਜਾਵੇਗਾ



**ਅੰਮ੍ਰਿਤਸਰ/ਏ.ਟੀ. ਨਿਊਜ਼ :** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਚੇਅਰਮੈਨ ਸ. ਰਜਿੰਦਰ ਸਿੰਘ ਪੁਰੇਵਾਲ, ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਨੇ ਕਿਹਾ ਕਿ ਵਿਸਾਖੀ ਵਾਲੇ ਦਿਨ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ਼ (ਅੰਮ੍ਰਿਤਸਰ) ਦੇ ਜਲਸੇ ਅਤੇ ਵਿਸਾਖੀ ਦੇ ਮੇਲੇ ਵਿੱਚ ਆਏ ਹੋਏ ਹਜ਼ਾਰਾਂ ਨਿਹੱਥੇ ਲੋਕਾਂ, ਜਿਸ ਵਿਚ ਬਹੁਗਿਣਤੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਸਿੱਖ ਸ਼ਾਮਲ ਸਨ, ਉੱਤੇ ਫ਼ੌਜੀਆਂ ਨੂੰ ਜਨਰਲ ਡਾਇਰ ਨੇ ਗੋਲੀਆਂ ਚਲਾਉਣ ਦਾ ਹੁਕਮ ਦੇ ਕੇ ਭਾਰੀ ਕਤਲੇਆਮ ਕੀਤਾ ਸੀ। ਉਸ ਸਬੰਧੀ ਭਾਈ ਸਾਹਿਬ ਸਿੰਘ ਨੇ ਜੋ ਕਲਾਤਮਕ ਮਾਡਲ ਤਿਆਰ ਕੀਤਾ ਹੈ, ਉਸ ਨੂੰ ਡਰਬੀ ਸਿੱਖ ਨੈਸ਼ਨਲ ਮਿਊਜ਼ੀਅਮ ਯੂਕੇ ਵਿਚ ਜੂਨ ਦੌਰਾਨ ਰੱਖਿਆ ਜਾਵੇਗਾ।

ਪੁਰੇਵਾਲ ਤੇ ਖਾਲਸਾ ਨੇ ਦੱਸਿਆ ਕਿ ਜਨਰਲ ਡਾਇਰ ਆਪਣੀ ਤਵਾਰੀਖ਼ ਦਾ ਸਭ ਤੋਂ ਵੱਡਾ ਜ਼ਾਲਮ, ਕਾਤਲ ਕਰਾਰ ਦਿੱਤਾ ਗਿਆ ਅਤੇ ਉਸ ਨੂੰ 'ਅੰਮ੍ਰਿਤਸਰ ਦੇ ਕਸਾਈ' ਦਾ ਲਕਬ ਦਿੱਤਾ ਗਿਆ। ਉਹਨਾਂ ਦੱਸਿਆ ਕਿ ਅੰਗਰੇਜ਼ ਸਰਕਾਰ ਨੇ ਅਜ਼ਾਦੀ ਦੀ ਲਹਿਰ ਨੂੰ ਦਬਾਉਣ ਲਈ ਕਾਲਾ ਕਾਨੂੰਨ ਰੋਲਟ ਐਕਟ ਜਾਰੀ ਕੀਤਾ ਸੀ, ਜਿਸ ਦੇ ਤਹਿਤ ਹਕੂਮਤ ਖ਼ਿਲਾਫ਼ ਜੱਦੋ-ਜਹਿਦ ਕਰਨ ਵਾਲਿਆਂ ਅਤੇ ਬਾਗ਼ੀਆਂ ਨੂੰ ਫ਼ੌਰੀ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿੱਚ ਬੰਦ ਕਰਨ ਦਾ ਹੁਕਮ ਦਿੱਤਾ ਗਿਆ। ਇਸ ਕਾਲੇ ਕਾਨੂੰਨ ਦੇ ਖ਼ਿਲਾਫ਼ ਹਿੰਦੂ, ਸਿੱਖ ਤੇ ਮੁਸਲਮਾਨ ਸਭ ਜਲ੍ਹਿਆਂਵਾਲੇ ਬਾਗ ਇਕੱਠੇ ਹੋ ਕੇ ਕਾਨਫਰੰਸ ਕਰ ਰਹੇ ਸਨ। ਇਸ ਖ਼ੂਨੀ ਸਾਕੇ ਕਾਰਨ ਹੀ ਭਾਰਤ ਦੀ ਅਜ਼ਾਦੀ ਦੀ ਲਹਿਰ ਭਖੀ ਸੀ। ਇਹ ਵੱਖਰੀ ਗੱਲ ਹੈ ਕਿ ਪੰਜਾਬ ਤੇ ਸਿੱਖਾਂ ਨੂੰ ਅਜ਼ਾਦੀ ਮਿਲਣ ਤੋਂ ਬਾਅਦ ਵੀ ਕੇਂਦਰ ਸਰਕਾਰ ਦੇ ਵਿਤਕਰੇ ਸਹਿਣ ਕਰਨੇ ਪਏ ਹਨ। ਉਨ੍ਹਾਂ ਕਿਹਾ ਕਿ ਅਸੀਂ ਇਹ ਵੀ ਚਾਹੁੰਦੇ ਹਾਂ ਕਿ ਬ੍ਰਿਟਿਸ਼ ਹਕੂਮਤ ਇਸ ਕਾਂਡ ਲਈ ਮਾਫੀ ਮੰਗੇ। ਉਹਨਾਂ ਕਿਹਾ ਕਿ ਇਸ ਯਾਦ ਨੂੰ ਤਾਜ਼ੀ ਰੱਖਣ ਲਈ ਇਹ ਮਾਡਲ ਸਾਹਿਬ ਸਿੰਘ ਦੇ ਰਾਹੀਂ ਤਿਆਰ ਕਰਵਾਇਆ ਗਿਆ ਹੈ। ਉਹਨਾਂ ਦੱਸਿਆ ਕਿ ਇਹ ਮਾਡਲ ਡਰਬੀ ਸਿੱਖ ਨੈਸ਼ਨਲ ਮਿਊਜ਼ੀਅਮ ਵਿਚ ਜੂਨ ਦੌਰਾਨ ਰੱਖਿਆ ਜਾਣਾ ਹੈ। ਇਹ ਮਾਡਲ ਬਣਾਉਣ ਲਈ ਦੋ ਸਾਲ ਮਿਹਨਤ ਕਰਨੀ ਪਈ। ਇਸ ਮੌਕੇ ਹਾਜ਼ਰ ਸਾਹਿਬ ਸਿੰਘ ਨੇ ਦੱਸਿਆ ਇਹ ਸਾਰਾ ਮਾਡਲ ਲੱਕੜ ਦਾ ਤਿਆਰ ਕੀਤਾ ਗਿਆ ਹੈ ਤੇ ਬਹੁਤ ਸਾਰੇ ਕੈਮੀਕਲ ਤੇ ਕਲਰ ਯੂਐਸਏ ਦੇ ਤਿਆਰ ਕੀਤੇ ਵਰਤੇ ਗਏ ਹਨ। ਇਸ ਵਿਚ ਸ਼ਹੀਦ ਹੋਈਆਂ ਸਖਸ਼ੀਅਤਾਂ ਨੂੰ ਦਰਸਾਇਆ ਗਿਆ ਹੈ ਅਤੇ ਇਹ ਵੀ ਦਰਸਾਇਆ ਗਿਆ ਹੈ ਕਿ ਜਨਰਲ ਡਾਇਰ ਨੇ ਚਾਰੋਂ ਪਾਸੇ ਗੇਟ ਬੰਦ ਕਰਵਾ ਕੇ ਲੋਕਾਂ ਉੱਪਰ ਕਿਵੇਂ ਗੋਲੀਆਂ ਚਲਵਾਈਆਂ। ਇਸ ਵਿਚ ਢਾਈ ਲੱਖ ਇੱਟ ਹੈਂਡ ਪੇਂਟਿਡ ਲਗਾਈ ਗਈ ਹੈ। ਇਸ ਵਿਚ ਉਸ ਸਮੇਂ ਦੇ ਘਰਾਂ ਦਾ ਸਭਿਆਚਾਰਕ ਦ੍ਰਿਸ਼ ਦਿਖਾਇਆ ਗਿਆ ਹੈ। ਜਲ੍ਹਿਆਂਵਾਲੇ ਬਾਗ ਵਿਚ ਸਮਾਧ ਵੀ ਉਸੇ ਤਰ੍ਹਾਂ ਬਣਾਈ ਗਈ ਹੈ, ਜਿਸ ਤਰ੍ਹਾਂ ਉਸ ਸਮੇਂ ਸੀ। ਖ਼ੂਨੀ ਖੂਹ ਵੀ ਉਸੇ ਤਰ੍ਹਾਂ ਹੈ। ਇਹ ਮਾਡਲ ਜ਼ਲਿਆਂਵਾਲੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਹੈ। ਇਹ ਉਸੇ ਮੁਲਕ ਦੇ ਧਰਤੀ 'ਤੇ ਰੱਖਿਆ ਜਾਵੇਗਾ, ਜਿਸ ਮੁਲਕ ਦੇ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ ਸ਼ਹੀਦ ਕੀਤਾ ਸੀ। ਇਹ ਦੁਨੀਆ ਵਿਚ ਇਕੱਲਾ ਪਹਿਲਾ ਮਾਡਲ ਹੈ, ਜੋ ਨੈਸ਼ਨਲ ਸਿੱਖ ਮਿਊਜ਼ੀਅਮ ਡਰਬੀ ਵਿਚ ਸ਼ੁਸ਼ੋਭਿਤ ਕੀਤਾ ਜਾਣਾ ਹੈ। ਇਸ ਮੌਕੇ ਪ੍ਰੋ. ਬਲਵਿੰਦਰਪਾਲ ਸਿੰਘ, ਕਮਲ ਚਰਨਜੀਤ ਸਿੰਘ ਹੈਪੀ, ਸੰਦੀਪ ਸਿੰਘ ਚਾਵਲਾ, ਹਰਭਜਨ ਸਿੰਘ ਬੈਂਸ, ਮਹਿੰਦਰ ਸਿੰਘ ਚਮਕ, ਹਰਦੇਵ ਸਿੰਘ ਗਰਚਾ, ਦਵਿੰਦਰ ਸਿੰਘ ਅਨੰਦ, ਮਨਜੀਤ ਸਿੰਘ ਦੂਆ, ਮਨਿੰਦਰਜੀਤ ਸਿੰਘ ਦੂਆ, ਸ. ਸੰਤੋਖ ਸਿੰਘ ਦਿੱਲੀ ਪੇਂਟ, ਅਰਵਿੰਦਰਜੀਤ ਸਿੰਘ ਚੱਡਾ, ਗਗਨਦੀਪ ਸਿੰਘ ਪ੍ਰੀਤ ਨਗਰ ਆਦਿ ਹਾਜ਼ਰ ਸਨ।

WHITE HAWK TRUCKING INC
Need Drivers & Owner Operators
Dedicated Load (ਪੱਕੇ ਲੋਡ)
Immediate Payment Option
West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose
Call for more Info:
510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)
2101 MARTIN LUTHER KING JR WAY STOCKTON, CA 95205

*ਝੂਠੇ ਪੁਲੀਸ ਮੁਕਾਬਲੇ ਦੇ ਗਵਾਹਾਂ ਨੂੰ ਧਮਕੀ ਦੇਣ ਦਾ ਮਾਮਲਾ*

## ਸੀਬੀਆਈ ਅਦਾਲਤ ਵੱਲੋਂ ਗੁਰਦਾਸਪੁਰ ਦੇ ਐਸਐਸਪੀ ਨੂੰ ਨੋਟਿਸ

**ਮੋਹਾਲੀ/ਏਟੀ ਨਿਊਜ਼ :**ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ 25 ਸਾਲ ਪੁਰਾਣੇ ਝੂਠੇ ਪੁਲੀਸ ਮੁਕਾਬਲੇ ਦੇ ਮਾਮਲੇ ਵਿੱਚ ਗਵਾਹਾਂ ਨੂੰ ਧਮਕਾਉਣ ਦੇ ਦੋਸ਼ ਵਿੱਚ ਗੁਰਦਾਸਪੁਰ ਦੇ ਐਸਐਸਪੀ ਸਵਰਨਦੀਪ ਸਿੰਘ ਸਮੇਤ ਹੋਰਨਾਂ ਨੂੰ ਨੋਟਿਸ ਜਾਰੀ ਕੀਤਾ ਹੈ। ਜਾਣਕਾਰੀ ਅਨੁਸਾਰ ਗੁਰਦਾਸਪੁਰ ਪੁਲੀਸ ਵੱਲੋਂ ਜਨਵਰੀ 1994 ਵਿੱਚ ਚਾਰ ਨੌਜਵਾਨਾਂ ਨੂੰ ਚੁੱਕ ਕੇ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰਨ ਦਾ ਕੇਸ ਮੁਹਾਲੀ ਦੇ ਵਿਸ਼ੇਸ਼ ਸੀਬੀਆਈ ਦੇ ਜੱਜ ਐਨ ਐਸ ਗਿੱਲ ਦੀ ਅਦਾਲਤ ਵਿੱਚ ਚੱਲ ਰਿਹਾ ਹੈ। ਮੌਜੂਦਾ ਪੁਲੀਸ 'ਤੇ ਗਵਾਹਾਂ ਨੂੰ ਧਮਕਾਉਣ ਅਤੇ ਰਾਜ਼ੀਨਾਮਾ ਕਰਨ ਲਈ ਦਬਾਅ ਪਾਉਣ ਦਾ ਦੋਸ਼ ਹੈ। ਜੱਜ ਨੇ ਗਵਾਹ ਦੇ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਗੁਰਦਾਸਪੁਰ ਦੇ ਐਸਐਸਪੀ ਸਵਰਨਦੀਪ ਸਿੰਘ ਸਮੇਤ ਡੀਐਸਪੀ ਬਲਦੇਵ ਸਿੰਘ, ਸਾਬਕਾ ਇੰਸਪੈਕਟਰ ਸੁਰਿੰਦਰਪਾਲ ਸਿੰਘ ਅਤੇ ਸਾਬਕਾ ਪੁਲੀਸ ਮੁਲਾਜ਼ਮ ਦਲਜੀਤ ਸਿੰਘ ਨੂੰ ਨੋਟਿਸ ਜਾਰੀ ਕਰਕੇ ਆਪਣਾ ਪੱਖ ਰੱਖਣ ਲਈ ਆਖਿਆ ਹੈ। ਗਵਾਹ ਮੁਖਤਿਆਰ ਸਿੰਘ ਨੇ ਅਦਾਲਤ ਨੂੰ ਦੱਸਿਆ ਸੀ ਕਿ ਪੁਲੀਸ ਮਖੀ ਵੱਲੋਂ ਉਸ ਨੂੰ ਆਪਣੀ ਰਿਹਾਇਸ਼ 'ਤੇ ਸੱਦ ਕੇ ਇਸ ਕੇਸ ਵਿੱਚ ਰਾਜ਼ੀਨਾਮਾ ਕਰਨ ਲਈ ਦਬਾਅ ਪਾਇਆ ਗਿਆ ਹੈ। ਸ਼ਿਕਾਇਤਕਰਤਾ ਅਨੁਸਾਰ ਐਸਐਸਪੀ ਵੱਲੋਂ ਇਹ ਕਿਹਾ ਗਿਆ ਹੈ ਕਿ ਉਸ ਦੀ ਇਹ ਜ਼ਿੰਮੇਵਾਰੀ ਡੀਜੀਪੀ ਵੱਲੋਂ ਲਗਾਈ ਗਈ ਹੈ। ਉਸ ਨੇ ਗਵਾਹੀ ਨਾ ਦੇਣ ਤੇ ਝੂਠਾ ਡਾਕਟਰੀ ਮੈਡੀਕਲ ਪੇਸ਼ ਕਰਨ ਲਈ ਦਬਾਅ ਪਾਉਣ ਦਾ ਦੋਸ਼ ਲਾਇਆ। ਦੂਜੇ ਪਾਸੇ ਗੁਰਦਾਸਪੁਰ ਦੇ ਐਸਐਸਪੀ ਸਵਰਨਦੀਪ ਸਿੰਘ ਨੇ ਦੋਸ਼ਾਂ ਨੂੰ ਮਨਘੜਤ ਦੱਸਦਿਆਂ ਕਿਹਾ ਕਿ ਜਦੋਂ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੀ ਨਹੀਂ ਹੈ ਤਾਂ ਫਿਰ ਗਵਾਹ ਨੂੰ ਗਵਾਹੀ ਦੇਣ ਤੋਂ ਰੋਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

## ਚੁਰਾਸੀ ਸਿੱਖ ਕਤਲੇਆਮ ਦੇ ਨੌਂ ਦੋਸ਼ੀ ਬਰੀ

*ਸੁਪਰੀਮ ਕੋਰਟ ਨੇ ਪਲਟਿਆ ਹਾਈਕੋਰਟ ਦਾ ਫੈਸਲਾ*

**ਨਵੀਂ ਦਿੱਲੀ/ਏਟੀ ਨਿਊਜ਼ :** ਸੁਪਰੀਮ ਕੋਰਟ ਨੇ ਸਬੂਤਾਂ ਦੀ ਘਾਟ ਦੱਸਦਿਆਂ ਨਵੰਬਰ 1984 ਸਿੱਖ ਕਤਲੇਆਮ ਦੇ ਨੌਂ ਦੋਸ਼ੀ ਬਰੀ ਕਰ ਦਿੱਤੇ ਹਨ। ਦਿੱਲੀ ਹਾਈਕੋਰਟ ਨੇ ਉਕਤ ਵਿਅਕਤੀਆਂ ਨੂੰ ਤ੍ਰਿਲੋਕਪੁਰੀ ਇਲਾਕੇ ਵਿੱਚ ਅੱਗਜ਼ਨੀ ਕਰਨ ਦਾ ਦੋਸ਼ੀ ਠਹਿਰਾਇਆ ਸੀ, ਪਰ ਹੁਣ ਦੇਸ਼ ਦੀ ਸਿਖਰਲੀ ਅਦਾਲਤ ਨੇ ਇਨ੍ਹਾਂ ਨੂੰ ਬਰੀ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਇਨ੍ਹਾਂ ਵਿਅਕਤੀਆਂ ਖ਼ਿਲਾਫ਼ ਕੋਈ ਸਬੂਤ ਨਹੀਂ ਸੀ। ਚਸ਼ਮਦੀਦਾਂ ਨੇ ਇਨ੍ਹਾਂ ਨੂੰ ਸਿੱਧੇ ਤੌਰ 'ਤੇ ਪਛਾਣਿਆ ਵੀ ਨਹੀਂ। ਸੁਪਰੀਮ ਕੋਰਟ ਤੋਂ ਰਾਹਤ ਪਾਉਣ ਵਾਲੇ ਵਿਅਕਤੀਆਂ ਵਿੱਚ ਗਨੇਸ਼ਨ, ਵੇਦ ਪ੍ਰਕਾਸ਼, ਤਾਰਾ ਚੰਦ, ਸੁਰੇਂਦਰ ਸਿੰਘ (ਕਲਿਆਣਪੁਰੀ), ਹਬੀਬ, ਰਾਮ ਸ਼੍ਰੋਮਣੀ, ਬਰ੍ਹੰਮ ਸਿੰਘ, ਸੁੱਬਾਰ ਸਿੰਘ, ਸੁਰੇਂਦਰ ਮੂਰਤੀ ਦਾ ਨਾਂਅ ਸ਼ਾਮਲ ਹੈ। ਦਿੱਲੀ ਹਾਈਕੋਰਟ ਨੇ ਇਸ ਸਾਲ ਨਵੰਬਰ ਵਿੱਚ ਉਕਤ ਨੌਂ ਜਣਿਆਂ ਦੀ ਸਜ਼ਾ ਬਰਕਰਾਰ ਰੱਖੀ ਸੀ, ਜਿਸ ਮਗਰੋਂ ਸਾਰੇ ਦੋਸ਼ੀ ਸੁਪਰੀਮ ਕੋਰਟ ਚਲੇ ਗਏ ਸਨ। ਹੁਣ ਸੁਪਰੀਮ ਕੋਰਟ ਨੇ ਇਨ੍ਹਾਂ ਨੂੰ ਦੋਸ਼ ਮੁਕਤ ਐਲਾਨਦਿਆਂ ਬਰੀ ਕਰ ਦਿੱਤਾ ਹੈ।

*ਮਾਮਲਾ ਵਿਦਿਆਰਥੀ ਗੁਰਪ੍ਰਤਾਪ ਸਿੰਘ ਨੂੰ ਮਾਰਨ ਦਾ*

# ਝੂਠੇ ਮੁਕਾਬਲੇ 'ਚ ਸਿੱਖ ਨੌਜਵਾਨ ਨੂੰ ਮਾਰਨ ਵਾਲੇ ਪੁਲਸੀਏ ਟੰਗੇ ਗਏ

- **ਪਰਿਵਾਰ ਨੇ ਪੁਲੀਸ ਕੋਲ ਪੇਸ਼ ਕੀਤਾ ਸੀ ਗੁਰਪ੍ਰਤਾਪ ਸਿੰਘ**
- **ਗੁਰਪ੍ਰਤਾਪ ਦਾ ਸਮੁੱਚਾ ਪਰਿਵਾਰ ਚਲਾ ਗਿਆ ਅਮਰੀਕਾ**
- **ਦਾਦਾ ਇਨਸਾਫ਼ ਦੀ ਲੜਾਈ ਲੜਦਿਆਂ ਸੰਸਾਰ ਨੂੰ ਅਲਵਿਦਾ ਕਹਿ ਗਿਆ**



**ਤਰਨਤਾਰਨ/ਏਟੀ ਨਿਊਜ਼ ;** ਸੰਨ 1993 ਵਿਚ 12ਵੀਂ ਜਮਾਤ ਦੇ ਵਿਦਿਆਰਥੀ ਗੁਰਪ੍ਰਤਾਪ ਸਿੰਘ ਨੂੰ ਫ਼ਰਜ਼ੀ ਮੁਕਾਬਲੇ ਵਿਚ ਮਾਰ ਦਿੱਤੇ ਜਾਣ ਦੇ ਮਾਮਲੇ ਵਿਚ ਸੀਬੀਆਈ ਦੀ ਵਿਸੇਸ਼ ਅਦਾਲਤ ਮੋਹਾਲੀ ਵੱਲੋਂ 16 ਪੁਲਿਸ ਮੁਲਾਜ਼ਮਾਂ 'ਤੇ ਦੋਸ਼ ਤੈਅ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਉਂਦਿਆਂ ਹੀ ਪਰਿਵਾਰ ਦੇ ਜ਼ਖ਼ਮ ਮੁੜ ਅੱਲੇ ਹੋ ਗਏ ਹਨ। ਮੁਕਾਬਲੇ ਵਿਚ ਮਾਰੇ ਗਏ ਨਾਬਾਲਗ ਦੇ ਮਾਪੇ ਅਮਰੀਕਾ ਵਿਚ ਰਹਿ ਰਹੇ ਹਨ ਜਦੋਂਕਿ ਇੱਥੇ ਰਹਿੰਦੇ ਦੋ ਚਾਚਿਆਂ ਤੇ ਉਨ੍ਹਾਂ ਦੇ ਹੋਰ ਪਰਿਵਾਰਕ ਮੈਂਬਰਾਂ ਨੇ ਦੋਸ਼ੀਆਂ ਨੂੰ ਫਾਂਸੀ ਦਿੱਤੇ ਜਾਣ ਦੀ ਮੰਗ ਕੀਤੀ ਹੈ। ਤਰਨਤਾਰਨ ਦੇ ਨਾਲ ਲੱਗਦੇ ਪਿੰਡ ਵਲੀਪੁਰ ਨਿਵਾਸੀ ਕੰਵਰਜੀਤ ਸਿੰਘ ਦਾ 17 ਸਾਲਾ ਲੜਕਾ ਗੁਰਪ੍ਰਤਾਪ ਸਿੰਘ ਤਰਨਤਾਰਨ ਦੇ ਗੁਰੂ ਅਰਜਨ ਦੇਵ ਜੀ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਚ 12ਵੀਂ ਜਮਾਤ ਦਾ ਵਿਦਿਆਰਥੀ ਸੀ, ਜਿਸ ਨੂੰ ਥਾਣਾ ਸਿਟੀ ਤਰਨਤਾਰਨ ਦੀ ਪੁਲਿਸ ਨੇ ਅਕਤੂਬਰ 1993 ਵਿਚ ਹਿਰਾਸਤ ਵਿਚ ਲਿਆ ਤੇ ਫਿਰ ਉਸ ਨੂੰ ਸੀਆਈਏ ਸਟਾਫ ਹਵਾਲੇ ਕਰ ਦਿੱਤਾ। ਇਕ ਮਾਮਲੇ ਵਿਚ ਨਾਮਜ਼ਦ ਕੀਤੇ ਗੁਰਪ੍ਰਤਾਪ ਨੂੰ ਬਾਅਦ ਵਿਚ ਬਰਨਾਲਾ ਪੁਲਿਸ ਹਵਾਲੇ ਕਰ ਦਿੱਤਾ ਗਿਆ, ਜਿੱਥੇ ਉਸ ਨੂੰ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ।

ਗੁਰਪ੍ਰਤਾਪ ਸਿੰਘ ਦੇ ਚਾਚਾ ਅਮਰਜੀਤ ਸਿੰਘ, ਜਗਜੀਤ ਸਿੰਘ, ਚਾਚੀ ਬਲਜੀਤ ਕੌਰ ਤੇ ਜਸਪਾਲ ਕੌਰ ਨੇ ਦੱਸਿਆ ਕਿ ਅਕਤੂਬਰ 1993 ਦੀ ਗੱਲ ਹੈ ਜਦੋਂ ਥਾਣਾ ਸਿਟੀ ਤਰਨਤਾਰਨ ਦਾ ਉਸ ਵੇਲੇ ਦਾ ਐੱਸਐੱਚਓ ਉਨ੍ਹਾਂ ਦੇ ਘਰ ਆਇਆ ਤੇ ਗੁਰਪ੍ਰਤਾਪ ਨੂੰ ਪੇਸ਼ ਕਰਨ ਦੀ ਹਦਾਇਤ ਕੀਤੀ, ਉਸ ਸਮੇਂ ਬੱਚਾ ਘਰ ਵਿਚ ਨਹੀਂ ਸੀ। ਅਗਲੇ ਦਿਨ ਉਹ ਤੇ ਉਨ੍ਹਾਂ ਦਾ ਪਰਿਵਾਰ ਪਿੰਡ ਦੇ ਸਰਪੰਚ ਮੁਖਤਾਰ ਸਿੰਘ ਸਮੇਤ ਗੁਰਪ੍ਰਤਾਪ ਸਿੰਘ ਨੂੰ ਥਾਣਾ ਸਿਟੀ ਪੇਸ਼ ਕਰਵਾ ਕੇ ਆਏ। ਉਸ ਤੋਂ ਬਾਅਦ ਉਨ੍ਹਾਂ ਦਾ ਲੜਕਾ ਵਾਪਸ ਨਾ ਮਿਲਿਆ। ਹਾਲਾਂਕਿ ਥਾਣਾ ਸਿਟੀ ਤੋਂ ਬਾਅਦ ਉਸ ਨੂੰ ਸੀਆਈਏ ਸਟਾਫ ਭੇਜ ਦਿੱਤਾ ਗਿਆ। ਅਮਰਜੀਤ ਸਿੰਘ ਨੇ ਦੱਸਿਆ ਕਿ ਸੀਆਈਏ ਸਟਾਫ ਵਿਚ ਇਕ ਵਾਰ ਉਹ ਗੁਰਪ੍ਰਤਾਪ ਨੂੰ ਮਿਲੇ ਵੀ ਸੀ, ਜਿੱਥੇ ਉਸ ਦੀ ਹਾਲਤ ਕਾਫ਼ੀ ਖ਼ਰਾਬ ਸੀ। ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਮੁੰਡੇ ਨੂੰ ਇਕ ਪਿਸਤੌਲ ਬਰਾਮਦਗੀ ਦੇ ਮਾਮਲੇ ਵਿਚ ਨਾਮਜ਼ਦ ਕਰ ਦਿੱਤਾ ਗਿਆ ਤੇ ਬਾਅਦ ਵਿਚ ਬਰਨਾਲਾ ਪੁਲਿਸ ਨੂੰ ਸੌਂਪ ਦਿੱਤਾ, ਜਿੱਥੇ ਨਵੰਬਰ ਮਹੀਨੇ ਵਿਚ ਉਸ ਦਾ ਫਰਜ਼ੀ ਮੁਕਾਬਲਾ ਬਣਾ ਕੇ ਮਾਰ ਦਿੱਤਾ ਗਿਆ। ਅਮਰਜੀਤ ਸਿੰਘ ਨੇ ਦੱਸਿਆ ਕਿ ਗੁਰਪ੍ਰਤਾਪ ਸਿੰਘ ਦਾ ਮਾਮਾ ਪਰਿਵਾਰ ਸਮੇਤ ਅਮਰੀਕਾ ਰਹਿੰਦਾ ਸੀ, ਜਿਸ ਨੇ ਉਨ੍ਹਾਂ ਦੇ ਵੱਡੇ ਭਰਾ ਕੰਵਰਜੀਤ ਸਿੰਘ, ਭਰਜਾਈ ਸੁਖਦੀਪ ਕੌਰ, ਭਤੀਜੇ ਗੁਰਪ੍ਰਤਾਪ ਸਿੰਘ, ਗੁਰਪਾਲ ਸਿੰਘ ਤੇ ਭਤੀਜੀ ਸਰਬਜੀਤ ਕੌਰ ਨੂੰ ਅਮਰੀਕਾ ਲਿਜਾਣ ਸਬੰਧੀ ਫਾਈਲ ਲਗਾਈ ਹੋਈ ਸੀ ਪਰ ਇਸ ਤੋਂ ਪਹਿਲਾਂ ਹੀ ਗੁਰਪ੍ਰਤਾਪ ਸਿੰਘ ਪੁਲਿਸ ਦੀ ਨਜ਼ਰੀਂ ਚੜ੍ਹ ਗਿਆ ਤੇ ਝੂਠੇ ਮੁਕਾਬਲੇ ਵਿਚ ਮਾਰ ਮੁਕਾਇਆ। ਉਨ੍ਹਾਂ ਦੱਸਿਆ ਕਿ ਜੇ ਅਜਿਹਾ ਨਾ ਹੁੰਦਾ ਤਾਂ ਉਹ ਵੀ ਆਪਣੇ ਪਰਿਵਾਰ ਨਾਲ ਅੱਜ ਅਮਰੀਕਾ ਰਹਿੰਦਾ ਹੁੰਦਾ। ਗੁਰਪ੍ਰਤਾਪ ਦਾ ਸਾਰਾ ਪਰਿਵਾਰ ਸੰਨ 1996 ਵਿਚ ਅਮਰੀਕਾ ਚਲਾ ਗਿਆ ਸੀ।

### ਦਾਦਾ ਮਸਤਾਨ ਸਿੰਘ ਨੇ ਇਨਸਾਫ਼ ਲਈ 10 ਸਾਲ ਲੜੀ ਲੜਾਈ

ਪੁਲਿਸ ਵੱਲੋਂ ਹਿਰਾਸਤ ਵਿਚ ਲਏ ਜਾਣ ਤੋਂ ਲੈ ਕੇ ਫਰਜ਼ੀ ਮੁਕਾਬਲੇ ਵਿਚ ਮਾਰ ਦੇਣ ਦਾ ਦਰਦ ਗੁਰਪ੍ਰਤਾਪ ਦੇ ਪਿਤਾ ਕੰਵਰਜੀਤ ਸਿੰਘ, ਮਾਤਾ ਸੁਖਦੀਪ ਕੌਰ ਨੂੰ ਹੀ ਨਹੀਂ ਸਗੋਂ ਉਸ ਦੇ ਦਾਦੇ ਮਸਤਾਨ ਸਿੰਘ ਨੂੰ ਵੀ ਬਹੁਤ ਹੋਇਆ। ਉਨ੍ਹਾਂ ਨੇ ਉਸੇ ਦਿਨ ਤੋਂ ਇਨਸਾਫ਼ ਲੈਣ ਦਾ ਤਹੱਈਆ ਕੀਤਾ ਤੇ ਕਾਨੂੰਨ ਦਾ ਦਰਵਾਜ਼ਾ ਖੜਕਾਇਆ। ਬੁਢਾਪੇ ਵਿਚ ਇਨਸਾਫ਼ ਦੀ ਲੜਾਈ ਲੜਦਿਆਂ-ਲੜਦਿਆਂ ਉਹ ਸੰਨ 2003 ਵਿਚ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates

Kuldeep Singh Kang

Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



When tired of all treatments for any disease at any age Try

HOMEOPATHIC

Experienced Consultant Physician since 1973

American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU

DHMS-Gold Medalist, BAMS, MDEH. - INDIA

Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691

Cell: 408.687.1899

email: homeomedicine@yahoo.com

www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170

'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!

Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.302.0512, 916.340.8100 • Fax 707.425.4260

Email: bsonstravel@yahoo.com

1652 West Texas St. Suite 139, Fairfield, CA 94533

4200 North Boulevard Street No. 1B, Sacramento, CA, 95834

# ਸ਼ਿਕਾਗੋ ਵਿਖੇ ਲੱਗੀਆਂ 'ਰੰਗਲਾ ਪੰਜਾਬ 2019' ਦੀਆਂ ਰੌਣਕਾਂ

## ਪੰਜਾਬੀ ਕਲਚਰਲ ਸੁਸਾਇਟੀ ਨੇ ਸਥਾਪਨਾ ਦੇ 25 ਸਾਲ ਹੋਣ 'ਤੇ ਮਨਾਈ ਸਿਲਵਰ ਜੁਬਲੀ





**ਸ਼ਿਕਾਗੋ/ਏਟੀ ਨਿਊਜ਼ :** ਇਥੋਂ ਦੇ ਚਿਰਾਂ ਤੋਂ ਉਡੀਕੇ ਜਾ ਰਹੇ ਸਾਲ ਦੇ ਸਭ ਤੋਂ ਵੱਧ ਚਰਚਿਤ ਸੱਭਿਆਚਾਰਕ ਪ੍ਰੋਗਰਾਮਾਂ ਵਿਚੋਂ ਇਕ, "ਰੰਗਲਾ ਪੰਜਾਬ 2019", ਦਾ ਆਯੋਜਨ ਪੰਜਾਬੀ ਕਲਚਰਲ ਸੁਸਾਇਟੀ ਵੱਲੋਂ ਕੀਤਾ ਗਿਆ। ਕਾਲਜ ਆਫ ਡੂਪੇਜ, ਸ਼ਿਕਾਗੋ ਦੇ ਸ਼ਹਿਰ ਗਲੇਨ ਏਲਿਨ ਵਿਚ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਇਕੱਠੇ ਹੋਏ ਲੋਕਾਂ ਨੇ ਪੰਜ ਘੰਟੇ ਤਕ ਇਸ ਪ੍ਰੋਗਰਾਮ ਦਾ ਆਨੰਦ ਮਾਣਿਆਂ। ਇਕ ਅੰਦਾਜ਼ੇ ਮੁਤਾਬਿਕ ਇਸ ਪ੍ਰੋਗਰਾਮ ਵਿਚ 1000 ਤੋਂ ਵੱਧ ਲੋਕ ਹਾਜ਼ਰ ਹੋਏ। ਲਗਭਗ 50 ਪੀਸੀਐਸ ਆਯੋਜਕਾਂ ਅਤੇ ਵਲੰਟੀਅਰਾਂ ਨੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਆਪਣਾ ਯੋਗਦਾਨ ਦਿੱਤਾ ਅਤੇ 300 ਪ੍ਰਤੀਯੋਗੀਆਂ ਨੇ 25 ਤੋਂ ਵੱਧ ਐਕਟ ਪੇਸ਼ ਕੀਤੇ। ਇਸ ਤਰ੍ਹਾਂ ਪੰਜਾਬੀ ਕਲਚਰਲ ਸੁਸਾਇਟੀ ਆਫ ਸ਼ਿਕਾਗੋ ਨੇ ਆਪਣੀ 25 ਸਾਲਾਂ ਦੀ ਕਮਿਊਨਿਟੀ ਸੇਵਾ ਦੀ ਸਿਲਵਰ ਜੁਬਲੀ ਦਾ ਜਸ਼ਨ ਮਨਾਇਆ।

ਪੰਜਾਬੀ ਅਮਰੀਕਨਾਂ ਦੀ ਅਗਲੀ ਪੀੜ੍ਹੀ ਵਲੋਂ ਪੇਸ਼ ਕੀਤਾ ਗਿਆ ਇਹ ਇਕ ਯਾਦਗਾਰੀ, ਪਰਿਵਾਰਕ-ਸ਼ੋਅ ਸੀ, ਜਿਸ ਵਿਚ ਪੰਜਾਬੀ ਲੋਕਗੀਤ ਅਤੇ ਸੱਭਿਆਚਾਰਕ ਵੰਨਗੀਆਂ ਦੀ ਇਕ ਲੰਮੀ ਸੂਚੀ ਸ਼ਾਮਲ ਕੀਤੀ ਗਈ। ਸ਼ਿਕਾਗੋਲੈਂਡ ਅਤੇ ਇਸ ਦੇ ਨੇੜਲੇ ਸੂਬਿਆਂ ਵਿਸਕਾਨਸਿਨ ਤੇ ਇੰਡੀਆਨਾ ਤੋਂ ਹਿੱਸਾ ਲੈਣ ਵਾਲੀਆਂ ਟੀਮਾਂ ਨੇ ਇਸ ਮੇਲੇ ਵਿਚ ਭਾਗ ਲਿਆ। ਨੌਜਵਾਨ ਵਲੰਟੀਅਰਾਂ ਤੇ ਕੋਆਰਡੀਨੇਟਰਜ਼ ਨੇ ਪੰਜ ਸਾਲ ਦੀ ਉਮਰ ਦੇ ਬੱਚਿਆਂ, ਜੋ "ਰੰਗਲਾ ਪੰਜਾਬ" ਵਿਚ ਭਾਗ ਲੈ ਰਹੇ ਸਨ, ਨੂੰ ਵਿਸ਼ੇਸ਼ ਤੌਰ 'ਤੇ ਸਿਖਲਾਈ ਦਿੱਤੀ।

ਇਸ ਮੌਕੇ ਪੀਸੀਐਸ ਦੇ ਚੇਅਰਮੈਨ ਗੁਰਦੀਪ ਸਿੰਘ ਨੰਦਰਾ ਨੇ ਕਿਹਾ ਕਿ ਇਹ ਪ੍ਰੋਗਰਾਮ ਜਿਥੇ ਨੌਜਵਾਨਾਂ ਨੂੰ ਆਪਣੀ ਸੱਭਿਆਚਾਰਕ ਪਛਾਣ ਵਿਕਸਿਤ ਕਰਨ ਲਈ ਇੱਕ ਪਲੇਟਫਾਰਮ ਦੇ ਤੌਰ 'ਤੇ ਕੰਮ ਕਰਦਾ ਹੈ, ਉਥੇ ਸਥਾਨਕ ਭਾਈਚਾਰੇ ਦੇ ਲੋਕਾਂ ਮੂਹਰੇ ਆਪਣੀ ਪ੍ਰਤਿਭਾ ਦਿਖਾਉਣ ਦਾ ਕੰਮ ਵੀ ਕਰਦਾ ਹੈ। ਪੀਸੀਐਸ ਪ੍ਰਧਾਨ ਹਰਵਿੰਦਰ ਪਾਲ ਸਿੰਘ ਲਾਇਲ ਨੇ ਕਿਹਾ ਕਿ ਵਿਦੇਸ਼ਾਂ ਤੋਂ ਮਨੋਰੰਜਨ ਕਲਾਵਾਂ ਵਾਸਤੇ ਕਲਾਕਾਰਾਂ ਦੀ ਭਰਤੀ ਕਰਨ ਲਈ ਮੁਕਾਬਲੇ ਕਰਵਾਉਣ ਲਈ ਬਹੁਤ ਜ਼ਿਆਦਾ ਸਮਾਂ, ਧੀਰਜ, ਸਮਰਪਣ ਅਤੇ ਸਖਤ ਮਿਹਨਤ ਦੀ ਲੋੜ ਹੁੰਦੀ ਹੈ। ਲੰਮੇ ਸਮੇਂ ਬਾਅਦ ਸਾਡੀ ਅਗਲੀ ਪੀੜ੍ਹੀ ਵਿਚ ਪੰਜਾਬੀ ਸਭਿਆਚਾਰ ਦੇ ਬੀਜ ਬੀਜਣ ਦੇ ਇਸ ਕੰਮ ਦੇ ਨਤੀਜੇ ਬਹੁਤ ਹੀ ਸਾਰਥਿਕ ਹੋਣਗੇ। ਪੀਸੀਐਸ ਦੇ ਉਪ ਪ੍ਰਧਾਨ ਵਿੱਕ ਸਿੰਘ ਨੇ ਦਰਸ਼ਕਾਂ ਦਾ ਸਵਾਗਤ ਕੀਤਾ। ਸਮਾਗਮ ਦੀ ਸ਼ੁਰੂਆਤ ਪੈਲਾਟਾਈਨ ਦੇ ਗੁਰਮਤਿ ਸਕੂਲ ਦੀ ਸਿੱਖ ਰਿਲੀਜਨਜ਼ ਸੋਸਾਇਟੀ (ਐਸਆਰਐਸ) ਦੇ ਬੱਚਿਆਂ ਦੁਆਰਾ ਸ਼ਬਦ ਗਾਇਨ ਨਾਲ ਕੀਤੀ ਗਈ। ਇਸ ਤੋਂ ਬਾਅਦ ਰੰਗੀਨ ਕੱਪੜਿਆਂ ਵਿਚ ਡਾਂਸ ਅਤੇ ਗਾਣੇ ਵੱਖ-ਵੱਖ ਉਮਰ ਵਰਗਾਂ ਦੇ ਸਥਾਨਕ ਕਲਾਕਾਰ ਬੱਚਿਆਂ ਦੁਆਰਾ ਪੇਸ਼ ਕੀਤੇ ਗਏ। ਪੰਜਾਬੀ ਸੱਭਿਆਚਾਰਕ ਨਾਵਾਂ ਵਾਲੀਆਂ ਭੰਗੜਾ ਤੇ ਗਿੱਧਾ ਟੀਮਾਂ "ਨਵੀਂ ਪਨੀਰੀ", "ਪੰਜਾਬੀ ਮੁਟਿਆਰਾਂ", "ਪੰਜਾਬੀ ਅਕਾਡਮੀ ਸ਼ਿਕਾਗੋ", "ਗੱਭਰੂ ਪੰਜਾਬ ਦੇ", "ਮਿਲਵੌਕੀ ਭੰਗੜਾ", "ਇੰਡੀਆਨਾ ਭੰਗੜਾ" "ਸ਼ੌਂਕਣਾਂ ਸ਼ਿਕਾਗੋ ਦੀਆਂ" ਅਤੇ ਮੋਨਾ ਭੱਲਾ ਵਰਗੇ ਸ਼ਿਕਾਗੋ ਦੇ ਮਸ਼ਹੂਰ ਗਾਇਕਾਂ ਨੇ ਭੰਗੜੇ, ਗਿੱਧੇ ਤੇ ਗੀਤ-ਸੰਗੀਤ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਕੀਤੀਆਂ। ਪੰਜਾਬੀ ਢੋਲ ਦੀ ਧਮਕ ਵਾਲੀ ਬੀਟ ਉਤੇ ਭੰਗੜਾ ਅਤੇ ਗਿੱਧਾ ਰਵਾਇਤੀ ਬੋਲੀਆਂ ਨਾਲ ਪੇਸ਼ ਕੀਤਾ ਗਿਆ। ਇਹ ਪ੍ਰਤੀਤ ਹੁੰਦਾ ਸੀ ਕਿ ਸਾਰੇ ਜਿਵੇਂ ਵਾਪਸ ਪੰਜਾਬ ਦੇ ਪਿੰਡਾਂ, ਤਿਉਹਾਰਾਂ ਅਤੇ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿਚ ਆ ਗਏ ਹੋਣ। ਸਮੁੱਚੇ ਪ੍ਰੋਗਰਾਮ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ, ਜਿਸ ਨੂੰ ਗੁਰਨਾਜ਼ ਕੌਰ ਸੋਹੀ, ਨਵਤੇਜ ਸਿੰਘ ਸੋਹੀ, ਗੁਰੂ ਧਾਲੀਵਾਲ, ਰਸਕੀਰਤ ਸਿੰਘ, ਗੁਰਕਿਰਨ ਕੌਰ ਪਾਲੀਆ, ਮਨਪ੍ਰੀਤ ਕੌਰ ਅਤੇ ਸਿਮਰਨ ਕੌਰ ਭੱਲਾ ਨੇ ਉਤਸ਼ਾਹ ਨਾਲ ਅੱਗੇ ਵਧਾਇਆ। ਪ੍ਰੋਗ੍ਰਾਮ ਵਿਚ ਸਾਰੇ ਟਿਕਟ ਧਾਰਕਾਂ ਲਈ ਇੱਕ ਸੋਨੇ ਦੇ ਸਿੱਕੇ ਦਾ ਰੱਫਲ ਡਰਾਅ ਸ਼ਾਮਲ ਸੀ, ਜੋ ਰੀਗਲ ਜਵੈਲਰਜ਼ ਦੁਆਰਾ ਸਪਾਂਸਰ ਕੀਤਾ ਗਿਆ। ਪੀਸੀਐਸ ਦੇ ਪ੍ਰਧਾਨ ਹਰਵਿੰਦਰ ਪਾਲ ਸਿੰਘ ਲਾਇਲ ਵੱਲੋਂ ਪੀਸੀਐਸ ਬੋਰਡ ਨਾਲ ਜਾਣ ਪਹਿਚਾਣ ਕਰਵਾਈ ਗਈ। ਇਸ ਤੋਂ ਬਾਅਦ ਰਾਜਿੰਦਰ ਸਿੰਘ ਮਾਗੋ ਨੇ ਕਾਂਸੀ, ਸਿਲਵਰ, ਗੋਲਡ, ਪਲੈਟਿਨਮ ਅਤੇ ਗ੍ਰੈਂਡ ਇਨਾਮਾਂ ਦੀ ਘੋਸ਼ਣਾ ਕੀਤੀ। ਪੀਸੀਐਸ ਦੇ ਚੇਅਰਮੈਨ ਗੁਰਦੀਪ ਸਿੰਘ ਨੰਦਰਾ ਦੁਆਰਾ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ। ਪੀਸੀਐਸ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਪਾਲਿਆ ਅਤੇ ਚੇਅਰਮੈਨ ਭੁਪਿੰਦਰ ਸਿੰਘ ਧਾਲੀਵਾਲ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਦਰਸ਼ਨ ਸਿੰਘ ਧਾਲੀਵਾਲ, ਬਲਕ ਪੈਟਰੋਲੀਅਮ ਵਿਸਕੌਨਸਿਨ, ਵਿਸਕੌਨਸਿਨ ਦੇ ਗ੍ਰੈਂਡ ਸਪਾਂਸਰ ਡਾ. ਭੁਪਿੰਦਰ ਸਿੰਘ ਸੈਣੀ ਅਤੇ ਕੈਲੀਫੋਰਨੀਆ ਦੇ ਡਾ. ਨਰਿੰਦਰ ਸਿੰਘ ਗਰੇਵਾਲ ਨੇ ਆਪਣੇ ਵਧਾਈ ਸੰਦੇਸ਼ ਭੇਜੇ ਕਿਉਂਕਿ ਉਹ ਸ਼ਹਿਰ ਤੋਂ ਬਾਹਰ ਹੋਣ ਕਾਰਨ ਇਸ ਪ੍ਰੋਗਰਾਮ ਵਿੱਚ ਸ਼ਾਮਲ ਨਹੀਂ ਹੋ ਸਕੇ ਸਨ। ਇਹ ਸਮਾਗਮ ਹਰਵਿੰਦਰ ਪਾਲ ਸਿੰਘ ਲਾਇਲ, ਵਿਕ ਸਿੰਘ, ਪਰਵਿੰਦਰ ਸਿੰਘ ਨਨੁਆ, ਮਨਜੀਤ ਸਿੰਘ ਭੱਲਾ, ਭੁਪਿੰਦਰ ਸਿੰਘ ਧਾਲੀਵਾਲ, ਗੁਰਲਾਲ ਸਿੰਘ ਭੱਠਲ, ਨਵਤੇਜ ਸਿੰਘ ਸੋਹੀ, ਬਿਕਰਮ ਸਿੰਘ ਸੋਹੀ, ਪਰਮਜੋਤ ਸਿੰਘ ਪਰਮਾਰ, ਸੁਰਿੰਦਰ ਸਿੰਘ ਪਾਲੀਆ, ਰਜਿੰਦਰ ਐਸ. ਮਾਗੋ, ਮਨਜੀਤ ਸਿੰਘ ਗਿੱਲ, ਸੁਖਮੇਲ ਐਸ ਅਟਵਾਲ, ਮੋਹਿੰਦਰਜੀਤ ਸਿੰਘ ਸੈਣੀ, ਓਂਕਾਰ ਐਸ. ਸੰਘਾ, ਜਸਬੀਰ ਸਿੰਘ ਪਾਲੀਆ, ਭਿੰਡਰ ਐਸ.ਪੰਮਾ, ਅਮਰਜੀਤ ਕੇ. ਅਟਵਾਲ, ਬਲਵਿੰਦਰ ਸਿੰਘ ਗਿਰਨ, ਗੁਰਮੀਤ ਸਿੰਘ ਢਿੱਲੋਂ, ਪਰਮਿੰਦਰ ਸਿੰਘ ਘੋਤਰਾ, ਯਾਦਵਿੰਦਰ ਐਸ. ਗਰੇਵਾਲ, ਰਾਜ ਧਾਲੀਵਾਲ, ਰਜਨੀਸ਼ ਨੰਦਰਾ ਅਤੇ ਸਮੂਹ ਵਲੰਟੀਅਰਜ਼ ਦੇ ਸਹਿਯੋਗ ਨਾਲ ਸਫਲਤਾ ਪੂਰਵਕ ਨੇਪਰੇ ਚੜ੍ਹਿਆ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)

• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿੱਖ ਜਥੇਬੰਦੀਆਂ ਨੇ ਕੌਮ ਵਿਚ ਭੰਬਲਭੂਸਾ ਪੈਦਾ ਕਰਨ ਲਈ ਉਲੀਕਿਆ ਪ੍ਰੋਗਰਾਮ 'ਮਸਜਿਦ ਵਿਖੇ ਵੈਸਾਖੀ' ਰੱਦ ਕਰਵਾਇਆ

**ਲੰਡਨ/ਏਟੀ ਨਿਊਜ਼ :**
ਸਿੱਖ ਕੌਮ ਵਿੱਚ ਆਏ ਦਿਨ ਨਵੇਂ ਵਿਵਾਦ, ਨਵੇਂ ਭੰਬਲਭੂਸੇ ਪੈਦਾ ਕੀਤੇ ਜਾ ਰਹੇ ਰਹੇ ਹਨ। ਕੁਝ ਲੋਕਾਂ ਵਲੋਂ ਵੱਖ-ਵੱਖ ਤਰ੍ਹਾਂ ਦੇ ਬੇਤੁਕੇ ਪ੍ਰੋਗਰਾਮ ਉਲੀਕਦਿਆਂ ਸਿੱਖ ਕੌਮ ਨੂੰ ਕੁਰਾਹੇ ਪਾਉਣ ਦੇ ਯਤਨ ਅਰੰਭੇ ਹੋਏ ਹਨ। ਕਿਤੇ ਖਾਲਸਾ ਪੰਥ ਦੇ ਪ੍ਰਗਟ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨਾਂ ਵਿੱਚ ਗਿੱਧੇ-ਭੰਗੜੇ, ਲੱਚਰ ਨਾਚ ਗਾਣਿਆਂ ਦੀਆਂ ਸਟੇਜਾਂ ਲਗਵਾ ਕੇ ਖਾਲਸਾ ਪੰਥ ਦੇ ਅਸਲ ਮਨੋਰਥ ਅਤੇ ਸਿਧਾਂਤ ਨੂੰ ਮਲੀਆਮੇਟ ਕਰਨ ਅਤੇ ਸਿੱਖ ਕੌਮ ਨੂੰ ਆਪਸੀ ਖਾਨਾ-ਜੰਗੀ ਵੱਲ ਧਕੇਲਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਇਸੇ ਤਰ੍ਹਾਂ ਹੀ ਬ੍ਰਮਿੰਘਮ ਦੀ ਸੈਂਟਰਲ ਮਸਜਿਦ ਵਿੱਚ ਕੁਝ ਜਿੰਮੇਵਾਰ ਲੋਕਾਂ ਵਲੋਂ "ਮਸਜਿਦ ਵਿੱਚ ਵੈਸਾਖੀ" ਦੇ ਨਾਮ ਹੇਠ ਪ੍ਰੋਗਰਾਮ ਉਲੀਕਿਆ ਗਿਆ ਸੀ। ਇਸ ਦੀ ਜਾਣ ਬੁੱਝ ਕੇ ਮੀਡੀਆ ਵਿੱਚ ਪਬਲੀਸਿਟੀ ਵੀ ਨਹੀਂ ਕੀਤੀ ਗਈ ਪਰ ਜਿਉਂ ਹੀ ਇਸ ਦੀ ਭਿਣਕ ਨੌਜਵਾਨ ਸਿੱਖ ਜਥੇਬੰਦੀਆਂ ਨੂੰ ਪਈ ਤਾਂ ਉਹ ਤੁਰੰਤ ਹਰਕਤ ਵਿੱਚ ਆ ਗਈਆਂ ਅਤੇ ਇਸ ਪ੍ਰੋਗਰਾਮ ਨੂੰ ਇੱਕ ਦਿਨ ਪਹਿਲਾਂ ਹੀ ਰੱਦ ਕਰਵਾ ਦਿੱਤਾ। ਸਿੱਖ ਯੂਥ ਯੂਕੇ ਦੇ ਭਾਈ ਦੀਪਾ ਸਿੰਘ, ਯੂਨਾਈਟਿਡ ਖਾਲਸਾ ਦਲ ਯੂਕੇ ਦੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਨੈਸ਼ਨਲ ਸਿੱਖ ਯੂਥ ਫੈਡਰੇਸ਼ਨ, ਰਾਜੋਆਣਾ ਟੀਵੀ, ਜਾਗੋਵਾਲਾ ਜਥਾ ਯੂਕੇ ਸਮੇਤ 25 ਸਿੱਖ ਜਥੇਬੰਦੀਆਂ, ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਅਦਾਰਿਆਂ ਵਲੋਂ ਜਾਰੀ ਸਾਂਝੀ ਸਟੇਟਮੈਂਟ ਵਿੱਚ ਕਿਹਾ ਗਿਆ ਕਿ ਗੁਰੂ ਸਾਹਿਬ ਨੇ ਵੈਸਾਖੀ ਵਾਲੇ ਦਿਨ ਖਾਲਸਾ ਪੰਥ ਪ੍ਰਗਟ ਕੀਤਾ ਹੈ। ਇਹ ਦਿਹਾੜਾ ਕੌਮੀ ਅਣਖ, ਗੈਰਤ ਅਤੇ ਸਵੈਮਾਨ ਦਾ ਪ੍ਰਤੀਕ ਹੈ, ਇਸ ਦਿਹਾੜੇ 'ਤੇ ਗੁਰਬਾਣੀ ਕੀਰਤਨ ਦੁਆਰਾ ਸਿੱਖ ਮਾਨਸਿਕਤਾ ਨੂੰ ਰੂਹਾਨੀਅਤ ਨਾਲ ਜੋੜਿਆ ਜਾਂਦਾ ਹੈ, ਉੱਥੇ ਕੌਮ ਵਿੱਚ ਬੀਰ ਰਸ ਪੈਦਾ ਕਰਨ ਲਈ ਢਾਡੀ ਅਤੇ ਕਵੀਸ਼ਰ ਜਥੇ ਸਿੱਖ ਇਤਿਹਾਸ ਨਾਲ ਜੋੜਦੇ ਹਨ। ਇਹ ਦਿਹਾੜਾ ਮਸਜਿਦ ਵਿੱਚ ਮਨਾਉਣ ਦਾ ਕੀ ਮਕਸਦ ਹੈ ? ਇਹ ਸਿੱਖ ਮਰਿਆਦਾ ਦੇ ਪੂਰੀ ਤਰ੍ਹਾਂ ਖਿਲਾਫ ਹੈ। ਇਹੋ ਜਿਹੇ ਪ੍ਰੋਗਰਾਮ ਉਲੀਕਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਸਿੱਖ ਆਗੂਆਂ ਨੇ ਕਿਹਾ ਕਿ ਇੱਕ ਪਾਸੇ ਬਰਤਾਨੀਆ ਵਿੱਚ ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀਆਂ ਵਿੱਚ ਪੜ੍ਹਦੀਆਂ ਸਿੱਖ ਲੜਕੀਆਂ ਨੂੰ ਲੰਬੇ ਸਮੇਂ ਤੋਂ ਕਥਿਤ ਮੁਸਲਮਾਨ ਵਿਅਕਤੀਆਂ ਵਲੋਂ ਵਰਗਾਉਣ, ਉਹਨਾਂ ਦਾ ਧਰਮ ਤਬਦੀਲ ਕਰਨ ਅਤੇ ਉਹਨਾਂ ਦੀ ਜਿੰਦਗੀ ਨੂੰ ਨਰਕ ਬਣਾਉਣ ਦਾ ਗੈਰ ਸਮਾਜਿਕ ਵਰਤਾਰਾ ਲਗਾਤਾਰ ਜਾਰੀ ਹੈ, ਜਿਸ ਨੂੰ ਠੱਲ੍ਹ ਪਾਉਣ ਲਈ ਸਿੱਖ ਨੌਜਵਾਨ ਸਮੇਂ-ਸਮੇਂ ਟੱਕਰ ਲੈਂਦੇ ਆਏ ਹਨ ਅਤੇ ਬਹੁਤ ਕੇਸਾਂ ਵਿੱਚ ਸਿੱਖ ਨੌਜਵਾਨਾਂ ਵਲੋਂ ਦੋਸ਼ੀ ਅਸੱਭਿਅਕ ਕਥਿਤ ਮੁਸਲਮਾਨ ਵਿਅਕਤੀਆਂ ਨੂੰ ਸਬਕ ਸਿਖਾਇਆ ਗਿਆ। ਇਸ ਕਾਰਨ ਕਈ ਸਿੱਖ ਨੌਜਵਾਨਾਂ ਨੂੰ ਅਦਾਲਤੀ ਕੇਸਾਂ ਦਾ ਸਾਹਮਣਾ ਵੀ ਕਰਨਾ ਪਿਆ ਹੈ। ਇਸ ਸਬੰਧੀ ਚਾਰ ਮਹੀਨੇ ਪਹਿਲਾਂ ਸਿੱਖ ਯੂਥ ਯੂਕੇ ਅਤੇ ਸਮਾਰਟ ਟੀਮ ਵਲੋਂ ਬਕਾਇਦਾ ਪ੍ਰੈੱਸ ਕਾਨਫਰੰਸ ਦੌਰਾਨ ਬਹੁਤ ਦਰਦਨਾਕ ਅਤੇ ਚਿੰਤਾਜਨਕ ਰਿਪੋਰਟ ਨੂੰ ਜਨਤਕ ਕੀਤਾ ਗਿਆ ਸੀ, ਜਿਸ ਵਿੱਚ ਸਬੂਤਾਂ ਸਹਿਤ ਦਸਤਾਵੇਜ਼ ਪੇਸ਼ ਕੀਤੇ ਗਏ ਸਨ। 84 ਸਫਿਆਂ ਦੀ ਇਸ ਰਿਪੋਰਟ ਵਿੱਚ ਸੰਨ 1961 ਤੋਂ ਲੈ ਕੇ 2018 (57 ਸਾਲ ) ਤੱਕ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਸੰਸਦ ਮੈਂਬਰ ਸਰਾ ਚੈਂਪੀਅਨ ਨੇ ਇਸ ਰਿਪੋਰਟ ਨੂੰ ਬੇਹੱਦ ਗੰਭੀਰਤਾ ਨਾਲ ਲੈਂਦਿਆਂ ਇਸ ਦੀ ਨਿਰਪੱਖ ਜਾਂਚ ਕਰਵਾਉਣ ਅਤੇ ਦੋਸ਼ੀਆਂ ਨੂੰ ਸਖਤ ਸਜ਼ਾ ਦੇਣ ਦੀ ਅਵਾਜ਼ ਬੁਲੰਦ ਕੀਤੀ ਸੀ ।

## ਨਸਲਵਾਦੀ ਕਾਤਲ ਜੌਹਨ ਨੂੰ ਦਿੱਤੀ ਗਈ ਮੌਤ ਦੀ ਸਜ਼ਾ

**ਵਾਸ਼ਿੰਗਟਨ/ਏਟੀ ਨਿਊਜ਼ :** ਅਮਰੀਕਾ ਚ ਇਕ ਬਦਨਾਮ ਨਸਲੀ ਕਤਲ ਦੇ ਮਾਮਲੇ ਵਿਚ ਦੋਸ਼ੀ ਠਹਿਰਾਏ ਗਏ ਗੋਰੇ ਵਿਅਕਤੀ ਨੂੰ ਟੈਕਸਾਸ ਸ਼ਹਿਰ ਵਿਚ ਜ਼ਹਿਰ ਦਾ ਟੀਕਾ ਲਗਾ ਕੇ ਮੌਤ ਦੀ ਸਜ਼ਾ ਦੇ ਦਿੱਤੀ ਗਈ। ਦੋਸ਼ੀ ਗੋਰੇ ਵਿਅਕਤੀ ਨੇ ਇਕ ਪਿਕਅੱਪ ਟਰੱਕ ਦੇ ਪਿੱਛੇ ਕਾਲੇ ਵਿਅਕਤੀ ਨੂੰ ਬੰਨ੍ਹ ਕੇ ਉਸ ਨੂੰ ਘੜੀਸਿਆ ਸੀ। ਜਾਣਕਾਰੀ ਮੁਤਾਬਕ ਟੈਕਸਾਸ ਦੇ ਹੰਟ੍ਸਵਿਲੇ ਵਿਚ ਟੈਕਸਾਸ ਸਟੇਟ ਪੈਨਿਟੇਂਚਰੀ (ਜੇਲ੍ਹ) ਵਿਚ ਰਾਤ 7.08 ਵਜੇ 44 ਸਾਲ ਦੇ ਕਾਤਲ ਜੌਹਨ ਵਿਲੀਅਮ ਕਿੰਗ ਨੂੰ ਜ਼ਹਿਰ ਦਾ ਟੀਕਾ ਦੇ ਕੇ ਮੌਤ ਦੀ ਨੀਂਦ ਸੁਆ ਦਿੱਤਾ ਗਿਆ। ਕਿੰਗ ਉਨ੍ਹਾਂ ਤਿੰਨ ਗੋਰਿਆਂ ਲੋਕਾਂ ਚ ਸ਼ਾਮਲ ਸੀ ਜਿਨ੍ਹਾਂ ਨੂੰ ਸਾਲ 1998 ਵਿਚ ਜੇਮਸ ਬਰਡ ਜੂਨੀਅਰ ਦੇ ਕਤਲ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ। ਦੋਸ਼ੀ ਜੌਹਨ ਵਿਲੀਅਮ ਕਿੰਗ, ਲਾਰੇਂਸ ਬ੍ਰੇਵਰ ਅਤੇ ਸ਼ਾਨ ਬੇਰੀ ਇਨ੍ਹਾਂ ਤਿੰਨਾਂ ਨੇ ਨਸ਼ੇ ਦੀ ਹਾਲਤ ਵਿਚ 1998 ਵਿਚ ਜੇਮਸ ਬਰਡ ਦਾ ਕਤਲ ਕਰ ਦਿੱਤਾ ਸੀ।

# ਆਸਟ੍ਰੇਲੀਆ ਦੀਆਂ ਜੰਮਪਲ ਬੱਚੀਆਂ ਦਾ ਸਿੱਖੀ ਨਾਲ ਪਿਆਰ



**ਮੈਲਬੌਰਨ :** ਆਸਟ੍ਰੇਲੀਆ ਦੇ ਗੁਰਦੁਆਰਾ ਸਾਹਿਬ ਮੈਲਬੌਰਨ ਵਿਖੇ ਵਿਸਾਖੀ ਦੌਰਾਨ ਆਸਟ੍ਰੇਲੀਆ ਦੀਆਂ ਜੰਮਪਲ ਤਿੰਨ ਬੱਚੀਆਂ। ਇਹ ਬੱਚੀਆਂ ਆਪਣੇ ਮਾਪਿਆਂ ਨਾਲ਼ ਸਮਾਗਮ ਵਿਚ ਸ਼ਾਮਲ ਹੋਈਆਂ। ਤਸਵੀਰ ਵਿਚ ਨਜ਼ਰ ਆ ਰਹੀਆਂ ਖੱਬੇ ਹੱਥ ਵਾਲ਼ੀਆਂ ਦੋਵੇਂ ਸਕੀਆਂ ਭੈਣਾਂ ਪਹਿਲੋਂ ਹੀ ਅੰਮ੍ਰਿਤਧਾਰੀ ਹਨ, ਹੁਣ ਉਨ੍ਹਾਂ ਦੀ ਸਹੇਲੀ, ਸੱਜੇ ਹੱਥ ਖੜ੍ਹੀ ਕਾਲ਼ੇ ਕਮਰਕੱਸੇ ਵਾਲ਼ੀ ਬੇਟੀ ਦਿਲਸ਼ਾਨ ਕੌਰ, ਨੇ ਵੀ ਵਿਸਾਖੀ ਪੁਰਬ ਦਾ ਸਾਰਾ ਇਤਿਹਾਸ ਸੁਣ ਕੇ ਆਪਣਾ ਮਨ 'ਮਨਾਇਆ' ਤੇ ਉੱਥੇ ਹੋ ਰਹੇ ਅੰਮ੍ਰਿਤ-ਸੰਚਾਰ ਦੌਰਾਨ ਅੰਮ੍ਰਿਤਪਾਨ ਕੀਤਾ। ਉੱਚ ਵਿੱਦਿਆ ਪ੍ਰਾਪਤ ਕਰ ਰਹੀ ਇਹ ਬੇਟੀ ਦਿਲਸ਼ਾਨ ਕੌਰ ਜਲੰਧਰ ਲਾਗਲੇ ਪਿੰਡ ਬਸ਼ੇਸ਼ਰਪੁਰ ਦੀ ਪੋਤਰੀ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਹਜ਼ੂਰੀ ਰਾਗੀ ਰਹੇ ਭਾਈ ਮਣਸ਼ਾ ਸਿੰਘ ਦੀ ਪੜਦੋਹਤੀ ਹੈ। ਇਸ ਬੇਟੀ ਦਾ ਵਿਚਾਰ ਹੈ ਕਿ ਗੁਰਪੁਰਬ ਮਨਾਉਣੇ ਤਦ ਹੀ ਸਫਲ ਹਨ ਜੇ ਅਸੀਂ ਖ਼ੁਦ ਨੂੰ 'ਮਨਾਇਆ' ਕਰੀਏ।

ਫੋਟੋ ਤੇ ਵੇਰਵਾ:- ਤਰਲੋਚਨ ਸਿੰਘ 'ਦੁਪਾਲਪੁਰ'(001-408-915-1268)


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਪੋਸਟਲ ਵਿਭਾਗ ਵਲੋਂ ਗੁਰੂ ਘਰ ਸਿੰਘ ਸਭਾ ਮਿਲਪੀਟਸ ਵਿਖੇ ਸਿਖਲਾਈ ਕੈਂਪ

**ਮਿਲਪੀਟਸ/ਏਟੀ ਨਿਊਜ਼ :** ਸਮੂਹ ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂ ਘਰ ਦੇ ਪ੍ਰਬੰਧਕਾਂ ਦੇ ਉੱਦਮ ਸਦਕਾ ਪੋਸਟਲ ਵਿਭਾਗ ਵਲੋਂ ਗੁਰੂ ਘਰ ਸਿੰਘ ਸਭਾ ਮਿਲਪੀਟਸ ਵਿਖੇ 12 ਮਈ, ਦਿਨ ਐਤਵਾਰ ਨੂੰ, ਦੁਪਹਿਰ 2 ਤੋਂ 5 ਵਜੇ ਤਕ ਨੌਕਰੀਆਂ ਦਿਵਾਉਣ ਲਈ ਮੁਫਤ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜੋ ਵੀ ਨੌਜਵਾਨ ਬੱਚੇ ਬੱਚੀਆਂ, ਇਸ ਵਿਭਾਗ ਵਿੱਚ ਨੌਕਰੀ ਕਰਨ ਦੇ ਚਾਹਵਾਨ ਹਨ, ਉਹ ਉਪਰੋਕਤ ਮਿਤੀ ਅਤੇ ਸਮੇਂ ਅਨੁਸਾਰ ਇਸ ਕੈਂਪ ਦਾ ਲਾਹਾ ਲੈ ਸਕਦੇ ਹਨ। ਹੋਰ ਜਾਣਕਾਰੀ ਲਈ ਭਾਈ ਜਸਵੰਤ ਸਿੰਘ ਹੋਠੀ ਫੋਨ ਨੰ. 408-898-7056 ਅਤੇ ਭਾਈ ਕਮਲਜੀਤ ਸਿੰਘ ਫੋਨ ਨੰ. 510-730-5273 'ਤੇ ਸੰਪਰਕ ਕਰ ਸਕਦੇ ਹੋ।

# ਮਸ਼ਹੂਰ ਸਾਰੰਗੀ ਮਾਸਟਰ ਭਾਈ ਕਰਮ ਸਿੰਘ ਲੰਗੜੋਆ ਨਹੀਂ ਰਹੇ

**ਸੈਨਹੋਜ਼ੇ/ਤਰਲੋਚਨ ਸਿੰਘ ਦੁਪਾਲਪੁਰ :** ਸਵਰਗੀ ਗਿਆਨੀ ਦਇਆ ਸਿੰਘ ਦਿਲਬਰ ਨਵਾਂਸ਼ਹਿਰ ਵਾਲਿਆਂ ਦੇ ਢਾਡੀ ਜਥੇ ਨਾਲ ਪਰਵੰਜਾ ਸਾਲ ਸਾਰੰਗੀ 'ਤੇ ਸਾਥ ਦੇਣ ਵਾਲੇ ਪ੍ਰਸਿੱਧ ਸਾਰੰਗੀ ਵਾਦਕ ਭਾਈ ਕਰਮ ਸਿੰਘ ਲੰਗੜੋਆ ਅਕਾਲ ਚਲਾਣਾ ਕਰ ਗਏ ਹਨ। ਦਿਲਬਰ ਜੀ ਦੇ ਸਪੁੱਤਰ ਗਿਆਨੀ ਕੁਲਜੀਤ ਸਿੰਘ ਦਿਲਬਰ ਜੋ ਕਿ ਜਥੇ ਸਮੇਤ ਅਮਰੀਕਾ ਪਹੁੰਚੇ ਹੋਏ ਹਨ, ਨੇ ਭਰੇ ਮਨ ਨਾਲ ਦੱਸਿਆ ਕਿ ਪਿਤਾ ਜੀ ਦਿਲਬਰ ਸਾਹਿਬ ਦੇ ਅਸਲ ਜਥੇ ਦੇ ਮੈਂਬਰਾਂ ਵਿੱਚੋਂ ਇਹੋ ਭਾਈ ਲੰਗੜੋਆ ਹੀ ਜੀਵਤ ਸਨ। ਸੋ ਹੁਣ ਉਹ ਵੀ ਸਦੀਵੀ



ਵਿਛੋੜਾ ਦੇ ਗਏ ਹਨ। ਕਈ ਵਰ੍ਹਿਆਂ ਤੋਂ ਭਾਈ ਲੰਗੜੋਆ ਅਮਰੀਕਾ ਦੇ ਨਿਊਜਰਸੀ ਸਟੇਟ ਵਿਚਲੇ ਕਾਰਟ੍ਰੇਟ ਸ਼ਹਿਰ ਵਿਖੇ ਆਪਣੇ ਪੁੱਤਰ ਦੇ ਪਰਿਵਾਰ ਨਾਲ ਜੀਵਨ ਗੁਜ਼ਾਰ ਰਹੇ ਸਨ। 90 ਸਾਲ ਦੀ ਉਮਰ ਨੂੰ ਪਹੁੰਚੇ ਉਹ ਸਰੀਰਕ ਕਮਜ਼ੋਰੀ ਕਾਰਨ ਪਿਛਲੇ ਇਕ ਸਾਲ ਤੋਂ ਵੀਲ੍ਹ ਚੇਅਰ 'ਤੇ ਹੀ ਸਨ। ਸਾਰੰਗੀ ਵਾਦਨ ਦੀ ਕਲਾ ਵਿਚ ਉਹ ਇੰਨੇ ਨਿਪੁੰਨ ਸਨ ਕਿ ਤਮਾਮ ਢਾਡੀ ਭਾਈ ਲੰਗੜੋਆ ਦਾ ਲੋਹਾ ਮੰਨਦੇ ਸਨ। ਪਰਿਵਾਰਕ ਸੂਤਰਾਂ ਅਨੁਸਾਰ ਮ੍ਰਿਤਕ ਸਰੀਰ ਦਾ ਅੰਤਿਮ ਸੰਸਕਾਰ 4 ਮਈ ਦਿਨ ਸ਼ਨੀਵਾਰ ਨੂੰ Rosehill Crematory 792 East Edgar Road Linden NJ 07036 ਵਿਖੇ ਬਾਅਦ ਦੁਪਹਿਰ 12:30 ਵਜੇ ਕੀਤਾ ਜਾਵੇਗਾ। ਉਸ ਤੋਂ ਬਾਅਦ ਅੰਤਿਮ ਅਰਦਾਸ ਅਤੇ ਕੀਰਤਨ ਗੁਰਦੁਆਰਾ ਸਿੰਘ ਸਭਾ ਰੈਡਿੰਗ ਵਿਖੇ ਦੋ ਤੋਂ ਚਾਰ ਵਜੇ ਤਕ ਹੋਵੇਗਾ।

# ਜਾਗੋ ਪੰਜਾਬੀਓ, ਆਪਣੇ ਭਵਿੱਖ ਲਈ ਜਾਗੋ

**ਪ੍ਰੋ. ਬਲਵਿੰਦਰਪਾਲ ਸਿੰਘ**
(9815700916)



ਪੰਜਾਬ ਵਿੱਚ ਫਿਲਹਾਲ ਵੋਟਾਂ ਤਿੰਨ-ਚਾਰ ਮੁੱਦਿਆਂ ਦੇ ਆਧਾਰ 'ਤੇ ਹੀ ਮੰਗੀਆਂ ਜਾ ਰਹੀਆਂ। ਕਾਂਗਰਸ ਨੂੰ ਬੇਅਦਬੀ, ਗੋਲੀਕਾਂਡ, ਡੇਰਾ ਮੁਖੀ ਨੂੰ ਮਾਫ਼ੀ ਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਤਬਾਦਲੇ ਦਾ ਮੁੱਦਾ ਫਿੱਟ ਬੈਠਦਾ ਹੈ। ਅਕਾਲੀਆਂ ਨੂੰ ਲੋਕਾਂ ਨੂੰ ਰੁਜ਼ਗਾਰ, ਪੰਜਾਬੀ ਯੂਥ ਦਾ ਪਰਵਾਸ, ਹਸਪਤਾਲਾਂ ਦੀ ਲੁੱਟ, ਸਿੱਖਿਆ ਖੇਤਰ ਵਿੱਚ ਡਾਵਾਂਡੋਲ ਸਥਿਤੀ, ਗ਼ਰੀਬਾਂ ਨੂੰ ਸਸਤੇ ਭਾਅ ਸਿੱਖਿਆ ਤੇ ਬਿਮਾਰਾਂ ਨੂੰ ਮੁਫ਼ਤ ਵਿੱਚ ਚੰਗਾ ਇਲਾਜ, ਕਿਸਾਨਾਂ ਦੀਆਂ ਜਿਣਸਾਂ ਦੇ ਠੀਕ-ਠਾਕ ਭਾਅ ਜਾਂ ਕਿਸਾਨ ਖ਼ੁਦਕੁਸ਼ੀਆਂ, ਵਾਤਾਵਰਣ ਦੇ ਮੁੱਦੇ ਚੰਗੇ ਲਗਦੇ ਹਨ। ਵੋਟਾਂ ਮੰਗਣ ਲਈ ਝੂਠ ਤੇ ਛਲ ਕਪਟ ਦਾ ਸਹਾਰਾ ਲਿਆ ਜਾਂਦਾ ਹੈ। ਵੋਟਰਾਂ ਨੂੰ ਭਰਮਾਉਣ ਲਈ ਪੈਸੇ ਵੰਡੇ ਜਾਂਦੇ ਹਨ। ਭੁੱਕੀਆਂ, ਸ਼ਰਾਬਾਂ ਤੇ ਹੋਰ ਹਰ ਪ੍ਰਕਾਰ ਦੇ ਨਸ਼ੇ ਵਰਤਾਏ ਜਾਂਦੇ ਹਨ। ਲੁਟੇਰੇ ਸਿਆਸਤਦਾਨਾਂ ਦੇ ਘਰ ਦੇ ਜੀਆਂ ਸਮੇਤ ਸਭ ਦੀ ਅੰਤਾਂ ਦੀ ਬੇਨਾਮੀ ਜਾਇਦਾਦ ਹੋ ਜਾਂਦੀ ਹੈ। ਇਹੀ ਉਨ੍ਹਾਂ ਦਾ ਅਸਲ ਉਦੇਸ਼ ਹੁੰਦਾ ਹੈ। ਅੱਜ ਪ੍ਰੱਗਿਆ ਠਾਕੁਰ ਬੜੀ ਵੱਡੀ ਦੇਸ਼-ਭਗਤ ਬਣ ਰਹੀ ਹੈ। ਆਰਐਸਐਸ ਭਾਰਤ ਦੇ ਸੰਵਿਧਾਨ ਨੂੰ ਉਲਟ ਕੇ ਹਿੰਦੂ ਰਾਸ਼ਟਰ ਦੀ ਸਥਾਪਨਾ ਦੀ ਗੱਲ ਕਰਦੀ ਹੈ। ਵੰਨਸੁਵੰਨੇ ਸਭਿਆਚਾਰਾਂ, ਦਲਿਤਾਂ ਤੇ ਘੱਟ ਗਿਣਤੀ ਕੌਮਾਂ ਨੂੰ ਅੰਨੇ ਰਾਸ਼ਟਰਵਾਦ ਅਧੀਨ ਲਿਤਾੜਿਆ ਜਾ ਰਿਹਾ। ਅਫਸਰਾਂ ਕਾਲੇ ਕਨੂੰਨ ਦਲਿਤਾਂ ਤੇ ਘਟਗਿਣਤੀ ਕੌਮਾਂ ਤੇ ਵਿਰੋਧੀਆਂ ਲਈ ਵਰਤਕੇ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ। ਪ੍ਰੱਗਿਆ ਠਾਕੁਰ ਨੂੰ ਭਾਜਪਾ ਉਮੀਦਵਾਰ ਬਣਾਉਣਾ ਵਿਰੋਧੀਆਂ ਨੂੰ ਚਿਤਾਵਨੀ ਹੈ ਕਿ ਸਾਡੇ ਕੋਲ ਇਹ ਲੋਕ ਹਨ। ਬੋਲੋਗੇ ਤਾਂ ਤੁੰਨ ਦਿਤੇ ਜਾਵੋਗੇ। ਜੇ ਅਸੀਂ ਜਾਤਾਂ ਧਰਮਾਂ ਦੀਆਂ ਨਫਰਤਾਂ ਵਿਚ ਵੰਡੇ ਰਹੇ ਤਾਂ ਅਸੀ ਜੰਗਲ ਸਮਾਜ ਤੇ ਰਾਜਨੀਤੀ ਸਿਰਜਣਾ ਵਿਚ ਹਿੱਸਾ ਪਾ ਰਹੇ ਹੋਵਾਂਗੇ। ਜਾਗੋ ਪੰਜਾਬੀਓ ਜਾਗੋ, ਆਪਣੇ ਭਵਿੱਖ ਲਈ ਜਾਗੋ। ਚੋਣ ਮੈਨੀਫੈਸਟੋ ਨੂੰ ਵਿਧਾਨਕ ਦਸਤਾਵੇਜ਼ ਬਣਾਉਣ ਲਈ ਅਵਾਜ਼ ਬੁਲੰਦ ਕਰੋ। ਸਾਡੀ ਮੰਗ ਇਹ ਹੋਵੇ ਕਿ ਜੋ ਵਾਅਦੇ ਮੈਨੀਫੈਸਟੋ ਵਿਚ ਪਾਰਟੀ ਕਰੇ ਤੇ ਸੱਤਾ ਵਿਚ ਆਉਣ ਉਪਰੰਤ ਉਹ ਪੂਰੇ ਨਹੀਂ ਕਰਦੀ ਤਾਂ ਉਸ ਉੱਪਰ ਅਦਾਲਤ ਵਿਚ ਕੇਸ ਦਰਜ ਹੋਵੇ। ਇਸ ਬਾਰੇ ਕਰੜੀ ਮੁਹਿੰਮ ਚਲਾਉਣ ਦੀ ਲੋੜ ਹੈ।

## ਗੁਰਸਿੱਖ ਪਰਿਵਾਰ 'ਤੇ ਹਮਲਾ, ਕਕਾਰਾਂ ਦੀ ਬੇਅਦਬੀ

**ਲੁਧਿਆਣਾ/ਏਟੀ ਨਿਊਜ਼ :**
ਕੋਟ ਮੰਗਲ ਸਿੰਘ ਇਲਾਕੇ ਵਿਚ ਕੁਝ ਲੋਕਾਂ ਨੇ ਇੱਕ ਪਰਿਵਾਰ 'ਤੇ ਹਮਲਾ ਕਰ ਦਿੱਤਾ। ਪਰਿਵਾਰ ਨੇ ਕਾਂਗਰਸੀ ਕੌਂਸਲਰ ਦੇ ਪੁੱਤਰ ਤੇ ਲੁਧਿਆਣਾ ਜੇਲ ਦੇ ਏਐਸਆਈ 'ਤੇ ਇਲਜ਼ਾਮ ਲਾਏ ਹਨ। ਇਸ ਪੂਰੀ ਘਟਨਾ ਦਾ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਇਆ ਹੈ। ਪੀੜਤ ਪਰਿਵਾਰ ਦੇ ਮੈਂਬਰ ਗੁਰਸਿੱਖ ਹਨ। ਉਨ੍ਹਾਂ ਇਲਜ਼ਾਮ ਲਾਏ ਹਨ ਕਿ ਉਨ੍ਹਾਂ ਦੇ ਕਕਾਰਾਂ ਦੀ ਬੇਅਦਬੀ ਕੀਤੀ ਗਈ। ਪਰਿਵਾਰ ਮੁਤਾਬਕ ਉਹ ਪੁਲਿਸ ਕਮਿਸ਼ਨਰ ਨੂੰ ਮਿਲ ਚੁੱਕੇ ਹਨ ਪਰ ਮੁਲਜ਼ਮਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਕਿਉਂਕਿ ਮੁਲਜ਼ਮ ਖ਼ੁਦ ਪੁਲਿਸ ਅਧਿਕਾਰੀ ਹੈ।
ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸੈਂਟਰਲ ਜੇਲ ਲੁਧਿਆਣਾ ਦੇ ਏਐਸਆਈ ਨੇ ਪਹਿਲਾਂ ਉਨ੍ਹਾਂ ਦੇ ਘਰ ਹਮਲਾ ਕੀਤਾ ਤੇ ਗਾਲ੍ਹਾਂ ਕੱਢੀਆਂ। ਫਿਰ ਆਪਣਾ ਸਰਵਿਸ ਰਿਵਾਲਵਰ ਕੱਢ ਕੇ ਵੀ ਉਨ੍ਹਾਂ ਨੂੰ ਧਮਕੀ ਦਿੱਤੀ। ਬਾਅਦ ਵਿੱਚ ਉਸ ਨੇ ਆਪਣੇ ਕੁਝ ਸਾਥੀਆਂ ਨੂੰ ਕਾਰ ਵਿੱਚੋਂ ਸੱਦ ਲਿਆ ਤੇ ਉਨ੍ਹਾਂ ਦੇ ਪਰਿਵਾਰ 'ਤੇ ਹਮਲਾ ਕਰਨ ਨੂੰ ਕਿਹਾ। ਇਸ ਵਿੱਚ ਪਰਿਵਾਰਕ ਮੈਂਬਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਪਰਿਵਾਰ ਦੀ ਬਜ਼ੁਰਗ ਮਹਿਲਾ ਜਸਵੀਰ ਕੌਰ ਨੇ ਇਨਸਾਫ ਦੀ ਮੰਗ ਕੀਤੀ ਹੈ।
ਦੱਸ ਦੇਈਏ ਕਿ ਕੁਝ ਸਾਲ ਪਹਿਲਾਂ ਕੁਝ ਨੌਜਵਾਨਾਂ ਨੇ ਇਸੇ ਪਰਿਵਾਰ ਦੇ ਇੱਕ ਮੈਂਬਰ ਦਾ ਕਤਲ ਕਰ ਦਿੱਤਾ ਸੀ। ਇਹ ਪੂਰਾ ਵਿਵਾਦ ਇਲਾਕੇ ਵਿਚ ਹੀ ਬਣੇ ਕਮਿਊਨਿਟੀ ਸੈਂਟਰ ਨੂੰ ਲੈ ਕੇ ਹੋਇਆ ਹੈ। ਇਸ ਨੂੰ ਮੁਹੱਲਾ ਵਾਸੀ ਇਹ ਕਹਿ ਕੇ ਬੰਦ ਕਰਵਾ ਚੁੱਕੇ ਹਨ ਕਿ ਉੱਥੇ ਸ਼ਰਾਬ ਪੀ ਕੇ ਹੁੱਲੜਬਾਜ਼ੀ ਕੀਤੀ ਜਾਂਦੀ ਹੈ ਜਦੋਂਕਿ ਦੂਜੀ ਧਿਰ ਵੱਲੋਂ ਉਸ ਨੂੰ ਚਲਾਉਣ ਲਈ ਇਸ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਗਿਆ।

*ਮਾਮਲਾ ਪਾਦਰੀ ਦੇ ਘਰ ਡਾਕੇ ਦਾ*

## ਐਸਐਸਪੀ ਸ਼ੱਕ ਦੇ ਘੇਰੇ ਵਿਚ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਦੇ ਚੋਣ ਅਧਿਕਾਰੀਆਂ ਵੱਲੋਂ ਜਲੰਧਰ ਦੇ ਪਾਦਰੀ ਦੀ ਗੁੰਮ ਕਰੋੜਾਂ ਰੁਪਏ ਦੀ ਪੂੰਜੀ ਦੇ ਮਾਮਲੇ ਵਿੱਚ ਖੰਨਾ ਦੇ ਐਸਐਸਪੀ ਧਰੁਵ ਦਹੀਆ ਵੱਲੋਂ ਨਿਗਰਾਨ ਅਧਿਕਾਰੀ ਵਜੋਂ ਨਿਭਾਈ ਗਈ ਭੂਮਿਕਾ ਨੂੰ ਸ਼ੱਕੀ ਮੰਨਿਆ ਹੈ। ਸੂਤਰਾਂ ਮੁਤਾਬਕ ਰਾਜ ਸਰਕਾਰ ਤੋਂ ਰਿਪੋਰਟ ਮਿਲਣ ਮਗਰੋਂ ਇਹ ਮਾਮਲਾ ਚੋਣ ਕਮਿਸ਼ਨ ਦੇ ਹਵਾਲੇ ਕਰ ਦਿੱਤਾ ਗਿਆ ਹੈ ਤੇ ਹੁਣ ਉਸ ਵੱਲੋਂ ਹੀ ਜ਼ਿਲ੍ਹਾ ਪੁਲੀਸ ਮੁਖੀ ਦੇ ਮਾਮਲੇ ਵਿੱਚ ਕੋਈ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਚੋਣ ਅਧਿਕਾਰੀਆਂ ਨੇ ਕਿਹਾ ਕਿ ਕਮਿਸ਼ਨ ਵੱਲੋਂ ਜ਼ਿਲ੍ਹਾ ਪੁਲੀਸ ਮੁਖੀ ਦਾ ਤਬਾਦਲਾ ਕੀਤੇ ਜਾਣ ਦੇ ਆਸਾਰ ਹਨ। ਚੋਣ ਅਧਿਕਾਰੀਆਂ ਮੁਤਾਬਕ ਪਾਦਰੀ ਦੇ ਘਰੋਂ ਪੈਸਾ ਚੁੱਕਣ ਦੇ ਮਾਮਲੇ ਵਿੱਚ ਖੰਨਾ ਦੇ ਐਸਐਸਪੀ ਵੱਲੋਂ ਪਹਿਲਾਂ ਪ੍ਰੈੱਸ ਕਾਨਫਰੰਸ ਕਰਕੇ ਗਲਤ ਤੱਥ ਦੇਣ ਅਤੇ ਫਿਰ 'ਡਾਕੇ' ਦਾ ਮਾਮਲਾ ਦਰਜ ਕਰਨ ਨਾਲ ਉਸ ਦੀ ਨਿਗਰਾਨ ਅਧਿਕਾਰੀ (ਸੁਪਰਵਾਈਜ਼ਰੀ ਰੋਲ) ਦੀ ਭੂਮਿਕਾ ਸ਼ੱਕੀ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਪੁਲੀਸ ਅਧਿਕਾਰੀਆਂ ਵੱਲੋਂ ਇਸ ਸਾਰੇ ਮਾਮਲੇ 'ਤੇ ਥਾਣੇਦਾਰਾਂ ਸਿਰ ਹੀ ਜ਼ਿੰਮੇਵਾਰੀ ਪਾਈ ਜਾ ਰਹੀ ਹੈ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁਖ਼ਬਰਾਂ ਤੇ ਥਾਣੇਦਾਰਾਂ ਨੇ ਜ਼ਿਲ੍ਹਾ ਪੁਲੀਸ ਮੁਖੀ ਅਤੇ ਹੋਰਨਾਂ ਅਫ਼ਸਰਾਂ ਨੂੰ ਗੁੰਮਰਾਹ ਕੀਤਾ ਹੈ। ਸੂਤਰਾਂ ਨੇ ਦੱਸਿਆ ਕਿ ਇੰਟੈਲੀਜੈਂਸ ਵਿੰਗ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਇਸ ਮੁੱਦੇ 'ਤੇ ਜੋ ਜਾਣਕਾਰੀ ਸਾਂਝੀ ਕੀਤੀ ਗਈ ਹੈ, ਉਸ ਮੁਤਾਬਕ ਪਾਦਰੀ ਦੇ ਘਰੋਂ ਪੈਸੇ ਗੁੰਮ ਕਰਨ ਦੇ ਮਾਮਲੇ ਵਿੱਚ ਸੀਨੀਅਰ ਅਧਿਕਾਰੀਆਂ ਦੁਆਲੇ ਵੀ ਸ਼ੱਕ ਦੀ ਸੂਈ ਘੁੰਮ ਰਹੀ ਹੈ। ਪੁਲੀਸ ਅਧਿਕਾਰੀਆਂ ਵੱਲੋਂ ਮੁੱਖ ਮੰਤਰੀ ਨੂੰ ਹਾਲ ਦੀ ਘੜੀ 'ਜਾਂਚ ਜਾਰੀ ਹੈ' ਦਾ ਹਵਾਲਾ ਦੇ ਕੇ ਮਾਮਲੇ ਨੂੰ ਠੰਢਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸੂਤਰਾਂ ਮੁਤਾਬਕ ਸਰਕਾਰ ਅਤੇ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਇਸ ਮਾਮਲੇ ਨੂੰ ਸੰਸਦੀ ਚੋਣਾਂ ਦਾ ਅਮਲ ਮੁਕੰਮਲ ਹੋਣ ਤੱਕ ਲਮਕਾਉਣ ਦੀ ਰਣਨੀਤੀ ਵੀ ਅਪਣਾਈ ਜਾ ਰਹੀ ਹੈ ਤਾਂ ਜੋ ਚੋਣ ਕਮਿਸ਼ਨ ਦਾ ਦਖ਼ਲ ਖ਼ਤਮ ਹੋਣ ਤੋਂ ਬਾਅਦ ਹੀ ਸਰਗਰਮੀ ਦਿਖਾਈ ਜਾਵੇ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਚੋਣ ਕਮਿਸ਼ਨ ਦਾ ਦਖ਼ਲ ਖ਼ਤਮ ਹੋਣ ਤੋਂ ਬਾਅਦ ਮੁੱਦੇ 'ਤੇ ਮਿੱਟੀ ਪਾਉਣੀ ਜ਼ਿਆਦਾ ਸੁਖਾਲੀ ਹੋ ਜਾਂਦੀ ਹੈ। ਡੀਜੀਪੀ ਨੇ ਮਾਮਲੇ ਦੀ ਜਾਂਚ ਲਈ ਆਈਜੀ ਰੈਂਕ ਦੇ ਅਧਿਕਾਰੀ ਪਰਵੀਨ ਕੁਮਾਰ ਸਿਨਹਾ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਬਣਾਈ ਸੀ ਪਰ ਸਿਟ ਦੀ ਤਫ਼ਤੀਸ਼ ਅਜੇ ਤੱਕ ਤਣ-ਪੱਤਣ ਨਹੀਂ ਲੱਗ ਸਕੀ ਹੈ। ਪਾਦਰੀ ਦੀ ਪੂੰਜੀ ਗੁੰਮ ਕਰਨ ਦੇ ਦੋਸ਼ਾਂ ਵਿਚ ਘਿਰੇ ਥਾਣੇਦਾਰ ਵੀ ਗ੍ਰਿਫ਼ਤਾਰ ਨਹੀਂ ਹੋ ਸਕੇ ਹਨ। ਸਿਟ ਨਾਲ ਜੁੜੇ ਪੁਲੀਸ ਅਧਿਕਾਰੀ ਦਾ ਕਹਿਣਾ ਹੈ ਕਿ ਦੋਹਾਂ ਥਾਣੇਦਾਰਾਂ ਜੋਗਿੰਦਰ ਸਿੰਘ ਅਤੇ ਰਾਜਪ੍ਰੀਤ ਸਿੰਘ ਦੇ ਪਾਸਪੋਰਟ ਸਿਟ ਨੇ ਕਬਜ਼ੇ ਵਿਚ ਲੈ ਲਏ ਹਨ। ਪੁਲੀਸ ਅਧਿਕਾਰੀਆਂ ਮੁਤਾਬਕ ਥਾਣੇਦਾਰਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੀ ਪਾਦਰੀ ਦੇ ਘਰੋਂ ਚੁੱਕੇ ਪੈਸੇ ਗੁੰਮ ਕਰਨ ਦਾ ਅਸਲ ਭੇਤ ਉਜਾਗਰ ਹੋਵੇਗਾ।

# ਪੰਜਾਬੀ ਸਾਹਿਤ ਸਿਰਜਣਾ ਤੇ ਸੋਸ਼ਲ ਮਾਧਿਅਮਾਂ ਦਾ ਪ੍ਰਯੋਗ

**ਮਨਮੋਹਨ**

ਅੱਜ ਦਾ ਯੁੱਗ ਸੂਚਨਾ ਤਕਨੀਕ ਦਾ ਯੁੱਗ ਹੈ। ਬੰਦੇ ਦੇ ਵਸਤੂ ਯਥਾਰਥ ਜਗਤ ਦੇ ਬਰ-ਅਕਸ ਆਭਾਸੀ ਯਥਾਰਥ ਦਾ ਜਗਤ ਉੱਸਰਦਾ ਦਿਖਾਈ ਦੇ ਰਿਹਾ ਹੈ। ਫੇਸ ਬੁੱਕ, ਵਟਸਐਪ ਤੇ ਹੋਰ ਸੋਸ਼ਲ ਮੀਡੀਆ ਦ੍ਰਿਸ਼ਾਂ ਦੇ ਆਭਾਸੀ ਜਗਤ ਦਾ ਲਗਾਤਾਰ ਪਸਰਦਾ ਪਾਸਾਰ ਬੰਦੇ ਦੀ ਸੋਚ, ਸਮਝ, ਵਿਚਾਰ, ਪ੍ਰਤੱਖਣ ਅਤੇ ਪ੍ਰਗਟਾਵੇ ਨੂੰ ਨਵੇਂ ਅਯਾਮ/ਨਵੀਂ ਸਪੇਸ ਬਖ਼ਸ਼ ਰਿਹਾ ਹੈ। ਬੰਦੇ ਦੀ ਦਿਨਚਰਿਆ ਦਾ ਬਹੁਤਾ ਸਮਾਂ ਇਸ ਆਭਾਸੀ ਜਗਤ ਦੀ ਪਰਿਕਰਮਾ ਵਿਚ ਹੀ ਗੁਜ਼ਰਦਾ ਹੈ। ਉੱਠਦਿਆਂ-ਬੈਠਦਿਆਂ, ਤੁਰਦਿਆਂ-ਫਿਰਦਿਆਂ, ਖਾਂਦਿਆਂ-ਪੀਂਦਿਆਂ, ਸੁੱਤਿਆਂ-ਜਾਗਦਿਆਂ ਬੰਦਾ ਸਾਰਾ ਸਮਾਂ ਇਸ ਆਭਾਸੀਪਨ ਦਾ ਸ਼ਿਕਾਰ ਹੈ। ਅਜਿਹੇ ਦ੍ਰਿਸ਼ ਵਿਚ ਹਰ ਤਰ੍ਹਾਂ ਦੇ ਵੱਡੇ ਸਰੋਕਾਰਾਂ ਦੀ ਗ਼ੈਰਹਾਜ਼ਰੀ ਚਿੰਤਾ/ਚਿੰਤਨ ਦਾ ਵਿਸ਼ਾ ਹੈ।
ਪੰਜਾਬੀ ਬੰਦੇ ਦਾ ਸੁਭਾਅ ਹੈ ਕਿ ਉਹ ਹਰ ਨਵੇਂਪਨ ਨੂੰ ਬੜੀ ਸ਼ਿੱਦਤ ਨਾਲ ਸਵੀਕਾਰ ਕਰਦਾ ਹੈ। ਉਸਦੇ ਅੰਦਰ ਇਕ ਕਾਹਲ਼ ਤੇ ਦੌੜ ਲਗਾਤਾਰ ਲੱਗੀ ਰਹਿੰਦੀ ਹੈ। ਪੰਜਾਬੀ ਬੰਦੇ ਨੇ ਜਿਸ ਮਾਧਿਅਮ ਨੂੰ ਵੀ ਅਪਣਾਇਆ ਹੈ ਉਸ ਨੂੰ 'ਅਤਿ' ਤੱਕ ਪਹੁੰਚਿਆ ਹੈ। ਚਾਹੇ ਉਹ ਪਰਵਾਸ ਦਾ ਵਿਸ਼ਾ ਹੈ ਜਾਂ ਪ੍ਰਦੂਸ਼ਣ ਦਾ, ਧਰਤੀ ਹੇਠਲੇ ਪਾਣੀਆਂ ਦਾ ਵਿਸ਼ਾ ਹੋਵੇ ਜਾਂ ਦਰਿਆਈ ਪਾਣੀਆਂ ਦਾ, ਕਰਜ਼ੇ ਦਾ ਵਿਸ਼ਾ ਹੈ ਜਾਂ ਖ਼ੁਦਕਸ਼ੀਆਂ ਦਾ, ਹਿੰਸਾ ਦਾ ਵਿਸ਼ਾ ਹੈ ਜਾਂ ਨਸ਼ਿਆਂ ਦਾ, ਧਰਮ ਦਾ ਵਿਸ਼ਾ ਹੈ ਜਾਂ ਰਾਜਨੀਤੀ ਦਾ, ਪੰਜਾਬੀ ਬੰਦੇ ਨੇ ਸਾਰੇ ਹੱਦਾਂ ਬੰਨੇ ਟੱਪਣ ਤੋਂ ਪਰਹੇਜ਼ ਨਹੀਂ ਕੀਤਾ ਹੈ। ਮਨੋਵਿਗਿਆਨਕ ਅਧਿਐਨਾਂ ਅਨੁਸਾਰ ਪੰਜਾਬੀ ਬੰਦਾ ਭਾਵੁਕ ਕੋਰਟੈਕਸ ਤੋਂ ਵੱਧ ਤੇ ਵਿਵੇਕੀ ਕੋਰਟੈਕਸ ਤੋਂ ਘੱਟ ਕੰਮ ਲੈਂਦਾ ਹੈ। ਇਸ ਪ੍ਰਸੰਗ ਵਿਚ ਪੰਜਾਬੀ ਬੰਦੇ ਦਾ ਇਸ ਨਵੇਂ ਸੂਚਨਾ ਤੰਤਰ ਦੇ ਵੈਭਵ ਦਾ ਸਹਿਜੇ ਹੀ ਸ਼ਿਕਾਰ ਹੋ ਜਾਣਾ ਹੈਰਾਨੀ ਦਾ ਵਿਸ਼ਾ ਨਹੀਂ।
ਪੰਜਾਬੀ ਬੰਦੇ ਵਾਂਗ ਪੰਜਾਬੀ ਸਾਹਿਤ ਸਿਰਜਣਾ ਦਾ ਸੰਸਾਰ ਵੀ ਇਸ ਆਭਾਸੀ ਜਗਤ ਦੇ ਪ੍ਰਭਾਵ ਤੋਂ ਨਿਰਲੇਪ ਨਹੀਂ। ਅੱਜ ਪੰਜਾਬੀ ਲੇਖਕ ਇਨ੍ਹਾਂ ਮਾਧਿਅਮਾਂ ਰਾਹੀਂ ਆਪਣੀਆਂ ਲਿਖਤਾਂ ਦਾ ਪ੍ਰਦਰਸ਼ਨ ਬੜੀ ਤੀਬਰਤਾ ਅਤੇ ਤੇਜ਼ੀ ਨਾਲ ਕਰ ਰਹੇ ਨੇ। ਪੰਜਾਬੀ ਲੇਖਕ ਤੇ ਲੇਖਨ ਪੰਜਾਬੀ ਬੰਦੇ ਵਾਂਗ ਪਹਿਲਾਂ ਹੀ ਇਕ ਤਰ੍ਹਾਂ ਦੀ ਕਾਹਲ਼ ਤੇ ਨਿਰਚੱਲਤਾ ਦਾ ਸ਼ਿਕਾਰ ਹੈ। ਇਨ੍ਹਾਂ ਮਾਧਿਅਮਾਂ ਦੀ ਤੇਜ਼ ਰਫ਼ਤਾਰੀ ਨੇ ਇਸ ਆਪੋਧਾਪੀ ਵਿਚ ਅਪਾਰ ਵਾਧਾ ਕਰ ਦਿੱਤਾ ਹੈ। ਪੰਜਾਬੀ ਲੇਖਕ ਤਰੁੰਤ ਕਵਿਤਾ ਲਿਖਦਾ ਹੈ, ਫੇਸ ਬੁੱਕ 'ਤੇ ਪਾਉਂਦਾ ਹੈ, ਪ੍ਰਸ਼ੰਸਾ ਹਥਿਆਉਂਦਾ ਹੈ ਤੇ ਆਪੇ ਹੀ ਖ਼ੁਸ਼ ਹੋ ਜਾਂਦਾ ਹੈ। ਮਨੋ-ਮਾਨਵਵਿਗਿਆਨ ਦੀ ਭਾਸ਼ਾ ਵਿਚ ਇਸ ਨੂੰ 'ਨਾਰਸਿਜ਼ਮ' ਕਹਿੰਦੇ ਹਨ।
ਸਿਰਜਣਾ ਜਗਤ ਵਿਚ ਜਦੋਂ ਵੀ ਕੋਈ ਨਵਾਂ ਮਾਧਿਅਮ ਆਉਂਦਾ ਹੈ ਉਹ ਆਪਣੇ ਨਾਲ ਨਵੇਂ ਮਿਜ਼ਾਜ ਤੇ ਅੰਦਾਜ਼ ਵੀ ਲੈ ਕੇ ਆਉਂਦਾ ਹੈ। ਇਸ ਨਾਲ ਪਾਠਕ-ਲੇਖਕ ਦੇ ਸਬੰਧਾਂ ਦਾ ਵੀ ਕਾਇਆਂਤਰਣ ਹੁੰਦਾ ਹੈ। ਪੁਰਾਣੇ ਸਾਹਿਤਕ ਸਬੰਧਾਂ ਦੀ ਥਾਂ ਨਵੇਂ ਸਬੰਧਾਂ ਨੂੰ ਸਪੇਸ ਮਿਲਦੀ ਹੈ। ਇਨ੍ਹਾਂ ਸੋਸ਼ਲ ਮਾਧਿਅਮਾਂ ਵਿਚ ਅਜਿਹੇ ਲੇਖਕਾਂ ਦੀ ਵੱਡੀ ਤਾਦਾਦ ਦਿਖਾਈ ਦੇ ਰਹੀ ਹੈ ਜਿਨ੍ਹਾਂ ਨੂੰ ਇਨ੍ਹਾਂ ਮਾਧਿਅਮਾਂ ਰਾਹੀਂ ਹੀ ਲਿਖਣ ਦੇ ਮੌਕੇ ਮਿਲ ਰਹੇ ਹਨ ਤੇ ਪ੍ਰਕਾਸ਼ਿਤ ਹੋਣ ਦੀ ਸਪੇਸ ਮਿਲ ਰਹੀ ਹੈ। ਪਰ ਕੀ ਇਸ ਲੇਖਣ ਦੀ ਕੋਈ ਸਿਰਜਣਾਤਮਕ ਜਾਂ ਰਚਨਾਤਮਕ ਪ੍ਰਤਿਮਾਣਕਤਾ ਵੀ ਹੈ, ਇਹ ਸੋਚਣ ਦਾ ਵਿਸ਼ਾ ਹੈ!
ਅੱਜ ਪੰਜਾਬੀ ਸਾਹਿਤ ਸਿਰਜਣਾ ਦੇ ਜਗਤ ਵਿਚ ਜਿੱਥੇ ਤਤਫੱਟਤਾ, ਤੁਰੰਤਤਾ ਤੇ ਅਗੰਭੀਰ ਭਾਵੁਕ ਪ੍ਰਤਿਕਿਰਿਆ ਦਾ ਅਜੀਬ (ਗਰੀਬ ਵੀ) ਦ੍ਰਿਸ਼ ਦਿਖਾਈ ਦੇ ਰਿਹਾ ਹੈ, ਉੱਥੇ ਆਤਮਪ੍ਰਚਾਰ ਤੇ ਆਤਮਮੁਗਧਤਾ ਦੀ 'ਅਤਿ' ਦੇ ਵੀ ਬੜੇ ਵਿਰਾਟ ਦਰਸ਼ਨ ਹੁੰਦੇ ਹਨ। ਪੰਜਾਬੀ ਲੇਖਕ ਆਪਣੀਆਂ ਰਚਨਾਵਾਂ ਅਤੇ ਤਸਵੀਰਾਂ ਆਪ ਹੀ ਛਾਪ-ਛਾਪ ਕੇ ਤੇ ਦੂਜੇ ਲੇਖਕਾਂ ਵੱਲੋਂ ਪਸੰਦ ਹੋ ਕੇ ਆਪਣੇ ਆਪ ਵਿਚ ਆਪ ਹੀ ਖ਼ੁਸ਼ ਹੋਈ ਜਾ ਰਹੇ ਨੇ। ਵੱਡੀ ਗੱਲ ਇਹ ਹੈ ਕਿ ਇਸ ਤਰ੍ਹਾਂ ਦਾ ਲੇਖਣ ਅਲਪਕਾਲੀ ਹੁੰਦਾ ਹੈ। ਅਜਿਹੀਆਂ ਲਿਖਤਾਂ ਦੀ ਉਮਰ ਇਕ ਦਿਨ ਤੋਂ ਵੱਧ ਨਹੀਂ ਹੁੰਦੀ। ਇਹ ਇਕ ਭਾਵੁਕ ਉਬਾਲ ਦੀ ਤਰ੍ਹਾਂ ਹੁੰਦੀਆਂ ਹਨ। ਇਸ ਵਿਚ ਗਹਿਨਤਾ ਤੇ ਗੰਭੀਰਤਾ ਦਾ ਅਭਾਵ ਹੁੰਦਾ ਹੈ। ਇਸ ਵਿਚ ਦੀਰਘਤਾ ਤੇ ਸਾਰਵਭੌਮਿਕਤਾ ਗ਼ੈਰਹਾਜ਼ਿਰ ਹੁੰਦੀ ਹੈ।
ਇਨ੍ਹਾਂ ਸੋਸ਼ਲ ਮਾਧਿਅਮਾਂ ਦੇ ਇਸ ਤਰ੍ਹਾਂ ਦੇ ਆਵਾਰੌਣ ਪ੍ਰਯੋਗ ਨੇ ਨਾ ਸਿਰਫ਼ ਸਿਰਜਣਕਾਰੀ ਦੀ ਗੰਭੀਰਤਾ ਨੂੰ ਢਾਹ ਲਾਈ ਹੈ ਸਗੋਂ ਸਾਹਿਤ ਦੀ ਪਰਖ ਅਤੇ ਪਛਾਣ ਨੂੰ ਵੀ ਪੇਤਲਿਆਂ ਕੀਤਾ ਹੈ। ਜਿਨ੍ਹਾਂ ਲੇਖਕਾਂ ਕੋਲ ਪਾਠਕੀ ਸਪੇਸ ਦੀ ਘਾਟ ਸੀ ਉਨ੍ਹਾਂ ਨੂੰ ਇਨ੍ਹਾਂ ਮਾਧਿਅਮਾਂ ਨੇ ਤੱਤਫਟ ਸਪੇਸ ਪ੍ਰਦਾਨ ਕਰ ਦਿੱਤੀ। ਇਸ ਸਪੇਸ ਵਿਚ ਪ੍ਰਗਟਾਵੇ ਦੀ ਬੜੀ ਆਜ਼ਾਦੀ ਹੈ। ਸਾਹਿਤਕਾਰ ਕਿਸੇ ਵੀ ਵਿਚਾਰ ਤੇ ਵਿਸ਼ੇ ਨੂੰ ਕਿਸੇ ਵੀ ਵਿਧਾ ਜਾਂ ਭਾਸ਼ਾ ਵਿਚ ਪੇਸ਼ ਕਰ ਸਕਦਾ ਹੈ। ਇਸ ਪੇਸ਼ਕਾਰੀ ਵਿਚ ਸਿਰਜਣ-ਕਾਲ ਤੇ ਪਾਠਕੀ ਪ੍ਰਤੀਕਰਮ-ਕਾਲ ਦੀ ਵਿੱਥ ਖ਼ਤਮ ਹੋ ਜਾਂਦੀ ਹੈ। ਇਸ ਸਪੇਸ ਦੀ ਆਜ਼ਾਦੀ ਵਿਚ ਏਨੀ ਖੁੱਲ੍ਹ ਹੈ ਕਿ ਲੇਖਕ ਇਸ ਆਜ਼ਾਦੀ ਦਾ ਗ਼ੁਲਾਮ ਬਣਦਾ ਜਾ ਰਿਹਾ ਹੈ। ਅੱਜ ਪੰਜਾਬੀ ਜਗਤ ਵਿਚ ਕਈ ਫੇਸ ਬੁੱਕ ਤੇ ਵਟਸਐਪ ਗਰੁਪ ਆਪਣੀ ਹਾਜ਼ਰੀ ਲਵਾ ਰਹੇ ਨੇ। ਲੇਖਕਾਂ ਦੇ ਅਲੱਗ ਅਲੱਗ ਧੜੇ ਹਨ, ਜੋ ਇਕ ਦੂਜੇ ਦੀ ਰਚਨਾ, ਫੋਟੋ, ਟਿੱਪਣੀ ਆਪ ਹੀ ਛਾਪਦੇ ਹਨ ਤੇ ਆਪ ਹੀ ਪੜ੍ਹਦੇ ਹਨ। ਇਕ ਦੂਜੇ ਦੀਆਂ ਅਲਪ ਉਪਲਬਧੀਆਂ 'ਤੇ ਮੁਬਾਰਕਾਂ ਲੈਂਦੇ/ਦਿੰਦੇ ਹਨ। ਇਕ ਦੂਜੇ ਦੀ ਪ੍ਰਸ਼ੰਸਾ ਕਰਕੇ ਸੰਤੁਸ਼ਟ ਹੋ ਜਾਂਦੇ ਹਨ। ਸੰਤੁਸ਼ਟੀ ਦੀ ਇਹ ਪ੍ਰਵਿਰਤੀ ਆਦਿਮਾਨਵੀ ਤੇ ਇੰਦਰਿਅਕ ਹੈ। ਇਸ ਵਿਚ ਗਿਆਨਾਤਮਕਤਾ ਦੀ ਪੁੱਠ ਨਹੀਂ ਹੁੰਦੀ।
ਫੇਸ ਬੁੱਕ ਤੇ ਵਟਸਐਪ ਜਿਹੇ ਮਾਧਿਅਮਾਂ ਨੇ ਲੇਖਣ/ਰਚਨਾਕਾਰੀ ਤੋਂ ਵੱਧ ਆਲੋਚਨਾ ਦੀ ਵਿਧਾ ਅਤੇ ਦ੍ਰਿਸ਼ ਨੂੰ ਨਾਕਾਰਾਤਮਕ ਰੂਪ ਵਿਚ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਦਾ ਨਤੀਜਾ ਇਹ ਹੈ ਕਿ ਚੰਗੀ ਰਚਨਾ ਅਤੇ ਬੁਰੀ ਰਚਨਾ ਦਾ ਕੋਈ ਫ਼ਰਕ ਨਹੀਂ ਰਹਿ ਗਿਆ। ਵਧੀਆ ਜਾਂ ਘਟੀਆ ਲਿਖਤ ਵਿਚ ਅੰਤਰ ਗ਼ਾਇਬ ਹੈ। ਪੰਜਾਬੀ ਆਲੋਚਨਾ ਜਦੋਂ ਕਿ ਪਹਿਲਾਂ ਹੀ ਆਪਣੀ ਵਿਚਾਰਕ, ਵਿਵੇਚਨੀ ਤੇ ਵਿਸ਼ਲੇਸ਼ਣੀ ਪ੍ਰਤਿਭਾ ਤੋਂ ਵਿਰਵੀ ਹੁੰਦੀ ਜਾ ਰਹੀ ਹੈ ਉਦੋਂ ਇਸ ਤਰ੍ਹਾਂ ਦੇ ਸੋਸ਼ਲ ਮਾਧਿਅਮ ਕੀ ਇਸ ਵਿਚ ਕੋਈ ਗਿਆਨਾਤਮਕ ਵਾਧਾ ਕਰਨਗੇ, ਵਿਚਾਰਣ ਦੀ ਲੋੜ ਹੈ!
ਕੋਈ ਜ਼ਮਾਨਾ ਸੀ ਜਦੋਂ ਲੇਖਕ ਕੋਈ ਲਿਖਤ ਲਿਖਣ ਤੋਂ ਬਾਅਦ ਉਸ ਨਾਲ ਲੰਬਾ ਸਮਾਂ ਦੋ-ਚਾਰ/ਰੂ-ਬ-ਰੂ ਰਹਿਣ ਤੋਂ ਮਗਰੋਂ ਕਿਸੇ ਥਾਂ ਛਪਣ ਹਿੱਤ ਭੇਜਦਾ ਸੀ। ਪਾਠਕ ਵੀ ਉਸਨੂੰ ਪੜ੍ਹਨ ਤੋਂ ਬਾਅਦ ਸੋਚ ਵਿਚਾਰ ਕੇ ਆਪਣਾ ਪਾਠਕੀ ਪ੍ਰਤੀਕਰਮ 'ਚਿੱਠੀ' ਰਾਹੀਂ ਦਿੰਦਾ ਸੀ। ਜਿਸ ਵਿਚ ਪਸੰਦਗੀ ਜਾਂ ਨਾਪਸੰਦਗੀ ਦਾ ਕੋਈ ਨਾ ਕੋਈ ਤਰਕ-ਵਿਤਰਕ ਜ਼ਰੂਰ ਹੁੰਦਾ। ਇਹ ਸਾਹਿਤ ਦੀ ਬੜੀ ਸਹਿਜ/ਮੁੱਢਲੀ ਆਲੋਚਨਾ ਪੱਧਤੀ ਸੀ। ਇਹ ਹੀ ਸਾਹਿਤ ਦੀ ਗੰਭੀਰ ਆਲੋਚਨਾ ਜਾਂ ਵਿਸ਼ਲੇਸ਼ਣ ਦਾ

ਬਾਕੀ ਸਫ਼ਾ 33 'ਤੇ




## 'ਆਪ' ਉਮੀਦਵਾਰ ਨਰਿੰਦਰ ਸਿੰਘ ਸ਼ੇਰਗਿੱਲ ਦੇ ਕਾਗਜ਼ ਰੱਦ



**ਸ੍ਰੀ ਅਨੰਦਪੁਰ ਸਾਹਿਬ/ਏਟੀ ਨਿਊਜ਼ :** ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਨਰਿੰਦਰ ਸਿੰਘ ਸ਼ੇਰਗਿੱਲ ਦੇ ਨਾਮਜ਼ਦਗੀ ਪੱਤਰ ਅਯੋਗ ਕਰਾਰ ਦੇ ਦਿੱਤੇ ਗਏ ਹਨ। ਦਰਅਸਲ ਉਨਾਂ ਮੁਹਾਲੀ ਤੋਂ ਪਿਛਲੀ ਵਾਰ ਵਿਧਾਨ ਸਭਾ ਚੋਣ ਲੜੀ ਸੀ ਪਰ ਹਾਰ ਗਏ ਸੀ। ਚੋਣਾਂ ਹਾਰਨ ਮਗਰੋਂ ਉਨਾਂ ਚੋਣ ਕਮਿਸ਼ਨ ਕੋਲ ਆਪਣੇ ਖ਼ਰਚਿਆਂ ਵਾਲਾ ਖ਼ਾਤਾ ਜਮਾ ਨਹੀਂ ਕਰਵਾਇਆ ਸੀ। ਇਸ 'ਤੇ ਕਾਰਵਾਈ ਕਰਦਿਆਂ ਚੋਣ ਕਮਿਸ਼ਨ ਨੇ ਉਨਾਂ ਨੂੰ ਅਯੋਗ ਕਰਾਰ ਦੇ ਦਿੱਤਾ ਹੈ।

*ਮਾਮਲਾ ਚੋਣ ਜ਼ਾਬਤੇ ਦੀ ਵਾਰ-ਵਾਰ ਉਲੰਘਣਾ ਦਾ*

## ਮੋਦੀ ਅਤੇ ਸ਼ਾਹ ਖ਼ਿਲਾਫ਼ ਅਦਾਲਤ 'ਚ ਜਾਏਗੀ ਕਾਂਗਰਸ



**ਨਵੀਂ ਦਿੱਲੀ/ਏਟੀ ਨਿਊਜ਼ :** ਕਾਂਗਰਸ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਵੱਲੋਂ ਚੋਣ ਜ਼ਾਬਤੇ ਦੀ ਵਾਰ ਵਾਰ ਉਲੰਘਣਾ ਕਰਨ 'ਤੇ ਉਨ੍ਹਾਂ ਖ਼ਿਲਾਫ ਕਾਰਵਾਈ ਲਈ ਅਦਾਲਤਾਂ ਕੋਲ ਪਹੁੰਚ ਕਰ ਸਕਦੀ ਹੈ। ਸੀਨੀਅਰ ਕਾਂਗਰਸ ਆਗੂ ਅਭਿਸ਼ੇਕ ਮਨੂ ਸਿੰਘਵੀ ਨੇ ਦੋਸ਼ ਲਾਇਆ ਕਿ ਦੋਵੇਂ ਆਗੂਆਂ ਨੇ ਚੋਣਾਂ ਦੌਰਾਨ ਸਾਰੀਆਂ ਪਾਰਟੀਆਂ ਨੂੰ ਇਕੋ ਜਿਹੇ ਮੌਕੇ ਪ੍ਰਦਾਨ ਕਰਨ ਦੇ ਮੁੱਦੇ 'ਤੇ ਧੋਖਾ ਦਿੱਤਾ ਹੈ। ਉਨ੍ਹਾਂ 'ਵੱਡੇ ਥਾਣੇਦਾਰ' ਚੋਣ ਕਮਿਸ਼ਨ ਦੀ ਖਾਮੋਸ਼ੀ 'ਤੇ ਵੀ ਸਵਾਲ ਉਠਾਏ।

## ਬਠਿੰਡਾ 'ਚ ਅਕਾਲੀ ਦਲ ਨੂੰ ਘੇਰਨ ਲਈ ਖ਼ਾਲਸਾਈ ਮਾਰਚ ਦਾ ਐਲਾਨ

**ਚੰਡੀਗੜ੍ਹ/ਏਟੀ ਨਿਊਜ਼ :** ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਲਈ ਸਭ ਤੋਂ ਵੱਡੀ ਪ੍ਰੇਸ਼ਾਨੀ ਬੇਅਦਬੀ ਤੇ ਗੋਲੀ ਕਾਂਡ ਬਣ ਗਿਆ ਹੈ। ਅਕਾਲੀ ਦਲ ਨੂੰ ਘੇਰਨ ਲਈ ਸਿੱਖ ਜਥੇਬੰਦੀਆਂ ਬਠਿੰਡਾ, ਫਿਰੋਜ਼ਪੁਰ ਤੇ ਫਰੀਦਕੋਟ ਵਿਚ ਸਰਗਰਮ ਹੋ ਗਈਆਂ ਹਨ। ਬਠਿੰਡਾ ਵਿਚ ਅਕਾਲੀ ਉਮੀਦਵਾਰ ਹਰਸਿਮਰਤ ਬਾਦਲ ਦਾ ਕਈ ਥਾਈਂ ਕਾਲੀਆਂ ਝੰਡੀਆਂ ਨਾਲ ਵਿਰੋਧ ਕੀਤਾ ਗਿਆ।

ਹੁਣ ਜੇਲ੍ਹ ਵਿਚ ਬੰਦ ਸ੍ਰੀ ਅਕਾਲ ਤਖਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਵੱਲੋਂ ਬਣਾਈ ਗਈ 12 ਮੈਂਬਰੀ ਕਮੇਟੀ ਨੇ ਚੋਣਾਂ ਤੋਂ ਪਹਿਲਾਂ 12 ਮਈ ਨੂੰ ਬਠਿੰਡਾ ਹਲਕੇ ਵਿਚ ਬੇਅਦਬੀ ਤੇ ਬਰਗਾੜੀ ਮੁੱਦਿਆਂ 'ਤੇ ਖ਼ਾਲਸਾਈ ਮਾਰਚ ਕੱਢਣ ਦਾ ਐਲਾਨ ਕੀਤਾ ਹੈ। ਕਮੇਟੀ ਮੈਂਬਰ ਪ੍ਰੋ. ਬਲਜਿੰਦਰ ਸਿੰਘ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿਚ 12 ਮਈ ਨੂੰ ਬਠਿੰਡਾ ਦੇ ਗੁਰਦੁਆਰਾ ਗੁਰੂਸਰ ਤੋਂ ਬਠਿੰਡਾ ਦੀਆਂ ਸੜਕਾਂ 'ਤੇ ਖ਼ਾਲਸਈ ਮਾਰਚ ਕੱਢਿਆ ਜਾਵੇਗਾ। ਮਾਰਚ ਵਿਚ ਸ਼ਾਮਲ ਵਿਅਕਤੀ ਬਸੰਤੀ ਰੰਗ ਦੀਆਂ ਦਸਤਾਰਾਂ ਸਜਾਉਣਗੇ ਤੇ ਖ਼ਾਲਸਈ ਝੰਡੇ ਲੈ ਕੇ ਚੱਲਣਗੇ। ਇਸ ਮਾਰਚ ਵਿਚ ਬਰਗਾੜੀ ਇਨਸਾਫ਼ ਮੋਰਚੇ ਦੀਆਂ ਮੰਗਾਂ ਤੇ ਬਾਦਲ ਪਰਿਵਾਰ ਦਾ ਕੱਚਾ ਚਿੱਠਾ ਲੋਕਾਂ ਸਾਹਮਣੇ ਖੋਲ੍ਹਿਆ ਜਾਵੇਗਾ। ਕਮੇਟੀ ਮੈਂਬਰਾਂ ਨੇ ਕਿਹਾ ਕਿ ਪੰਜਾਬ ਸਰਕਾਰ ਬਰਗਾੜੀ ਮੋਰਚੇ ਦੇ ਮੰਚ ਤੋਂ ਕੀਤੇ ਗਏ ਵਾਅਦੇ ਤੋਂ ਮੁੱਕਰ ਚੁੱਕੀ ਹੈ। ਸਰਕਾਰ ਨੇ ਨਾ ਤਾਂ ਸਜ਼ਾ ਪੂਰੀ ਕਰ ਚੁੱਕੇ ਸਿੱਖਾਂ ਦੀ ਰਿਹਾਈ ਕੀਤੀ ਹੈ ਤੇ ਨਾ ਹੀ ਪੰਜਾਬ ਤੋਂ ਬਾਹਰ ਦੇ ਸੂਬਿਆਂ ਦੀਆਂ ਜੇਲ੍ਹਾਂ ਵਿਚ ਬੰਦ ਸਿੱਖਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਬਦੀਲ ਕੀਤਾ ਹੈ।

ਬਹਿਬਲ ਕਲਾਂ ਗੋਲੀ ਕਾਂਡ ਦੇ ਮੁਲਜ਼ਮਾਂ ਨੂੰ ਅਜੇ ਤਕ ਕਟਹਿਰੇ ਵਿਚ ਖੜ੍ਹਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੁਲੀਸ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀਆਂ ਜ਼ਮਾਨਤਾਂ ਹੋ ਰਹੀਆਂ ਹਨ। ਉਨ੍ਹਾਂ ਨੇ ਪੰਥਕ ਜਥੇਬੰਦੀਆਂ, ਬੁੱਧੀਜੀਵੀਆਂ ਤੇ ਨਿਆਂ ਪਸੰਦ ਲੋਕਾਂ ਨੂੰ 12 ਮਈ ਦੇ ਮਾਰਚ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।

## 928 ਉਮੀਦਵਾਰਾਂ 'ਚੋਂ 210 ਖ਼ਿਲਾਫ਼ ਹਨ ਅਪਰਾਧਕ ਮਾਮਲੇ

**ਨਵੀਂ ਦਿੱਲੀ/ਏਟੀ ਨਿਊਜ਼ :** ਐਸੋਸੀਏਸ਼ਨ ਆਫ਼ ਡੈਮੋਕ੍ਰੇਟਿਕ ਰਿਫਾਰਮਜ਼ ਵਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਿਕ 29 ਅਪ੍ਰੈਲ ਨੂੰ ਚੌਥੇ ਪੜਾਅ ਦੀ ਚੋਣ ਲੜ ਚੁੱਕੇ 928 ਉਮੀਦਵਾਰਾਂ ਵਿਚੋਂ 210 ਖ਼ਿਲਾਫ਼ ਅਪਰਾਧਕ ਮਾਮਲੇ ਦਰਜ ਹਨ। 158 ਉਮੀਦਵਾਰਾਂ ਖ਼ਿਲਾਫ਼ ਗੰਭੀਰ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿਚੋਂ 12 ਉਮੀਦਵਾਰਾਂ ਨੂੰ ਇਨ੍ਹਾਂ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਇਨ੍ਹਾਂ ਉਮੀਦਵਾਰਾਂ ਵਿਚੋਂ 5 ਖ਼ਿਲਾਫ਼ ਹੱਤਿਆ, 24 ਖ਼ਿਲਾਫ਼ ਹੱਤਿਆ ਦੀ ਕੋਸ਼ਿਸ਼ ਕਰਨ, 4 ਖ਼ਿਲਾਫ਼ ਅਗਵਾ ਕਰਨ ਦੇ ਮਾਮਲੇ ਦਰਜ ਹਨ ਜਦਕਿ 21 ਉਮੀਦਵਾਰ ਔਰਤਾਂ ਖ਼ਿਲਾਫ਼ ਅਪਰਾਧ ਕਰਨ ਦੇ ਮਾਮਲਿਆਂ ਅਤੇ 16 ਉਮੀਦਵਾਰ ਨਫ਼ਰਤ ਭਰੇ ਭਾਸ਼ਣ ਦੇਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਭਾਜਪਾ ਦੇ 57 ਉਮੀਦਵਾਰਾਂ ਵਿਚੋਂ 25 (44 ਫ਼ੀਸਦੀ), ਕਾਂਗਰਸ ਦੇ 57 ਉਮੀਦਵਾਰਾਂ ਵਿਚੋਂ 11 (20 ਫ਼ੀਸਦੀ), ਬਸਪਾ ਦੇ 54 ਉਮੀਦਵਾਰਾਂ ਵਿਚੋਂ 12 ਅਤੇ ਐਸ.ਐਚ.ਐਸ. 21 ਉਮੀਦਵਾਰਾਂ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹਨ, ਜਦਕਿ 345 ਆਜ਼ਾਦ ਉਮੀਦਵਾਰਾਂ ਵਿਚੋਂ 45 (13 ਫ਼ੀਸਦੀ) ਵੀ ਇਨ੍ਹਾਂ ਵਿਚ ਸ਼ਾਮਿਲ ਹਨ। ਇਸ ਤੋਂ ਇਲਾਵਾ ਭਾਜਪਾ ਦੇ 9, ਕਾਂਗਰਸ ਦੇ 10, ਬਸਪਾ ਦੇ 9, ਐਸ.ਐਚ.ਐਸ. ਦੇ 21 ਅਤੇ 45 ਆਜ਼ਾਦ ਉਮੀਦਵਾਰਾਂ ਖ਼ਿਲਾਫ਼ ਗੰਭੀਰ ਅਪਰਾਧਿਕ ਮਾਮਲੇ ਦਰਜ ਹਨ। ਜ਼ਿਕਰਯੋਗ ਹੈ ਕਿ ਚੌਥੇ ਪੜਾਅ ਦੀ ਚੋਣ ਲੜਨ ਵਾਲੇ 943 ਉਮੀਦਵਾਰਾਂ ਵਿਚੋਂ 928 ਉਮੀਦਵਾਰਾਂ ਦੇ ਹਲਫ਼ਨਾਮੇ ਨੈਸ਼ਨਲ ਇਲੈਕਸ਼ਨ ਵਾਚ ਅਤੇ ਏ.ਡੀ.ਆਰ. ਨੂੰ ਉਪਲਬਧ ਹੋ ਸਕੇ ਹਨ।

# ਹਰੇਕ ਲੋਕ ਸਭਾ ਇਲੈਕਸ਼ਨ ਵਿਚ ਬਣਨ ਵਾਲਾ ਮੁੱਦਾ : ਆਰਟੀਕਲ 370

**ਬਲਰਾਜ ਸਿੰਘ ਸਿੱਧੂ**

ਭਾਰਤ ਵਿਚ ਜਦੋਂ ਵੀ ਲੋਕ ਸਭਾ ਇਲੈਕਸ਼ਨ ਹੁੰਦੀ ਹੈ ਤਾਂ ਕਸ਼ਮੀਰ ਨੂੰ ਸਪੈਸ਼ਲ ਦਰਜ਼ਾ ਦੇਣ ਵਾਲੇ ਸੰਵਿਧਾਨ ਦੇ ਆਰਟੀਕਲ 370 ਬਾਰੇ



ਰੌਲਾ ਗੌਲਾ ਪੈਣਾ ਸ਼ੁਰੂ ਹੋ ਜਾਂਦਾ ਹੈ। ਹਰੇਕ ਰਾਸ਼ਟਰੀ ਅਤੇ ਕਸ਼ਮੀਰੀ ਰਾਜਨੀਤਕ ਪਾਰਟੀ ਇਸ ਮੁੱਦੇ ਤੋਂ ਵੱਧ ਤੋਂ ਵੱਧ ਰਾਜਨੀਤਕ ਲਾਭ ਉਠਾਉਣਾ ਚਾਹੁੰਦੀ ਹੈ। ਕੋਈ ਨੇਤਾ ਕਹਿੰਦਾ ਹੈ ਕਿ ਇਸ ਆਰਟੀਕਲ ਨੂੰ ਖਤਮ ਕਰ ਦੇਣਾ ਚਾਹੀਦਾ ਹੈ ਕਿਉਂਕਿ ਇਹ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਖਿਲਾਫ ਹੈ। ਦੂਸਰਾ ਨੇਤਾ ਕਹਿੰਦਾ ਹੈ ਇਹ ਹਰ ਹਾਲਤ ਵਿੱਚ ਕਾਇਮ ਰਹਿਣਾ ਚਾਹੀਦਾ ਹੈ ਕਿਉਂਕਿ ਇਹ ਕਸ਼ਮੀਰੀਆਂ ਦਾ ਸੰਵਿਧਾਨਕ ਹੱਕ ਹੈ। ਪਰ ਆਮ ਜਨਤਾ ਨੂੰ ਇਸ ਮੁੱਦੇ ਬਾਰੇ ਅਸਲ ਗਿਆਨ ਨਹੀਂ ਹੈ। ਉਹ ਬਿਨਾਂ ਕੁਝ ਸੋਚੇ ਵਿਚਾਰੇ ਆਪਣੇ ਲੀਡਰਾਂ ਮਗਰ ਲੱਗ ਤੁਰਦੇ ਹਨ। ਉਹ ਇਹੀ ਸਮਝਦੇ ਹਨ ਕਿ ਆਰਟੀਕਲ 370 ਹਾਸਲ ਕਰਨ ਤੋਂ ਬਾਅਦ ਕਸ਼ਮੀਰ ਸ਼ਾਇਦ ਕੋਈ ਦੂਸਰੀ ਦੁਨੀਆਂ ਦਾ ਜੀਵ ਬਣ ਗਿਆ ਹੈ। ਲੀਡਰਾਂ ਦੇ ਦਮਗਜ਼ੇ ਸੁਣ ਕੇ ਤਾੜੀਆਂ ਮਾਰਨ ਵਾਲੇ ਵਿਚਾਰੇ 90% ਲੋਕਾਂ ਨੂੰ ਇਹ ਪਤਾ ਹੀ ਨਹੀਂ ਹੋਣਾ ਕਿ ਆਰਟੀਕਲ 370 ਹੈ ਕੀ?

ਅਸਲ ਵਿੱਚ ਭਾਰਤੀ ਸੰਵਿਧਾਨ ਦਾ ਇਹ ਆਰਟੀਕਲ ਜੰਮੂ ਕਸ਼ਮੀਰ ਨੂੰ ਬਾਕੀ ਰਾਜਾਂ ਤੋਂ ਅਲੱਗ ਇੱਕ ਖਾਸ ਹੈਸੀਅਤ ਪ੍ਰਦਾਨ ਕਰਦਾ ਹੈ। ਬਾਕੀ ਭਾਰਤੀ ਰਾਜਾਂ ਨੂੰ ਉਹ ਸਹੂਲਤਾਂ ਪ੍ਰਾਪਤ ਨਹੀਂ ਜੋ ਕਸ਼ਮੀਰ ਨੂੰ ਹਾਸਲ ਹਨ। ਜਿਸ ਵੇਲੇ ਕਸ਼ਮੀਰ ਨੂੰ ਇਹ ਦਰਜ਼ਾ ਦਿੱਤਾ ਗਿਆ ਸੀ, ਉਸ ਵੇਲੇ ਹਾਲਾਤ ਬਹੁਤ ਹੀ ਨਾਜ਼ਕ ਸਨ। ਸੰਨ 1947 ਵੇਲੇ ਕਸ਼ਮੀਰ ਦੇ ਮਹਾਰਾਜੇ ਹਰੀ ਸਿੰਘ ਨੇ ਭਾਰਤ ਜਾਂ ਪਾਕਿਸਤਾਨ ਵਿਚ ਰਲਣ ਦੀ ਬਜਾਏ ਅਜ਼ਾਦ ਰਹਿਣ ਦਾ ਫੈਸਲਾ ਕੀਤਾ ਸੀ। ਇਸ ਕਾਰਨ ਕਸ਼ਮੀਰ 'ਤੇ ਪਾਕਿਸਤਾਨੀ ਫੌਜ ਦੀ ਮਦਦ ਨਾਲ ਕਬਾਇਲੀਆਂ ਨੇ ਹਮਲਾ ਕਰ ਦਿੱਤਾ। ਉਹਨਾਂ ਦੀਆਂ ਧਾੜਾਂ ਸ੍ਰੀਨਗਰ ਦੇ ਨਜ਼ਦੀਕ ਪਹੁੰਚ ਗਈਆਂ ਸਨ। ਭਾਰਤ ਵਾਸਤੇ ਉਸ ਵੇਲੇ ਕਸ਼ਮੀਰ ਹਾਸਲ ਕਰਨਾ ਬਹੁਤ ਜ਼ਰੂਰੀ ਸੀ। ਇਸ ਲਈ ਰਲੇਵੇਂ ਲਈ ਹਰੀ ਸਿੰਘ ਨੇ ਜੋ ਵੀ ਸ਼ਰਤਾਂ ਲਗਾਈਆਂ, ਭਾਰਤ ਨੇ ਮੰਨ ਲਈਆਂ। ਉਸ ਸਮਝੌਤੇ ਅਧੀਨ ਸੰਨ 1951 ਵਿਚ ਜੰਮੂ ਕਸ਼ਮੀਰ ਦਾ ਸੰਵਿਧਾਨ ਤਿਆਰ ਕਰਨ ਲਈ ਸੰਵਿਧਾਨ ਨਿਰਮਾਤਾ ਅਸੈਂਬਲੀ ਚੁਣੀ ਗਈ। ਇਸ ਨੂੰ ਇਹ ਨਿਸ਼ਚਿਤ ਕਰਨ ਦੀ ਤਾਕਤ ਦਿੱਤੀ ਗਈ ਸੀ ਕਿ ਭਾਰਤੀ ਸੰਵਿਧਾਨ ਦੇ ਕਿਹੜੇ ਆਰਟੀਕਲ ਜੰਮੂ ਕਸ਼ਮੀਰ ਵਿੱਚ ਲਾਗੂ ਹੋਣੇ ਚਾਹੀਦੇ ਹਨ ਤੇ ਕੀ ਆਰਟੀਕਲ 370 ਖਤਮ ਕਰਨਾ ਚਾਹੀਦਾ ਹੈ ਜਾਂ ਨਹੀਂ? ਇਹ ਇੱਕ ਆਰਜ਼ੀ ਵਿਵਸਥਾ ਸੀ ਜੋ ਜੰਮੂ ਕਸ਼ਮੀਰ ਦਾ ਅਲੱਗ ਸੰਵਿਧਾਨ ਬਣਨ ਤਕ ਲਾਗੂ ਰਹਿਣੀ ਸੀ। ਪਰ ਇਸ ਸੰਵਿਧਾਨ ਸਭਾ ਨੇ ਜੰਮੂ ਕਸ਼ਮੀਰ ਦਾ ਸੰਵਿਧਾਨ ਬਣਾਉਣ ਤੋਂ ਬਾਅਦ 25 ਜਨਵਰੀ 1957 ਨੂੰ ਆਪਣੇ ਆਪ ਨੂੰ ਭੰਗ ਕਰ ਲਿਆ ਤੇ ਆਰਟੀਕਲ 370 ਬਾਰੇ ਕੋਈ ਫੈਸਲਾ ਨਾ ਲਿਆ। ਇਸ ਕਾਰਨ ਇਹ ਭਾਰਤੀ ਸੰਵਿਧਾਨ ਦਾ ਸਥਾਈ ਅੰਗ ਬਣ ਗਿਆ। ਜੰਮੂ ਕਸ਼ਮੀਰ ਦਾ ਸੰਵਿਧਾਨ ਭਾਵੇਂ ਭਾਰਤ ਦੇ ਸੰਵਿਧਾਨ ਦੀ ਨਕਲ ਹੀ ਹੈ, ਪਰ ਅਸੂਲਨ ਇਹ ਅਲੱਗ ਹੈ। ਇਹ 17 ਨਵੰਬਰ 1957 ਨੂੰ ਲਾਗੂ ਹੋਇਆ ਸੀ। ਇਸੇ ਕਾਰਨ ਇੰਡੀਅਨ ਪੀਨਲ ਕੋਡ (ਭਾਰਤੀ ਫੌਜਦਾਰੀ ਕਾਨੂੰਨ) ਵੀ ਕਸ਼ਮੀਰ ਵਿਚ ਲਾਗੂ ਨਹੀਂ ਹੁੰਦਾ। ਕਸ਼ਮੀਰ ਦਾ ਆਪਣਾ ਵੱਖਰਾ ਰਣਬੀਰ ਪੀਨਲ ਕੋਡ ਹੈ।

ਆਖਰ ਜੰਮੂ ਕਸ਼ਮੀਰ ਨੂੰ ਸਪੈਸ਼ਲ ਦਰਜ਼ਾ ਕਿਉਂ ਦਿੱਤਾ ਗਿਆ? ਜਦੋਂ ਕਸ਼ਮੀਰ ਦਾ ਭਾਰਤ ਵਿੱਚ ਰਲੇਵਾਂ ਕੀਤਾ ਗਿਆ ਸੀ ਤਾਂ ਮਹਾਰਾਜਾ ਹਰੀ ਸਿੰਘ ਨਾਲ ਲਿਖਤੀ ਸਮਝੌਤਾ ਹੋਇਆ ਸੀ ਕਿ ਭਾਰਤ ਸਰਕਾਰ ਦਾ ਕੰਟਰੋਲ ਸਿਰਫ ਰੱਖਿਆ, ਵਿਦੇਸ਼ ਮਾਮਲਿਆਂ ਅਤੇ ਦੂਰ ਸੰਚਾਰ ਵਿਭਾਗਾਂ 'ਤੇ ਹੋਵੇਗਾ, ਬਾਕੀ ਸਾਰੇ ਮਾਮਲਿਆਂ ਵਿੱਚ ਕਸ਼ਮੀਰ ਅਜ਼ਾਦ ਹੋਵੇਗਾ। ਜਦੋਂ ਡਾ. ਭੀਮ ਰਾਉ ਅੰਬੇਦਕਰ ਦੀ ਪ੍ਰਧਾਨਗੀ ਹੇਠ ਭਾਰਤ ਦਾ ਸੰਵਿਧਾਨ ਘੜਨ ਲਈ ਸੰਵਿਧਾਨ ਸਭਾ ਨਾਮਜ਼ਦ ਕੀਤੀ ਗਈ ਤਾਂ ਸਾਰੀਆਂ ਸ਼ਾਹੀ ਰਿਆਸਤਾਂ ਨੂੰ ਇਸ ਵਿੱਚ ਆਪਣੇ ਨੁਮਾਇੰਦੇ ਭੇਜਣ ਲਈ ਕਿਹਾ ਗਿਆ। ਪਰ ਜੰਮੂ ਕਸ਼ਮੀਰ ਨੂੰ ਛੱਡ ਕੇ ਹੋਰ ਕਿਸੇ ਵੀ ਰਿਆਸਤ ਨੇ ਆਪਣੇ ਨੁਮਾਇੰਦੇ ਨਾ ਭੇਜੇ। ਕਸ਼ਮੀਰ ਦੇ ਨੁਮਾਇੰਦਿਆਂ ਨੇ ਸੰਵਿਧਾਨ ਸਭਾ ਵਿੱਚ ਨੁਕਤਾ ਉਠਾਇਆ ਕਿ ਸੰਵਿਧਾਨ ਦੇ ਸਿਰਫ ਉਹੀ ਆਰਟੀਕਲ ਸੂਬੇ ਵਿੱਚ ਲਾਗੂ ਹੋਣ, ਜੋ 1947 ਦੇ ਰਲੇਵੇਂ ਸਮਝੌਤੇ ਦੇ ਅਨੁਸਾਰ ਹੋਣ। ਇਸ ਸਮਝੌਤੇ ਦੇ ਅਨੁਛੇਦ 7 ਵਿੱਚ ਵਰਣਿਤ ਹੈ ਕਿ ਰਿਆਸਤ ਨੂੰ ਕਿਸੇ ਵੀ ਭਵਿੱਖੀ ਭਾਰਤੀ ਸੰਵਿਧਾਨ ਨੂੰ ਮੰਨਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ ਤੇ ਰਿਆਸਤ ਆਪਣਾ ਅਲੱਗ ਸੰਵਿਧਾਨ ਬਣਾਉਣ ਲਈ ਅਜ਼ਾਦ ਹੈ। ਇਸੇ ਕਾਰਨ ਭਾਰਤੀ ਸੰਵਿਧਾਨ ਵਿੱਚ ਆਰਟੀਕਲ 370 ਸ਼ਾਮਲ ਕੀਤਾ ਗਿਆ ਜੋ ਉਸ ਦੇ ਇਸ ਅਧਿਕਾਰ ਦੀ ਰਾਖੀ ਕਰਦਾ ਹੈ। ਇਹ ਆਰਟੀਕਲ ਭਾਰਤੀ ਸੰਵਿਧਾਨ ਦੇ ਭਾਗ 21 ਵਿੱਚ ਹੈ। ਇਸਦੇ ਛੇ ਭਾਗ ਹਨ ਜੋ ਇਸ ਪ੍ਰਕਾਰ ਹਨ,

1. ਇਸ ਅਧੀਨ ਰਿਆਸਤ ਵਿਚ ਭਾਰਤੀ ਸੰਵਿਧਾਨ ਮੁਕੰਮਲ ਤੌਰ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ। ਰਿਆਸਤ ਨੂੰ ਆਪਣਾ ਅਲੱਗ ਸੰਵਿਧਾਨ ਤਿਆਰ ਕਰਨ ਦਾ ਅਧਿਕਾਰ ਹੋਵੇਗਾ।
2. ਭਾਰਤ ਸਰਕਾਰ ਨੂੰ ਕਸ਼ਮੀਰ ਉੱਪਰ ਮੁਕੰਮਲ ਵਿਧਾਨਕ ਸ਼ਕਤੀਆਂ ਪ੍ਰਾਪਤ ਨਹੀਂ ਹੋਣਗੀਆਂ। ਸੰਸਦ ਸਿਰਫ ਸੁਰੱਖਿਆ, ਵਿਦੇਸ਼ ਮਾਮਲੇ ਅਤੇ ਦੂਰ ਸੰਚਾਰ ਨਾਲ ਸਬੰਧਿਤ ਮਾਮਲਿਆਂ ਬਾਰੇ ਹੀ ਕਾਨੂੰਨ ਬਣਾ ਸਕਦੀ ਹੈ। ਬਾਕੀ ਸਾਰੇ ਮਾਮਲਿਆਂ ਵਿਚ ਕਸ਼ਮੀਰ ਵਿਧਾਨ ਸਭਾ ਖੁਦ ਕਾਨੂੰਨ ਤਿਆਰ ਕਰੇਗੀ।
3. ਕੇਂਦਰ ਸਰਕਾਰ ਦੀਆਂ ਸਾਰੀਆਂ ਕਾਰਜਕਾਰੀ ਸ਼ਕਤੀਆਂ ਸੂਬਾ ਸਰਕਾਰ ਦੀ ਮਰਜ਼ੀ ਨਾਲ ਹੀ ਲਾਗੂ ਹੋਣਗੀਆਂ।
4. ਉਪਰੋਕਤ ਧਾਰਾ ਤਿੰਨ ਨੂੰ ਲਾਗੂ ਕਰਨ ਲਈ ਕਸ਼ਮੀਰ ਸੰਵਿਧਾਨ ਸਭਾ ਕਸ਼ਮੀਰ ਦੇ ਸੰਵਿਧਾਨ ਵਿਚ ਜ਼ਰੂਰੀ ਵਿਵਸਥਾ ਕਰੇਗੀ।
5. ਰਿਆਸਤ ਦੀਆਂ ਸੰਵਿਧਾਨਕ ਤਾਕਤਾਂ ਓਨੀਆਂ ਹੀ ਹੋਣਗੀਆਂ ਜੋ ਕਸ਼ਮੀਰੀ ਸੰਵਿਧਾਨ ਸਭਾ ਦੁਆਰਾ ਸੰਵਿਧਾਨ ਰਾਹੀਂ ਪ੍ਰਦਾਨ ਕੀਤੀਆਂ ਜਾਣਗੀਆਂ। ਸੰਵਿਧਾਨ ਸਭਾ ਦੇ ਭੰਗ ਹੋ ਜਾਣ ਤੋਂ ਬਾਅਦ ਰਿਆਸਤ ਦੀਆਂ ਸੰਵਿਧਾਨਕ ਤਾਕਤਾਂ ਵਿੱਚ ਦੁਬਾਰਾ ਵਾਧਾ ਨਹੀਂ ਕੀਤਾ ਜਾ ਸਕੇਗਾ।
6. ਆਰਟੀਕਲ 370 ਸਿਰਫ ਰਿਆਸਤ ਦੀ ਸੰਵਿਧਾਨ ਸਭਾ ਦੀ ਸਿਫਾਰਸ਼ 'ਤੇ ਹੀ ਭੰਗ ਕੀਤਾ ਜਾਂ ਸੋਧਿਆ ਜਾ ਸਕਦਾ ਹੈ।

ਆਰਟੀਕਲ 370 ਕਾਰਨ ਜੰਮੂ ਕਸ਼ਮੀਰ ਨੂੰ ਅਨੇਕਾਂ ਸਹੂਲਤਾਂ, ਤਾਕਤਾਂ ਅਤੇ ਸਪੈਸ਼ਲ ਦਰਜ਼ਾ ਪ੍ਰਾਪਤ ਹੈ। ਸੰਵਿਧਾਨ ਅਨੁਸਾਰ ਵੱਖ ਵੱਖ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਲਈ




ਤਿੰਨ ਤਰ੍ਹਾਂ ਦੀਆਂ ਲਿਸਟਾਂ ਹਨ। ਪਹਿਲੀ ਲਿਸਟ ਨੂੰ ਯੂਨੀਅਨ ਲਿਸਟ ਕਹਿੰਦੇ ਹਨ। ਇਸ ਵਿੱਚ ਦਰਜ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਦਾ ਅਧਿਕਾਰ ਸਿਰਫ ਕੇਂਦਰ ਨੂੰ ਹੈ। ਇਸ ਵਿੱਚ ਸੁਰੱਖਿਆ, ਵਿਦੇਸ਼ ਮਾਮਲੇ, ਰੇਲਵੇ, ਹਵਾਈ ਜਹਾਜ਼ਰਾਨੀ, ਬੈਂਕਾਂ, ਸਟਾਕ ਐਕਸਚੇਂਜ, ਇਨਕਮ ਟੈਕਸ ਅਤੇ ਕਸਟਮ ਆਦਿ 97 ਵਿਸ਼ੇ ਹਨ। ਇਸ ਵਿੱਚੋਂ ਕਸ਼ਮੀਰ ਵਿੱਚ 93 ਵਿਸ਼ੇ ਲਾਗੂ ਹੁੰਦੇ ਹਨ। ਸੀ.ਬੀ.ਆਈ. ਦੇ ਕਾਰਜ ਖੇਤਰ ਵਰਗੇ ਕਈ ਅਹਿਮ ਕਾਨੂੰਨ ਇੱਥੇ ਲਾਗੂ ਨਹੀਂ ਹੁੰਦੇ। ਸਟੇਟ ਲਿਸਟ ਵਿੱਚ 66 ਵਿਸ਼ੇ ਹਨ ਉਹ ਸਾਰੇ ਇੱਥੇ ਲਾਗੂ ਹੁੰਦੇ ਹਨ। ਸਾਂਝੀ ਲਿਸਟ ਵਿੱਚ ਫੌਜਦਾਰੀ ਕਾਨੂੰਨ, ਵਿਆਹ ਅਤੇ ਵਪਾਰ ਸਬੰਧੀ ਕਾਨੂੰਨ ਹਨ ਜਿਸ 'ਤੇ ਸੂਬਾ ਅਤੇ ਕੇਂਦਰ ਦੋਵੇਂ ਕਾਨੂੰਨ ਬਣਾ ਸਕਦੇ ਹਨ। ਇਸ ਵਿੱਚ 47 ਵਿਸ਼ੇ ਹਨ ਜਿਹਨਾਂ ਵਿੱਚੋਂ ਸਿਰਫ 26 ਕਸ਼ਮੀਰ ਵਿੱਚ ਲਾਗੂ ਹੁੰਦੇ ਹਨ। ਕਸ਼ਮੀਰ ਤੋਂ ਬਾਹਰ ਦਾ ਕੋਈ ਵੀ ਵਿਅਕਤੀ ਇੱਥੇ ਜਾਇਦਾਦ ਨਹੀਂ ਖਰੀਦ ਸਕਦਾ।

ਅਸਲ ਵਿਚ ਕਸ਼ਮੀਰ ਦਾ ਭਾਰਤ ਨਾਲ ਰਲੇਵਾਂ ਸ਼ੁਰੂ ਤੋਂ ਹੀ ਵਿਵਾਦਾਂ ਵਿਚ ਰਿਹਾ ਹੈ। ਇਸੇ ਕਾਰਨ ਭਾਰਤ ਦੀਆਂ ਪਾਕਿਸਤਾਨ ਨਾਲ ਤਿੰਨ ਜੰਗਾਂ ਹੋ ਚੁੱਕੀਆਂ ਹਨ ਤੇ ਕਸ਼ਮੀਰ

ਬਾਕੀ ਸਫ਼ਾ 32 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES
01 ਮਈ 2019 ਤੋਂ 07 ਮਈ 2019

## ਬੇਅਦਬੀ ਮਾਮਲੇ 'ਚ ਕਲੀਨ-ਚਿੱਟਾਂ ਦੀ ਰਾਜਨੀਤੀ

**-ਮਨਜੀਤ ਸਿੰਘ ਟਿਵਾਣਾ**

ਕਿਸੇ ਵੀ ਦੇਸ਼ ਦੀ ਲੋਕਤੰਤਰੀ ਪ੍ਰਣਾਲੀ ਵਿਚ, ਵੋਟਾਂ ਰਾਹੀਂ ਸਹੀ ਮਾਅਨਿਆਂ ਦੇ ਕਿਸੇ ਇਨਕਲਾਬ ਦੇ ਆਉਣ ਦੀਆਂ ਸੰਭਾਵਨਾਵਾਂ ਭਾਵੇਂ ਆਮ ਕਰ ਕੇ ਨਾ-ਮਾਤਰ ਹੀ ਹੁੰਦੀਆਂ ਹਨ ਪਰ ਕੁਝ ਵਕਫੇ ਬਾਅਦ ਆਮ ਜਨਤਾ ਨੂੰ ਆਪਣੇ ਮਨ ਦਾ ਰੋਸ ਜ਼ਾਹਰ ਕਰਨ ਦਾ ਮੌਕਾ ਜ਼ਰੂਰ ਮਿਲ ਜਾਂਦਾ ਹੈ। ਇਸ ਸਮੇਂ ਲੋਕ ਸਭਾ ਚੋਣਾਂ ਲਈ ਪਰਚਾਰ ਦੌਰਾਨ ਪੰਜਾਬ ਵਿਚ ਕੁਝ ਅਜਿਹਾ ਹੀ ਵਾਪਰ ਰਿਹਾ ਹੈ। ਪੰਜਾਬ ਤੇ ਸਿੱਖ ਰਾਜਨੀਤੀ ਉਤੇ ਦਹਾਕਿਆਂ ਤੋਂ ਛਾਈ ਸਿਆਸੀ ਪਾਰਟੀ ਅਕਾਲੀ ਦਲ ਬਾਦਲ ਨੂੰ ਇਸ ਸਮੇਂ ਹਰ ਪਾਸਿਓਂ ਸਿੱਖ ਭਾਈਚਾਰੇ ਦੇ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਕਾਲੀ ਦਲ ਉਤੇ ਪੂਰੀ ਤਰ੍ਹਾਂ ਕਾਬਜ਼ ਅਤੇ ਘਾਗ ਸਿਆਸਤਦਾਨ ਮੰਨੇ ਜਾਂਦੇ ਪ੍ਰਕਾਸ਼ ਸਿੰਘ ਬਾਦਲ ਤੇ ਉਸ ਦੇ ਸਿਆਸੀ ਆਰ-ਪਰਿਵਾਰ ਨੂੰ ਅੱਜ ਸਿੱਖ ਪੰਥ ਮੂੰਹ ਨਹੀਂ ਲਗਾ ਰਿਹਾ। ਇਸ ਸਿੱਖ ਪੰਥ ਦੇ ਸਿਰ ਉਤੇ ਹੀ ਇਨ੍ਹਾਂ ਨੇ ਹੁਣ ਤਕ ਪੰਜਾਬ ਤੇ ਭਾਰਤ ਦੀ ਰਾਜਨੀਤੀ ਵਿਚ ਉਚ ਰਾਜਸੀ ਰੁਤਬੇ ਮਾਣੇ ਹਨ। ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਦਾ, ਇਨ੍ਹਾਂ ਦੇ ਗੜ੍ਹ ਮੰਨੇ ਜਾਂਦੇ ਹਲਕੇ ਬਠਿੰਡਾ ਵਿਚ, ਲੋਕ ਕਾਲੀਆਂ ਝੰਡੀਆਂ ਲੈ ਕੇ ਵਿਰੋਧ ਕਰ ਰਹੇ ਹਨ। ਪਾਰਟੀ ਦੇ ਹੋਰ ਉਮੀਦਵਾਰਾਂ ਨੂੰ ਵੀ ਦੂਜੇ ਹਲਕਿਆਂ ਵਿਚ ਅਜਿਹੇ ਹੀ ਰੋਸ-ਵਿਖਾਵਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪੰਜਾਬ ਦੇ ਚੋਣ ਮੈਦਾਨ ਵਿਚ ਬਾਦਲਕਿਆਂ ਨਾਲ ਹੋ ਰਹੇ ਇਸ ਵਿਵਹਾਰ ਪਿੱਛੇ ਸਿੱਖ-ਪੰਥ ਦੇ ਮਨਾਂ ਵਿਚ ਬਾਦਲਾਂ ਦੇ ਰਾਜ-ਭਾਗ ਦੌਰਾਨ ਗੁਰੂ ਗ੍ਰੰਥ ਸਾਹਿਬ ਜੀ ਦੀ ਥਾਂ-ਥਾਂ ਹੋਈ ਬੇਅਦਬੀ ਦਾ ਰੋਸ ਹੈ। ਦੱਸਣਯੋਗ ਹੈ ਕਿ ਪੰਜਾਬ ਵਿਚ ਸਾਢੇ ਕੁ ਤਿੰਨ ਸਾਲ ਪਹਿਲਾਂ ਅਕਾਲੀ-ਭਾਜਪਾ ਰਾਜ ਸਮੇਂ ਸਿੱਖ-ਪੰਥ ਦੇ ਜ਼ਾਹਰਾ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਸੋਚੀ ਸਮਝੀ ਸਾਜ਼ਿਸ਼ ਨਾਲ ਅਪਮਾਨ ਕੀਤਾ ਗਿਆ ਸੀ। ਮੰਨਿਆ ਜਾਂਦਾ ਹੈ ਕਿ ਪੰਜਾਬ ਦੀ ਰਾਜਨੀਤੀ ਵਿਚ ਨਵੀਂ ਆਈ ਇਕ ਤੀਜੀ ਰਾਜਸੀ ਧਿਰ ਨੂੰ ਸੱਤਾ ਵਿਚ ਆਉਣ ਤੋਂ ਰੋਕਣ ਲਈ ਸਿੱਖ ਪੰਥ ਨਾਲ ਟਕਰਾਅ ਵਿਚ ਆਏ ਡੇਰਾ ਸਿਰਸਾ ਦੇ ਸਾਧ ਨੂੰ ਮੂਹਰੇ ਲਗਾ ਕੇ ਇਹ ਕੁਕਰਮ ਕੀਤਾ ਗਿਆ। ਇਸ ਕਾਂਡ ਵਿਚ ਡੇਰਾ ਸਿਰਸਾ ਦੇ ਚੇਲਿਆਂ ਦਾ ਹੱਥ ਸਾਬਿਤ ਹੋਣ ਤੋਂ ਬਾਅਦ ਉਨ੍ਹਾਂ ਖਿਲਾਫ ਕੋਈ ਕਾਨੂੰਨੀ ਕਾਰਵਾਈ ਤਾਂ ਕੀ ਕਰਨੀ ਸੀ, ਸਗੋਂ ਪੂਰੀ ਢੀਠਤਾਈ ਨਾਲ ਉਨ੍ਹਾਂ ਦੀ ਪਿੱਠ ਠੋਕੀ ਗਈ। ਗੁਰੂ ਦੀ ਬੇਅਦਬੀ ਖਿਲਾਫ ਰੋਸ ਪ੍ਰਗਟ ਕਰ ਰਹੀਆਂ ਸਿੱਖ ਸੰਗਤਾਂ ਉਤੇ ਗੋਲੀਆਂ ਵਰ੍ਹਾਈਆਂ ਗਈਆਂ ਤੇ ਹਰ ਤਰ੍ਹਾਂ ਦੇ ਜ਼ੋਰ-ਜਬਰ ਨਾਲ ਇਨਸਾਫ ਦੀ ਮੰਗ ਕਰ ਰਹੇ ਸਿੱਖਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਤਰ੍ਹਾਂ ਪੰਜਾਬ ਦਾ ਇਹ 'ਘਾਗ ਸਿਆਸਤਦਾਨ' ਸੱਤਾ ਦੇ ਲਾਲਚ ਵਿਚ ਆਪਣੇ ਸਿਆਸੀ ਜੀਵਨ ਦੀ ਸਭ ਤੋਂ ਵੱਡੀ ਭੁੱਲ ਕਰ ਬੈਠਾ।

ਤਾਕਤ ਦੇ ਨਸ਼ੇ ਵਿਚ ਚੂਰ ਇਨ੍ਹਾਂ ਲੋਕਾਂ ਨੂੰ ਹਾਲਾਂ ਤਕ ਵੀ ਇਹ ਸਮਝ ਨਹੀਂ ਆਇਆ ਕਿ ਉਹ ਗਲਤੀ ਉਤੇ ਗਲਤੀ ਕਰਦੇ ਜਾ ਰਹੇ ਹਨ। ਸਿੱਖਾਂ ਨਾਲ ਧ੍ਰੋਹ ਕਮਾਉਣ ਦੇ ਮਾਮਲੇ ਵਿਚ ਬਾਦਲਕਿਆਂ ਦੇ ਪਾਪਾਂ ਦੀ ਲਿਸਟ ਬਹੁਤ ਲੰਮੀ ਹੈ ਤੇ ਹੋਰ ਵਧਦੀ ਜਾ ਰਹੀ ਹੈ। ਇਸ ਲਿਸਟ ਵਿਚ ਸਿੱਖ ਕੌਮ ਦੀਆਂ ਸ਼ਾਨਾਮੱਤੀਆਂ ਸੰਸਥਾਵਾਂ ਨੂੰ ਆਪਣੇ ਰਾਜਸੀ ਹਿੱਤਾਂ ਦੀ ਪੂਰਤੀ ਲਈ ਬਿਪਰਵਾਦੀ ਜਮਾਤ ਆਰਐਸਐਸ ਕੋਲ ਗਹਿਣੇ ਪਾਉਣ ਦਾ ਗੁਨਾਹ ਵੀ ਸ਼ਾਮਿਲ ਹੈ। ਆਪਣੇ ਸਿਆਸੀ ਹਿੱਤ ਸਾਧਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਚਾਲ ਇਨ੍ਹਾਂ ਨੂੰ ਹੀ ਪੁੱਠੀ ਪੈ ਗਈ ਹੈ। ਹੁਣ ਬਾਦਲਕੇ ਭਾਵੇਂ ਲੱਖ ਸਫਾਈਆਂ ਦੇਣ ਪਰ ਤੱਥ ਗਵਾਹੀਆਂ ਦੇ ਰਹੇ ਹਨ ਕਿ ਇਹ ਗੁਰੂ ਘਰ ਤੇ ਸਿੱਖ ਪੰਥ ਦੇ ਦੋਖੀ ਹਨ। ਬੇਅਦਬੀ ਕਾਂਡ ਤੇ ਬਹਿਬਲ ਕਲਾਂ ਗੋਲੀ ਕਾਂਡ ਦੀਆਂ ਪੈੜਾਂ ਸਿੱਧੀਆਂ ਇਨ੍ਹਾਂ ਅਖੌਤੀ ਅਕਾਲੀਆਂ ਦੇ ਵਿਹੜੇ ਵਿਚ ਜਾ ਰਹੀਆਂ ਹਨ।

ਪਰਕਾਸ਼ ਸਿੰਘ ਬਾਦਲ ਬਾਰੇ ਮਿੱਥ ਬਣੀ ਹੋਈ ਹੈ ਕਿ ਉਹ ਹਵਾ ਦਾ ਰੁਖ ਭਾਂਪ ਕੇ ਆਪਣੀ ਸਿਆਸੀ ਖੇਡ ਦੀਆਂ ਗੋਟੀਆਂ ਫਿੱਟ ਕਰਨ ਵਿਚ ਮਾਹਿਰ ਹੈ। ਇਸੇ ਕਾਰਨ ਸ਼ਾਇਦ ਉਹ ਅੱਧੀ ਸਦੀ ਤਕ ਸਿੱਖ ਸਿਆਸਤ ਉਤੇ ਛਾਇਆ ਰਿਹਾ। ਹੁਣ ਵੀ ਪੰਜਾਬ ਵਿਚ ਉਸ ਦੇ ਸਾਥੀ ਇਹ ਮੰਨ ਰਹੇ ਹਨ ਕਿ ਜੇ ਕੋਈ ਬਾਦਲ ਦਲ ਦੀ ਡੁੱਬਦੀ ਬੇੜੀ ਨੂੰ ਬਚਾਅ ਸਕਦਾ ਹੈ, ਤਾਂ ਉਹ ਸਿਰਫ਼ ਵੱਡਾ ਬਾਦਲ ਹੈ। ਹੋ ਸਕਦਾ ਹੈ ਕਿ ਸਿੱਖ ਪੰਥ ਦੀਆਂ ਦੁਸ਼ਮਣ ਜਮਾਤਾਂ ਦੀ ਅੰਦਰਖਾਤੇ ਮਦਦ ਲੈ ਕੇ, ਪੈਸੇ ਤੇ ਬਾਹੂਬਲ ਦੇ ਜ਼ੋਰ ਨਾਲ ਇਸ ਹਾਲਾਤ ਵਿਚ ਵੀ ਉਹ ਕੋਈ ਮਾੜੀ ਮੋਟੀ ਸਿਆਸੀ ਮੱਲ ਮਾਰ ਜਾਵੇ ਪ੍ਰੰਤੂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਰਗਾ ਮਹਾਂਪਾਪ ਬਾਦਲ ਦਲ ਦੀ ਪੰਜਾਬ ਵਿਚ ਭਵਿੱਖੀ ਰਾਜਨੀਤੀ ਨੂੰ ਕਦੇ ਵੀ ਪੈਰਾਂ ਸਿਰ ਨਹੀਂ ਹੋਣ ਦੇ ਸਕਦਾ। ਸਿੱਖਾਂ ਦੇ ਦੁਸ਼ਮਣਾਂ ਦੀ ਸ਼ਹਿ ਉਤੇ ਪੈਸੇ ਅਤੇ ਰਾਜਸੀ ਤਾਕਤ ਦੇ ਹੰਕਾਰ ਵਿਚ ਗਲਤਾਨ ਇਨ੍ਹਾਂ ਲੋਕਾਂ ਨੂੰ ਇਤਿਹਾਸ ਨੇ ਕਦੇ ਮੁਆਫ ਨਹੀਂ ਕਰਨਾ। ਜਿਹੜੇ ਸਿੱਖ ਅੱਜ ਵੀ ਆਪਣੇ ਥੋੜ੍ਹ-ਚਿਰੇ ਸਿਆਸੀ ਤੇ ਨਿੱਜੀ ਮੁਫਾਦਾਂ ਲਈ ਅਜਿਹੇ ਲੋਕਾਂ ਦਾ ਸਾਥ ਦੇ ਰਹੇ ਹਨ, ਉਹ ਵੀ ਇਹ ਹਕੀਕਤ ਜਿੰਨੀ ਛੇਤੀ ਸਮਝ ਜਾਣਗੇ, ਚੰਗਾ ਹੋਵੇਗਾ।

ਹਾਲ ਹੀ ਵਿਚ ਬਾਦਲਕਿਆਂ ਦੇ ਹਰ ਪੈਂਤੜੇ ਵਿਚ ਸਿੱਧੇ-ਅਸਿੱਧੇ ਤੌਰ 'ਤੇ ਭਾਗੀਦਾਰ ਰਹਿੰਦੇ ਆ ਰਹੇ ਮੀਡੀਆ ਦੇ ਇਕ ਹਿੱਸੇ ਨੇ ਇਹ ਪਰਚਾਰ ਕਰ ਕੇ ਸਿੱਖ-ਪੰਥ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਕਿ ਬੇਅਦਬੀ ਕਾਂਡ ਦੀ ਜਾਂਚ ਲਈ ਬਣੇ ਪੰਜਾਬ ਪੁਲਿਸ ਦੇ ਵਿਸ਼ੇਸ਼ ਜਾਂਚ ਦਲ (ਸਿੱਟ) ਨੇ ਬਾਦਲਾਂ ਨੂੰ ਇਸ ਮਾਮਲੇ ਵਿਚ ਕਲੀਨ ਚਿੱਟ ਦੇ ਦਿੱਤੀ ਹੈ। ਭਾਵੇਂ 'ਸਿੱਟ' ਨੇ ਇਹ ਸਾਫ਼ ਕੀਤਾ ਹੈ ਕਿ ਉਸ ਨੇ ਜਿਹੜਾ 794 ਪੰਨਿਆਂ ਦਾ ਚਲਾਨ ਅਦਾਲਤ ਵਿਚ ਪੇਸ਼ ਕੀਤਾ ਹੈ, ਉਹ ਅਧੂਰਾ ਹੈ ਅਤੇ ਪੂਰਾ ਚਲਾਨ ਜਾਂਚ ਮੁਕੰਮਲ ਹੋਣ ਉਤੇ ਪੇਸ਼ ਕੀਤਾ ਜਾਵੇਗਾ ਪਰ ਬਾਦਲ-ਜੁੰਡਲੀ ਅਜੇ ਵੀ 'ਕੰਧ ਉਤੇ ਲਿਖਿਆ' ਪੜ੍ਹਨ ਤੋਂ ਇਨਕਾਰੀ ਹੈ ਕਿ ਦੁਨੀਆ ਭਰ ਵਿਚ ਵਸਦਾ ਸਿੱਖ-ਪੰਥ ਉਨ੍ਹਾਂ ਨੂੰ ਗੁਰੂ ਦੀ ਬੇਹੁਰਮਤੀ ਕਰਨ ਦਾ ਦੋਸ਼ੀ ਮੰਨ ਚੁੱਕਿਆ ਹੈ। ਇਸ ਕਰ ਕੇ ਦੁਨਿਆਵੀ ਅਦਾਲਤਾਂ ਵਿਚ ਦੋਸ਼ੀ ਸਾਬਿਤ ਹੋਣ ਜਾਂ ਕਲੀਨ ਚਿੱਟਾਂ ਮਿਲਣ ਦੇ ਹੁਣ ਕੋਈ ਮਾਅਨੇ ਹੀ ਨਹੀਂ ਹਨ। ਸਿਆਸੀ ਸਮਝੌਤਿਆਂ ਦੇ ਸਹਾਰੇ ਉਹ ਰਾਜ ਸੱਤਾ ਤਾਂ ਮਾਣ ਸਕਦੇ ਹਨ ਪਰ ਸਿੱਖ ਕੌਮ ਨਾਲ ਕੀਤੇ ਧੋਖਿਆਂ ਅਤੇ ਗੁਰੂ ਗ੍ਰੰਥ ਦੀ ਬੇਅਦਬੀ ਦੇ ਦਾਗ ਨਹੀਂ ਧੋਤੇ ਜਾ ਸਕਦੇ। ਬਾਦਲਾਂ ਦੀਆਂ ਇਨ੍ਹਾਂ ਚਲਾਕੀਆਂ ਨਾਲ ਸਗੋਂ ਸਿੱਖ ਸੰਗਤ ਦੇ ਪੈਰੀਂ ਪੈ ਕੇ ਮਾਫ਼ੀ ਮੰਗਣ ਅਤੇ ਸਿੱਖ ਰਾਜਨੀਤੀ ਤੋਂ ਹਮੇਸ਼ਾ ਲਈ ਕਿਨਾਰਾ ਕਰ ਜਾਣ ਦਾ ਇਕੋ-ਇਕ ਰਾਹ ਵੀ ਦਿਨੋਂ-ਦਿਨ ਭੀੜਾ ਹੁੰਦਾ ਜਾ ਰਿਹਾ ਹੈ।

# ਅਠਖੇਲੀਆਂ ਕਰਦੀ ਰਾਜਨੀਤੀ ਦਾ ਮੈਦਾਨ ਬਣਿਆ ਪੰਜਾਬ

**ਪੰਜਾਬ ਦੀ ਰਾਜਨੀਤੀ ਵਿੱਚ ਕਿਸੇ ਵੀ ਪਾਰਟੀ ਦਾ ਕੋਈ ਸਟੈਂਡ ਨਜ਼ਰ ਨਹੀਂ ਆਉਂਦਾ, ਜਦੋਂ ਸਿੱਧੂ ਭਾਜਪਾ 'ਚ ਹੁੰਦਾ ਸੀ ਤਾਂ ਉਸ ਦੇ ਗੁਣ ਗਾਉਂਦਾ ਹੁੰਦਾ ਸੀ ਅਤੇ ਹੁਣ ਉਹ ਕਾਂਗਰਸ ਪਾਰਟੀ ਨੂੰ ਹੀ ਸਭ ਕੁਝ ਦੱਸਦੈ, ਅਜਿਹੇ ਵਰਤਾਰੇ ਵਿੱਚ ਤਾਂ ਸਾਫ ਹੀ ਹੈ ਕਿ ਲੋਕ ਹੀ ਬੁੱਧੂ ਨੇ ਜਿਹੜੇ ਇਨ੍ਹਾਂ ਦੇ ਮਗਰ ਲੱਗ ਆਪਸੀ ਭਾਈਚਾਰੇ ਨੂੰ ਦਾਅ 'ਤੇ ਲਾ ਛੱਡਦੇ ਨੇ। ਪੰਜਾਬ ਦੀ ਰਾਜਨੀਤੀ ਲੋਕਾਂ ਨਾਲ ਅਠਖੇਲੀਆਂ ਕਰਦੀ ਹੈ, ਪਰ ਲੋਕ ਇਨ੍ਹਾਂ ਅਠਖੇਲੀਆਂ ਨੂੰ ਬਹੁਤ ਛੇਤੀ ਭੁੱਲ ਜਾਂਦੇ ਨੇ। ਲੋਕ ਭਲਾਈ ਪਾਰਟੀ ਵਾਲੇ ਰਾਮੂੰਵਾਲੀਆਂ ਸਾਹਿਬ ਬਾਦਲਾਂ ਨੂੰ ਅੱਕ ਤੋਂ ਵੀ ਕੌੜੇ ਦੱਸਦੇ ਸਨ, ਪਰ ਬਾਅਦ ਵਿੱਚ ਅਕਾਲੀ ਦਲ 'ਚ ਸ਼ਾਮਿਲ ਹੋ ਗਏ ਤੇ ਉਨ੍ਹਾਂ ਲਈ ਅਕਾਲੀ ਰੱਬ ਹੋ ਗਏ ਸਨ। ਅੱਜ ਉਨ੍ਹਾਂ ਦੀ ਪਾਰਟੀ ਦਾ ਨਾਮੋ-ਨਿਸ਼ਾਨ ਵੀ ਨਹੀਂ ਰਿਹਾ।**



**ਗਗਨਦੀਪ ਸਿੰਘ, ਐਮ.ਏ. ਜੇਐਮਸੀ**
(ਮੋ. 95923-98822)

ਪੰਜਾਬੀਆਂ ਨੂੰ ਸਿਆਸਤ ਚੱਬਣ ਚਿੱਥਣ ਦਾ ਬੜਾ ਸੁਆਦ ਆਉਂਦੈ। ਜਿਥੇ ਵੀ ਦੋ ਚਾਰ ਸਿਰ ਜੁੜਦੇ ਹਨ ਭਾਵੇਂ ਉਹ ਆਮ ਥਾਂ ਹੋਵੇ ਅਤੇ ਭਾਵੇਂ ਖਾਸ, ਜੇ ਹੋਰ ਕੁਝ ਨਹੀਂ ਤਾਂ ਭਾਵੇ ਦਫਤਰ ਹੀ ਹੋਵੇ ਜਾਂ ਫਿਰ ਘਰ ਦਾ ਡਰਾਇੰਗ ਰੂਮ, ਬਸ ਰਸਮੀ ਦੋ ਚਾਰ ਗੱਲਾਂ ਪਿੱਛੋਂ ਧਾਤ ਦੇ ਤਵਿਆਂ ਵਾਂਗ ਸੂਈ ਆਪਣੇ-ਆਪਣੇ ਰਿਕਾਰਡ 'ਤੇ ਅਟਕਦੀ ਹੈ। ਫਿਰ ਨਾ ਪੁੱਛੋਂ ਕੁਝ, ਬਸ ਜ਼ਮੀਨ-ਅਸਮਾਨ। ਉਂਝ ਤਾਂ ਕਹਿੰਦੇ ਹਨ ਕਦੀ ਮਿਲਣਾ ਨਹੀਂ ਪਰ ਇਹ ਕੁਝ ਗਪੌੜ ਸੰਖ ਪਲਾਂ ਘੜੀਆਂ 'ਚ ਜ਼ਮੀਨ ਅਸਮਾਨ ਇਕ ਕਰਕੇ ਸਮਝੋ ਹੱਥਾਂ 'ਤੇ ਸਰ੍ਹੋਂ ਜਮਾ ਦਿੰਦੇ ਹਨ। ਪੰਜਾਬ ਦੀ ਰਾਜਨੀਤੀ ਦਾ ਸੁਆਦ ਲੈਣ ਵਾਲੇ ਤਾਂ ਕਿਸੇ ਸੰਸਕਾਰ 'ਤੇ ਗਏ ਜਾਂ ਕਿਸੇ ਦੀ ਮੌਤ ਦਾ ਅਫਸੋਸ ਕਰਨ ਗਏ ਵੀ ਨਹੀਂ ਟਲਦੇ। ਕੋਈ ਅਕਾਲੀ ਦਲ ਦਾ ਉਪਾਸ਼ਕ ਹੁੰਦਾ ਹੈ ਤੇ ਕੋਈ ਕੱਟੜ ਕਾਂਗਰਸੀ ਅਤੇ ਹੁਣ ਤਾਂ ਆਮ ਆਦਮੀ ਪਾਰਟੀ ਤੇ ਹੁਣੇ-ਹੁਣੇ ਹੋਂਦ 'ਚ ਆਈ ਖਹਿਰਾ ਦੀ ਪਾਰਟੀ ਦੇ ਫੈਨ ਵੀ ਗੱਲਾਂ ਦਾ ਕੜਾਹ ਬਣਾਉਣੋਂ ਨਹੀਂ ਟਲਦੇ, ਜਦਕਿ ਖੁਦ ਨੂੰ ਪਾਰਟੀਆਂ ਦਾ ਕਰਤਾ-ਧਰਤਾ ਅਖਵਾਉਣ ਵਾਲੇ ਇਹ ਲੋਕ ਇਸ ਗੱਲ ਤੋਂ ਭਲੀ-ਭਾਂਤ ਜਾਣੂ ਵੀ ਹੁੰਦੇ ਨੇ ਕਿ ਕਿਸੇ ਪਾਰਟੀ, ਕਿਸੇ ਲੀਡਰ ਦਾ ਭਰੋਸਾ ਕੋਈ ਨਹੀਂ ਕਿ ਕੱਲ੍ਹ ਨੂੰ ਉਹ ਕਿਸ ਪਾਰਟੀ 'ਚ ਜਾ ਬੈਠੇ, ਜਾਂ ਹੋ ਸਕਦਾ ਕੱਲ੍ਹ ਨੂੰ ਉਨ੍ਹਾਂ ਦਾ ਮਹਿਬੂਬ ਨੇਤਾ ਆਪਣੀ ਹੀ ਪਾਰਟੀ ਦੇ ਖਿਲਾਫ ਕੋਈ ਬਿਆਨ ਦੇ ਦੇਵੇ। ਇਹ ਗੱਲ ਪਿੱਛੇ ਜਿਹੇ ਕਾਂਗਰਸੀ ਵਿਧਾਇਕ ਜੀਰਾ ਨੇ ਅਤੇ ਪਿਛਲੀ ਸਰਕਾਰ ਵੇਲੇ ਨਵਜੋਤ ਕੌਰ ਸਿੱਧੂ ਨੇ ਸਾਬਿਤ ਕਰਕੇ ਵਿਖਾਈ ਹੈ। ਅਤੇ ਹੁਣ ਵੀ ਕਦੇ-ਕਦੇ ਕੈਪਟਨ ਸਾਹਿਬ ਦੀ ਵਜਾਰਤ 'ਚੋਂ ਵੀ ਅਜਿਹੇ ਸੰਕੇਤ ਮਿਲਣੇ ਸ਼ੁਰੂ ਹੋ ਜਾਂਦੇ ਨੇ ਜਦੋਂ ਕਿਤੇ ਬਾਜਵਾ ਜਾਂ ਸਿੱਧੂ ਕਿਸੇ ਸਟੇਜ 'ਤੇ ਕੈਪਟਨ ਸਾਹਿਬ ਬਾਰੇ ਜਾਂ ਪਾਰਟੀ ਦੀਆਂ ਨੀਤੀਆਂ ਬਾਰੇ ਕੋਈ ਟੀਕਾ ਟਿੱਪਣੀ ਕਰ ਦਿੰਦੇ ਨੇ। ਉਸ ਤੋਂ ਬਾਅਦ ਲੋਕਾਂ ਦੀ ਆਪਸੀ ਤਕਰਾਰਬਾਜ਼ੀ ਵੀ ਵੇਖਣ ਵਾਲੀ ਹੁੰਦੀ ਹੈ, ਹਾਲਾਂਕਿ ਕੁਝ ਦਿਨ ਬਾਅਦ ਫੇਰ ਇਹ ਰਾਜ ਨੇਤਾ ਆਪਸ ਵਿੱਚ ਜੱਫੀਆਂ ਪਾਉਂਦੇ ਵੀ ਵੇਖੇ ਜਾ ਸਕਦੇ ਨੇ।

ਖ਼ੈਰ! ਜੇ ਅੱਜ ਪੰਜਾਬ ਦੀ ਰਾਜਨੀਤੀ ਦੀ ਗੱਲ ਕਰੀਏ ਤਾਂ ਇਹ ਬਹੁਤ ਹੀ ਨਾਜੁਕ ਦੌਰ 'ਚ ਪਹੁੰਚੀ ਹੋਈ ਕਹੀ ਜਾ ਸਕਦੀ ਹੈ। ਅੱਜ ਦੀ ਰਾਜਨੀਤੀ ਵਿੱਚੋਂ ਲੋਕਾਂ ਦੇ ਮਸਲੇ ਜਾਂ ਸਮੱਸਿਆਵਾਂ ਮਨਫੀ ਹੋ ਗਈਆਂ ਨੇ। ਅੱਜ ਦੀ ਰਾਜਨੀਤੀ ਵਿੱਚ ਆਪਸੀ ਦੂਸ਼ਣਬਾਜੀ ਦਾ ਬੋਲ-ਬਾਲਾ ਹੈ। ਹਰੇਕ ਨੇਤਾ ਆਪਣੇ ਆਪ ਨੂੰ ਲੋਕਾਂ ਦੀਆਂ ਨਜ਼ਰਾਂ ਵਿੱਚ ਸਹੀ ਅਤੇ ਦੂਜਿਆਂ ਨੂੰ ਗਲਤ ਕਰਨ ਦੀ ਦੌੜ 'ਚ ਲੱਗਿਆ ਹੋਇਆ ਹੈ। ਇਹੀ ਕਾਰਨ ਹੈ ਕਿ ਅੱਜ ਲੋਕ ਮੁੱਦੇ ਅੱਜ ਦੀ ਰਾਜਨੀਤੀ ਵਿੱਚੋਂ ਨਹੀਂ ਲੱਭਦੇ। ਨਾ ਕਿਸੇ ਨੇਤਾ ਦਾ ਕੋਈ ਸਟੈਂਡ ਹੈ ਅਤੇ ਨਾ ਹੀ ਕਿਸੇ ਪਾਰਟੀ ਦਾ। ਅਤੇ ਕਈਂ ਵਾਰ ਨੇਤਾਵਾਂ ਦੇ ਬਿਆਨ ਵੀ ਅਜਿਹੇ ਆਉਂਦੇ ਨੇ ਕਿ ਇੰਝ ਪ੍ਰਤੀਤ ਹੁੰਦੈ ਕਿ ਉਹ ਲੋਕਾਂ ਨੂੰ ਜਮਾਂ ਹੀ ਮੂਰਖ ਸਮਝ ਕੇ ਉਨ੍ਹਾਂ ਦਾ ਧਿਆਨ ਲੋਕ ਸਮੱਸਿਆਵਾਂ ਤੋਂ ਭਟਕਾ ਕੇ ਹੋਰ ਪਾਸੇ ਲਗਾਉਣ ਦੀ ਕੋਸਿਸ਼ ਕਰਦੇ ਹਨ। ਕੈਂਸਰ ਦੇ ਇਲਾਜ ਸਬੰਧੀ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਨਵੀਂ ਦਿੱਲੀ, ਨੈਸ਼ਨਲ ਕੈਂਸਰ ਰਜਿਸਟਰੀ ਬੰਗਲੌਰ, ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦਿੱਲੀ, ਜਿਪਮਰ ਪੁਡੂਚੇਰੀ ਤੇ ਭਾਰਤ ਦੀਆਂ ਹੋਰ ਸੰਸਥਾਵਾਂ ਸਮੇਤ ਪੂਰੀ ਦੁਨੀਆ ਵਿਚ, ਜਿਵੇਂ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਸਵਿਟਜ਼ਰਲੈਂਡ, ਅਮਰੀਕਾ, ਯੂਰਪ, ਆਸਟ੍ਰੇਲੀਆ, ਸਿੰਗਾਪੁਰ, ਮੱਧ ਪੂਰਬ ਆਦਿ ਮੁਲਕਾਂ ਵਿਚ ਖੋਜਾਂ ਹੋ ਰਹੀਆਂ ਹਨ ਜਿਸ 'ਤੇ ਅਰਬਾਂ-ਖਰਬਾਂ ਡਾਲਰ ਖ਼ਰਚ ਕੀਤੇ ਜਾ ਰਹੇ ਹਨ ਪਰ ਗੁਜਰਾਤ ਤੋਂ ਸਾਡੇ ਸੰਸਦ ਮੈਂਬਰ ਸ਼ੰਕਰ ਭਾਈ ਵੇਗਾਡ ਦਾ ਕਹਿਣਾ ਹੈ ਕਿ ਗਾਂ ਦੇ ਪਿਸ਼ਾਬ ਤੇ ਗੋਹੇ ਨਾਲ ਕੈਂਸਰ ਬਿਲਕੁਲ ਠੀਕ ਹੋ ਜਾਂਦਾ ਹੈ। ਉਨ੍ਹਾਂ ਨੇ ਪਤਾ ਨਹੀਂ ਕਿਹੜੀ ਖੋਜ ਦੇ ਆਧਾਰ 'ਤੇ ਇਹ ਬਿਆਨ ਦਿੱਤਾ ਹੈ? ਸਮਝ ਨਹੀਂ ਲਗਦੀ ਕਿ ਜਨਤਾ ਦੁਆਰਾ ਚੁਣੇ ਹੋਏ ਨੇਤਾ ਇਸ ਤਰ੍ਹਾਂ ਦੇ ਹਾਸੋ-ਹੀਣੇ ਬਿਆਨ ਦੇ ਕੇ ਸਾਰੀ ਦੁਨੀਆ 'ਚ ਭਾਰਤ ਦਾ ਮਖੌਲ ਕਿਉਂ ਉਡਾਉਂਦੇ ਹਨ? ਸਿਹਤ ਠੀਕ ਰੱਖਣ ਵਾਸਤੇ ਵਰਜ਼ਿਸ਼, ਯੋਗ, ਆਯੂਸ਼ ਵਗ਼ੈਰਾ ਪੂਰੀ ਦੁਨੀਆ ਵਿਚ ਪ੍ਰਚਲਤ ਹਨ। ਜਦ ਬਿਮਾਰੀ ਆਉਂਦੀ ਹੈ ਤਾਂ ਉਹ ਕਿਸੇ ਨੂੰ ਨਹੀਂ ਬਖ਼ਸ਼ਦੀ; ਅਰੁਣ ਜੇਤਲੀ ਹੋਣ, ਗੋਆ ਦੇ ਮੁੱਖ ਮੰਤਰੀ ਮਨੋਹਰ ਪਰੀਕਰ ਤੇ ਭਾਵੇਂ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ। ਇਲਾਜ ਵਾਸਤੇ ਸਭ ਏਮਜ਼ ਨਵੀਂ ਦਿੱਲੀ ਜਾਂ ਅਮਰੀਕਾ ਦੇ ਹਸਪਤਾਲਾਂ 'ਚ ਹੀ ਜਾਂਦੇ ਹਨ, ਜਨਤਾ ਦੁਆਰਾ ਦਿੱਤੇ ਟੈਕਸਾਂ ਦੇ ਸਿਰ 'ਤੇ। ਇਹ ਕਦੀ ਨਹੀਂ ਸੁਣਿਆ ਕਿ ਕਿਸੇ ਨੇ ਗਾਂ ਦੇ ਗੋਹੇ ਜਾਂ ਪਿਸ਼ਾਬ ਨਾਲ ਜਾਂ ਬਾਬਾ ਰਾਮਦੇਵ ਦੇ ਫਾਰਮੂਲਿਆਂ ਨਾਲ ਇਲਾਜ ਕਰਵਾਇਆ ਹੋਵੇ।

ਪੰਜਾਬ ਦੀ ਰਾਜਨੀਤੀ ਵਿੱਚ ਕਿਸੇ ਵੀ ਪਾਰਟੀ ਦਾ ਕੋਈ ਸਟੈਂਡ ਨਜ਼ਰ ਨਹੀਂ ਆਉਂਦਾ, ਜਦੋਂ ਸਿੱਧੂ ਭਾਜਪਾ 'ਚ ਹੁੰਦਾ ਸੀ ਤਾਂ ਉਸ ਦੇ ਗੁਣ ਗਾਉਂਦਾ ਹੁੰਦਾ ਸੀ ਅਤੇ ਹੁਣ ਉਹ ਕਾਂਗਰਸ ਪਾਰਟੀ ਨੂੰ ਹੀ ਸਭ ਕੁਝ ਦੱਸਦੈ, ਅਜਿਹੇ ਵਰਤਾਰੇ ਵਿੱਚ ਤਾਂ ਸਾਫ ਹੀ ਹੈ ਕਿ ਲੋਕ ਹੀ ਬੁੱਧੂ ਨੇ ਜਿਹੜੇ ਇਨ੍ਹਾਂ ਦੇ ਮਗਰ ਲੱਗ ਆਪਸੀ ਭਾਈਚਾਰੇ ਨੂੰ ਦਾਅ 'ਤੇ ਲਾ ਛੱਡਦੇ ਨੇ। ਪੰਜਾਬ ਦੀ ਰਾਜਨੀਤੀ ਲੋਕਾਂ ਨਾਲ ਅਠਖੇਲੀਆਂ ਕਰਦੀ ਹੈ, ਪਰ ਲੋਕ ਇਨ੍ਹਾਂ ਅਠਖੇਲੀਆਂ ਨੂੰ ਬਹੁਤ ਛੇਤੀ ਭੁੱਲ ਜਾਂਦੇ ਨੇ। ਲੋਕ ਭਲਾਈ ਪਾਰਟੀ ਵਾਲੇ ਰਾਮੂੰਵਾਲੀਆਂ ਸਾਹਿਬ ਬਾਦਲਾਂ ਨੂੰ ਅੱਕ ਤੋਂ ਵੀ ਕੌੜੇ ਦੱਸਦੇ ਸਨ, ਪਰ ਬਾਅਦ ਵਿੱਚ ਅਕਾਲੀ ਦਲ 'ਚ ਸ਼ਾਮਿਲ ਹੋ ਗਏ ਤੇ ਉਨ੍ਹਾਂ ਲਈ ਅਕਾਲੀ ਰੱਬ ਹੋ ਗਏ ਸਨ। ਅੱਜ ਉਨ੍ਹਾਂ ਦੀ ਪਾਰਟੀ ਦਾ ਨਾਮੋ-ਨਿਸ਼ਾਨ ਵੀ ਨਹੀਂ ਰਿਹਾ।

ਅੱਜ ਵੀ ਪੰਜਾਬ ਦੀ ਰਾਜਨੀਤੀ 'ਚ ਅਜਿਹੇ ਹੀ ਹਾਲਾਤ ਬਣੇ ਹੋਏ ਨੇ। ਕਾਂਗਰਸ ਅਕਾਲੀਆਂ ਤੋਂ ਬਾਅਦ ਇੱਕ ਵਾਰ ਮਨਪ੍ਰੀਤ ਬਾਦਲ ਦੀ ਪੀਪੀਪੀ ਵੇਲੇ ਲੋਕਾਂ ਨੂੰ ਲੱਗਦਾ ਸੀ ਕਿ ਸ਼ਾਇਦ ਹੁਣ ਪੰਜਾਬ ਵਿੱਚ ਕੋਈ ਤੀਜੀ ਧਿਰ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਵਾਏਗੀ ਪਰ ਬਰਸਾਤੀ ਮੌਸਮ ਵਾਂਗੂੰ ਉੱਘੇ ਘਾਹ ਵਾਂਗ ਉਹ ਕੁਝ ਮਹੀਨਿਆਂ 'ਚ ਹੀ ਖਤਮ ਹੋ ਗਈ ਅਤੇ ਜਿਹੜੇ ਲੋਕ ਉਸ ਪਾਰਟੀ ਨੂੰ ਆਪਣੀ ਹਰਮਨ-ਪਿਆਰੀ ਪਾਰਟੀ ਦੱਸਦੇ ਸਨ ਉਹ ਵਿਚਾਰੇ ਰੌਲਾ ਪਾ ਕੇ ਬੈਠ ਗਏ। ਆਮ ਆਦਮੀ ਪਾਰਟੀ ਦੇ ਵੇਲੇ ਵੀ ਪੰਜਾਬ 'ਚ ਇਹੀ ਹੋਇਆ ਸੀ ਪਰ ਹੁਣ ਉਹ ਵੀ ਦੋ ਧੜਿਆਂ 'ਚ ਵੰਡੀ ਗਈ ਹੈ ਅਤੇ ਉਸ ਦਾ ਭਵਿੱਖ ਪੰਜਾਬ 'ਚ ਕੋਈ ਜਿਆਦਾ ਵਧੀਆ ਵਿਖਾਈ ਨਹੀਂ ਦੇ ਰਿਹਾ। ਇਸ ਪਾਰਟੀ ਦੇ ਪਤਨ ਦਾ ਵੱਡਾ ਕਾਰਨ ਕੁਰਸੀ ਦੀ ਭੁੱਖ ਸੀ। ਆਪ ਦੇ ਨਵੇਂ ਬਣੇ ਸਾਰੇ ਹੀ ਨੇਤਾ ਕੁਰਸੀ ਦੀ ਲਾਲਸਾ ਵਿੱਚ ਇੱਕ ਦੂਜੇ ਦੀਆਂ ਲੱਤਾਂ ਖਿੱਚਦੇ ਰਹੇ ਅਤੇ ਇਸ ਦਾ ਹਸ਼ਰ ਸਭ ਨੇ ਵੇਖ ਲਿਆ ਹੈ। ਸਮਝਣ ਵਾਲੇ ਤਾਂ ਸਮਝ ਗਏ ਸਨ ਕਿ ਜੋ ਪਾਰਟੀ ਇੰਨੇ ਸਮੇਂ ਵਿੱਚ ਇਹ ਐਲਾਨ ਨਹੀਂ ਕਰ ਸਕੀ ਕਿ ਜੇ ਉਹ ਸੱਤਾ ਵਿੱਚ ਆਉਂਦੇ ਨੇ ਤਾਂ ਪੰਜਾਬ ਦਾ ਮੁੱਖ ਮੰਤਰੀ ਕੌਣ ਹੋਵੇਗਾ, ਉਸ ਪਾਰਟੀ ਦਾ ਹਸ਼ਰ ਅਜਿਹਾ ਹੀ ਹੋਣ ਵਾਲਾ ਹੈ।

ਇਸ ਕੋਝੀ ਰਾਜਨੀਤੀ ਵਿੱਚ ਲੋਕ ਆਪਸੀ ਉਲਝਣਬਾਜ਼ੀ ਵਿਚ ਫਸੇ ਪਏ ਨੇ ਜਦ ਕਿ ਇਹ ਸਭ ਨੂੰ ਪਤਾ ਹੁੰਦਾ ਕਿ ਕਿਸੇ ਵੀ ਪਾਰਟੀ ਜਾਂ ਕਿਸੇ ਵੀ ਨੇਤਾ ਦਾ ਭਰੋਸਾ ਕੋਈ ਨਹੀਂ ਹੈ ਕਿ ਉਹ ਪਾਰਟੀ ਪ੍ਰਤੀ ਅਤੇ ਲੋਕਾਂ ਪ੍ਰਤੀ ਕਿੰਨਾ ਕੁ ਵਫਾਦਾਰ ਹੈ। ਪੰਜਾਬ ਦੀ ਰਾਜਨੀਤੀ ਵਿੱਚ ਅੱਜ ਵੱਡੇ ਪੱਧਰ ਉੱਤੇ ਖਿੱਚੋ-ਤਾਣੀ ਚੱਲ ਰਹੀ ਹੈ। ਇਸ ਖਿੱਚੋ-ਤਾਣੀ ਵਿੱਚ ਆਮ ਜਨਤਾ ਦਾ ਨੁਕਸਾਨ ਹੋ ਰਿਹਾ ਹੈ, ਅਖਬਾਰਾਂ ਦੀਆਂ ਸੁਰਖੀਆਂ ਇੱਕ ਦੂਜੇ ਉੱਤੇ ਚਿੱਕੜ ਸੁੱਟਣ ਤੱਕ ਸੀਮਿਤ ਹੋ ਕੇ ਰਹਿ ਗਈਆਂ ਨੇ, ਵਿਕਾਸ ਦੇ ਸਿਰਫ ਨਾਅਰੇ ਹੀ ਰਹਿ ਗਏ ਹਨ। ਬੇਰੁਜਗਾਰੀ, ਨਸ਼ੇ ਵਰਗੀਆਂ ਲਾਹਣਤਾਂ ਨੂੰ ਖਤਮ ਕਰਨ ਦੀਆਂ ਗੱਲਾਂ ਕਰਨ ਵਾਲੇ ਨੇਤਾ ਇਹ ਨਹੀਂ ਸਮਝ ਸਕੇ ਕਿ ਇਹ ਚੀਜ਼ਾਂ ਤਾਂ ਕਦੇ ਖਤਮ ਹੋ ਨਹੀਂ ਸਕਦੀਆਂ, ਸਿਰਫ ਘੱਟ ਕੀਤੀਆਂ ਜਾ ਸਕਦੀਆਂ ਨੇ ਅਤੇ ਘੱਟ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਜਾਂਦਾ, ਸਿਰਫ ਬਿਆਨਬਾਜੀ ਕਰਕੇ ਹੀ ਬੁੱਤਾ ਸਾਰਿਆ ਜਾਂਦਾ ਹੈ। ਜੇ ਭੁੱਲ-ਭੁਲੇਖੇ ਪੁਲਿਸ ਕਿਸੇ ਵੱਡੇ ਨਸ਼ੇ ਦੇ ਵਪਾਰੀ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੀ ਹੈ ਤਾਂ ਰਾਜੀਨਿਤਕ ਦਬਾਅ ਹੀ ਕੁਝ ਨਹੀਂ ਕਰਨ ਦਿੰਦਾ।

ਸਮੁੰਦਰ ਦੀਆਂ ਲਹਿਰਾਂ ਵਾਂਗ ਪਾਰਟੀਆਂ ਅਤੇ ਨੇਤਾਵਾਂ ਦਾ ਜਨਮ ਹੋਣਾ ਪੰਜਾਬ ਦੀ ਰਾਜਨੀਤੀ ਵਿਚ ਆਮ ਜਿਹੀ ਗੱਲ ਹੋ ਗਈ ਹੈ ਅਤੇ ਇਹ ਲਹਿਰਾਂ ਕੁਝ ਸਮੇਂ ਬਾਅਦ ਸ਼ਾਂਤ ਹੋ ਜਾਂਦੀਆਂ ਨੇ। ਚੰਗੇ ਦਿਨਾਂ ਦੀ ਆਸ ਲਾ ਕੇ ਬੈਠੇ ਲੋਕਾਂ ਨੂੰ ਫੇਰ ਕੋਈ ਪਾਰਟੀ ਦੀ ਉਡੀਕ ਲੱਗ ਜਾਂਦੀ ਹੈ। ਨਵੀਆਂ ਬਣੀਆਂ ਪਾਰਟੀਆਂ

**ਬਾਕੀ ਸਫ਼ਾ 32 'ਤੇ**

# ਚੋਣ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਬਣਾਇਆ ਜਾਵੇ

**ਮੱਖਣ ਕੁਹਾੜ**




ਵਿਧਾਨ ਸਭਾ ਜਾਂ ਲੋਕ ਸਭਾ ਦੀਆਂ ਚੋਣਾਂ ਵੇਲੇ ਇੱਕ ਕੋਹਰਾਮ ਮਚ ਜਾਂਦਾ ਹੈ। ਹਰ ਪਾਸੇ ਜੰਗ ਦੇ ਮੈਦਾਨ ਵਾਲੀ ਹਾਲਤ ਬਣ ਜਾਂਦੀ ਹੈ। ਸਰਮਾਏਦਾਰ ਜਾਗੀਰਦਾਰ ਪਾਰਟੀਆਂ ਵੋਟਾਂ ਬਟੋਰਨ ਲਈ ਆਪਣਾ ਅੱਡੀ ਚੋਟੀ ਦਾ ਜ਼ੋਰ ਲਾਉਂਦੀਆਂ ਹਨ। ਹਰ ਕੋਝੇ ਤੋਂ ਕੋਝਾ, ਵੱਡੇ ਤੋਂ ਵੱਡਾ ਅਤੇ ਘਟੀਆ ਤੋਂ ਘਟੀਆ ਹਥਿਆਰ ਵਰਤਣ ਤੋਂ ਕੋਈ ਗੁਰੇਜ਼ ਨਹੀਂ ਕੀਤਾ ਜਾਂਦਾ। ਝੂਠ ਤੇ ਛਲ ਕਪਟ ਦਾ ਸਹਾਰਾ ਲਿਆ ਜਾਂਦਾ ਹੈ। ਵੋਟਰਾਂ ਨੂੰ ਭਰਮਾਉਣ ਲਈ ਪੈਸੇ ਵੰਡੇ ਜਾਂਦੇ ਹਨ। ਭੁੱਕੀਆਂ, ਸ਼ਰਾਬਾਂ ਤੇ ਹੋਰ ਹਰ ਪ੍ਰਕਾਰ ਦੇ ਨਸ਼ੇ ਵਰਤਾਏ ਜਾਂਦੇ ਹਨ। ਟੀ.ਵੀ. ਸੈੱਟ, ਫਰਿੱਜਾਂ, ਮੋਟਰਸਾਇਕਲ ਤੇ ਹੋਰ ਕਈ ਕੁਝ ਵੋਟਰਾਂ ਦੇ ਘਰੀਂ ਪਹੁੰਚਾਇਆ ਜਾਂਦਾ ਹੈ। ਮਾਹੌਲ ਇਸ ਤਰ੍ਹਾਂ ਦਾ ਬਣਾਇਆ ਜਾਂਦਾ ਹੈ ਕਿ ਜਿਹੜਾ ਵਧੇਰੇ ਪੈਸੇ ਵੰਡ ਗਿਆ ਜਾਂ ਵਧੇਰੇ ਝੂਠ ਬੋਲ ਗਿਆ, ਉਹੀ ਜਿੱਤੇਗਾ। ਲੋਕਾਂ ਨੂੰ ਕਾਵਾਂ-ਰੌਲੀ ਵਿਚ ਕੁਝ ਸਮਝ ਨਹੀਂ ਲਗਦੀ। ਨਵੇਂ ਨਵੇਂ ਤੇ ਲੁਭਾਉਣੇ ਲਾਰੇ ਲਾਏ ਜਾਂਦੇ ਹਨ।

ਇਸ ਵਕਤ ਦੇਸ਼ ਵਿੱਚ ਗਰੀਬ ਤੇ ਪੇਂਡੂ ਲੋਕਾਂ ਦੀ ਲਗਭਗ 70 ਪ੍ਰਤੀਸ਼ਤ ਵਸੋਂ ਹੈ। ਚੋਣਾਂ ਸਮੇਂ ਪਾਰਟੀਆਂ ਵਲੋਂ ਬਾਹੂਬਲੀਆਂ ਰਾਹੀਂ ਲੋਕਾਂ ਨੂੰ ਡਰਾਇਆ ਵੀ ਜਾਂਦਾ ਹੈ ਤੇ ਮਾਇਆਜਾਲ ਵਿੱਚ ਫਸਾ ਕੇ ਭਰਮਾਇਆ ਵੀ ਜਾਂਦਾ ਹੈ। ਲੋਕਾਂ ਨੂੰ ਧਰਮਾਂ, ਜਾਤਾਂ, ਮਜ਼੍ਹਬਾਂ, ਖਿੱਤਿਆਂ ਵਿੱਚ ਵੰਡਣ ਲਈ ਹਰ ਯਤਨ ਕੀਤਾ ਜਾਂਦਾ ਹੈ। ਹਰ ਪਾਰਟੀ ਦਾ ਨੇਤਾ ਇਹੀ ਆਖਦਾ ਹੈ ਕਿ ਉਹ ਦੇਸ਼ ਦੀ, ਸਬੰਧਤ ਪ੍ਰਾਂਤ ਦੀ ਅਤੇ ਲੋਕਾਂ ਦੀ 'ਤਨ-ਮਨ-ਧਨ' ਨਾਲ ਸੇਵਾ ਕਰਨਾ ਚਾਹੁੰਦਾ ਹੈ। ਪੁੱਛਿਆ ਤਾਂ ਇਹੀ ਜਾਣਾ ਚਾਹਿਦਾ ਹੈ ਕਿ ਕੀ ਸੇਵਾ ਵਿਧਾਇਕ ਜਾਂ ਕੋਈ ਵਿਧਾਨਿਕ ਅਹੁਦੇਦਾਰ ਬਣਨ ਤੋਂ ਬਿਨਾਂ ਨਹੀਂ ਹੁੰਦੀ ? ਸੇਵਾ ਤਾਂ ਕਦੇ ਕਿਸੇ ਅਹੁਦੇ ਦੀ ਮੁਹਤਾਜ ਨਹੀਂ ਹੋਈ। ਸੇਵਾ ਲਈ ਤਾਂ ਕੇਵਲ ਸੱਚੀ-ਸੁੱਚੀ ਭਾਵਨਾ ਤੇ ਪ੍ਰਤੀਬੱਧਤਾ ਦੀ ਲੋੜ ਹੁੰਦੀ ਹੈ। ਇਸ ਵਕਤ ਭਾਰਤ ਅਤੇ ਭਾਰਤ ਦੇ ਸਾਰੇ ਪ੍ਰਾਂਤਾਂ ਵਿੱਚ ਗਰੀਬ ਵਰਗ ਤਿੰਨ ਚੌਥਾਈ ਹਿੱਸੇ ਦੇ ਲਗਭਗ ਹੈ। ਇਹੀ ਉਹ ਸਾਧਨਹੀਣ ਵਰਗ ਹੈ ਜਿਸ ਨੂੰ ਸ਼ਿਕਾਰ ਬਣਾਉਣ ਲਈ ਚੋਣ ਲੜਨ ਵਾਲੇ ਸ਼ਿਕਾਰੀ ਝੂਠੇ ਲਾਰਿਆਂ ਦਾ ਲਿਖਤੀ ਦਸਤਾਵੇਜ਼ ਜਾਰੀ ਕਰਦੇ ਹਨ।

ਚੋਣ ਲੜਦੀਆਂ ਸਰਮਾਏਦਾਰ ਪਾਰਟੀਆਂ ਅਤੇ ਆਗੂ ਉਨ੍ਹਾਂ ਢੱਗਿਆਂ ਵਾਂਗ ਹਨ ਜੋ ਵਧੀਆ ਚਾਰਾ ਤੇ ਚੰਗੀ ਫੀਡ ਲਈ ਸਰਮਾਏਦਾਰੀ ਦੇ ਜੂਲੇ ਵਿਚ ਜੁਪਣ ਲਈ ਕਾਹਲੇ ਹੁੰਦੇ ਹਨ। ਉਹ ਹੇਠਲਿਆਂ ਨੂੰ ਲਿਤਾੜ ਕੇ ਉੱਪਰਲਿਆਂ ਨੂੰ ਲਾਭ ਪਹੁੰਚਾਉਣ ਦਾ ਕੰਮ ਕਰਦੇ ਹਨ ਅਤੇ ਵਿੱਚੋਂ ਆਪ ਵੀ ਵਗਦੀ 'ਗੰਗਾ' ਵਿੱਚ ਹੱਥ ਹੀ ਨਹੀਂ ਧੋਂਦੇ ਬਲਕਿ ਖ਼ੂਬ ਇਸ਼ਨਾਨ ਵੀ ਕਰਦੇ ਹਨ। ਖ਼ੁਦ ਵੀ ਆਮੀਰ ਤੇ ਹੋਰ ਅਮੀਰ ਹੋਣ ਦੇ ਸੁਪਨੇ ਲੈਂਦੇ ਹਨ ਅਤੇ ਆਪਣੇ ਇਸ 'ਪ੍ਰਬੰਧ' ਰੂਪੀ 'ਆਕਾ' ਦੀ ਵਿਵਸਥਾ ਨੂੰ ਹੋਰ ਮਜ਼ਬੂਤ ਤੇ ਖੁਸ਼ਹਾਲ ਕਰਨ ਦੇ ਮਕਸਦ ਨਾਲ ਚੋਣ ਲੜਦੇ ਹਨ। ਚੋਣ ਖਿਡਾਰੀ ਆਖਦੇ ਇਹੀ ਹਨ ਕਿ ਉਹ ਲੋਕਾਂ ਦੀ ਸੇਵਾ ਕਰਨਗੇ, ਲੋਕਾਂ ਨੂੰ ਵੱਖ ਵੱਖ ਰਾਹਤਾਂ ਦੇਣਗੇ, ਗਰੀਬੀ ਦੂਰ ਕਰਨਗੇ, ਗਰੀਬੀ ਅਮੀਰੀ ਦਾ ਪਾੜਾ ਘੱਟ ਕਰਨਗੇ। ਹਰ ਇੱਕ ਨੂੰ ਰੋਜਗਾਰ ਦੇਣਗੇ। ਚੰਗੀਆਂ ਤੇ ਮੁਫ਼ਤ ਸਿਹਤ ਤੇ ਸਿੱਖਿਆ ਦੀ ਸਹੂਲਤ ਦੇਣਗੇ। ਦਲਿਤਾਂ ਦੇ ਗਰੀਬੀ ਨਾਲ ਹੁੰਦਾ ਵਿਤਕਰਾ ਦੂਰ ਕਰਨਗੇ, ਪੁਲੀਸ ਦੇ ਕਹਿਰ ਤੋਂ ਬਚਾਉਣਗੇ, ਲੋਕਾਂ ਨੂੰ ਨਿਆਂ ਦਿਵਾਉਣਗੇ, ਸਭ ਲੋਕਾਂ ਨੂੰ ਬਰਾਬਰ ਸਮਝਣਗੇ, ਆਦਿ-ਆਦਿ। ਪਰ ਇਹ ਸਭ ਝੂਠ ਹੁੰਦਾ ਹੈ।ਲੋਕ ਜਲਦੀ ਹੀ ਠੱਗੇ ਗਏ ਮਹਿਸੂਸ ਕਰਨ ਲੱਗ ਜਾਂਦੇ ਹਨ। ਉਮੀਦਵਾਰ ਜੇਤੂ ਹੋ ਕੇ ਲੋਕ ਸੇਵਾ ਨਹੀਂ, ਖ਼ੁਦ ਦੀ ਸੇਵਾ ਕਰਦੇ ਹਨ। ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਦੇ ਹਨ। ਉਨ੍ਹਾਂ ਦੀਆਂ ਜ਼ਮੀਨਾਂ ਜਾਇਦਾਦਾਂ ਦਾ ਕੋਈ ਅੰਤ ਨਹੀਂ ਰਹਿੰਦਾ। ਘਰ ਦੇ ਜੀਆਂ ਤੋਂ ਬਿਨਾਂ ਬੇਨਾਮੀ ਜਾਇਦਾਦ ਬੇਹਿਸਾਬ ਹੋ ਜਾਂਦੀ ਹੈ। ਇਹੀ ਉਨ੍ਹਾਂ ਦਾ ਅਸਲ ਅਤੇ ਮੈਨੀਫੈਸਟੋ ਉਦੇਸ਼ ਹੁੰਦਾ ਹੈ।

ਅਮੀਰ ਅਜ਼ਾਰੇਦਾਰ ਸ਼੍ਰੇਣੀ ਚੋਣਾਂ ਦੀ ਖੇਡ ਰਚਾਉਂਦੀ ਹੈ। ਚਾਹੇ ਕੋਈ ਵੀ ਪਾਰਟੀ ਹਾਰੇ ਕੋਈ ਵੀ ਪਾਰਟੀ ਜਿੱਤੇ, ਇਸ ਵਿੱਚ ਜਿੱਤ ਹਾਰ ਹਰ ਹਾਲਤ ਅਮੀਰ ਸ਼੍ਰੇਣੀ ਦੀ ਹੀ ਹੁੰਦੀ ਹੈ। ਅਮੀਰ ਸ਼੍ਰੇਣੀ ਨੇ ਕੇਂਦਰੀ ਜਾਂ ਸੂਬਾਈ ਚੋਣਾਂ ਵਿਚ ਜਿਹੜੀ ਪਾਰਟੀ ਜਿੱਤੇ ਉਸ ਨੂੰ ਆਪਣੇ ਮਕਸਦ ਲਈ ਵਰਤਣਾ ਹੁੰਦਾ ਹੈ। ਸੰਵਿਧਾਨ ਦਾ ਚੌਖਟਾ ਹੀ ਇਸ ਤਰ੍ਹਾਂ ਬਣਾ ਲਿਆ ਜਾਂਦਾ ਹੈ ਕਿ ਉਹ ਹਰ ਹਾਲਤ ਵਿੱਚ ਉੱਚ ਸ਼੍ਰੇਣੀ ਦੇ ਹਿੱਤਾਂ ਵਿੱਚ ਭੁਗਤੇ ਅਤੇ ਇੱਕ ਸੀਮਾ ਵਿੱਚ ਰਹਿ ਕੇ ਕੰਮ ਕਰੇ ਤੇ ਜੋ ਵੀ ਕਰੇ ਅਮੀਰ ਅਜ਼ਾਰੇਦਾਰ ਸ਼੍ਰੇਣੀ ਦੇ ਲਾਭ ਵਾਸਤੇ ਹੋਵੇ। ਕਿਸੇ ਤਰ੍ਹਾਂ ਵੀ ਉਸਦਾ ਲਾਭ ਗ਼ਰੀਬਾਂ ਨੂੰ ਨਾ ਮਿਲੇ ਜੇ ਮਿਲੇ ਵੀ ਤਾਂ ਉਹ ਘੱਟ ਤੋਂ ਘੱਟ ਹੋਵੇ। ਗਰੀਬਾਂ ਨੂੰ ਸਿਰਫ ਲਾਰਿਆਂ ਦਾ ਲਾਲੀਪਾਪ ਹੀ ਦਿੱਤਾ ਜਾਵੇ।

ਦੇਸ਼ ਆਜ਼ਾਦ ਹੋਣ ਪਿੱਛੋਂ ਪਹਿਲਾਂ ਪਹਿਲ ਤਾਂ ਪਹਿਲੀਆਂ ਕੁਝ ਚੋਣਾਂ ਵਿਚ ਚੋਣ ਲੜਦੀਆਂ ਪਾਰਟੀਆਂ ਕਾਂਗਰਸ, ਜਨਸੰਘ ਜਾਂ ਅਕਾਲੀ ਆਦਿ ਲੋਕਾਂ ਤੋਂ ਵੋਟਾਂ ਬਟੋਰਨ ਲਈ ਜ਼ਬਾਨੀ ਕਲਾਮੀ ਹੀ ਵਾਅਦੇ ਕਰਦੀਆਂ ਸਨ ਅਤੇ ਲੋਕ ਇਨ੍ਹਾਂ ਦੇ ਭਰਮਾਊ ਨਾਹਰਿਆਂ ਦਾ ਝੱਟ ਸ਼ਿਕਾਰ ਵੀ ਹੋ ਜਾਂਦੇ ਸਨ,ਕਿਉਂਕਿ ਲੋਕ ਕਾਂਗਰਸ ਦੀ ਅਗਵਾਈ ਵਿੱਚ ਆਜ਼ਾਦੀ ਦੀ ਲੜਾਈ ਲੜੇ ਸਨ। ਲੋਕ ਇਨ੍ਹਾਂ ਉੱਤੇ ਛੇਤੀ ਇਤਬਾਰ ਕਰ ਲੈਂਦੇ ਸਨ। ਪਰ ਜਲਦੀ ਹੀ ਇਹ ਵਾਅਦੇ ਹਵਾ ਦੇ ਬੁੱਲੇ ਬਣ ਕੇ ਲੋਕਾਂ ਦੀਆਂ ਨਜ਼ਰਾਂ ਤੋਂ ਓਝਲ ਹੁੰਦੇ ਦਿਸੇ। ਲੋਕਾਂ ਨੂੰ ਵਾਅਦਿਆਂ ਦੇ ਭਰਮਜਾਲ ਵਿਚ ਫਸਾਉਣ ਲਈ ਪਾਰਟੀਆਂ ਵੀ ਹੋਰ ਚਲਾਕ ਹੋ ਗਈਆਂ ਤੇ ਉਹ ਸ਼ਿਕਾਰੀ ਦੇ ਸ਼ਿਕਾਰ ਨੂੰ ਜਾਲ ਵਿੱਚ ਫਸਾਉਣ ਲਈ ਮਜ਼ਬੂਤ ਤੇ ਬਾਰੀਕ ਜਾਲ ਬੁਣਨ ਤੇ ਨਾਲ-ਨਾਲ ਨਵਾਂ ਚੋਗਾ ਖਿਡਾਉਣ ਵਾਂਗ ਵਾਅਦਿਆਂ ਦਾ ਲਿਖਤੀ ਜਾਲ ਬੁਣਨ ਲੱਗੀਆਂ। ਵਾਅਦਿਆਂ ਦੇ ਲਿਖਤੀ ਜਾਲ ਨੂੰ 'ਚੋਣ ਮੈਨੀਫ਼ੈਸਟੋ' ਦਾ ਨਾਮ ਦਿੱਤਾ ਗਿਆ। ਲੋਕਾਂ ਨੂੰ ਭਰਮਾਉਣ ਲਈ ਇਕ-ਦੂਜੇ ਤੋਂ ਵੱਧ ਕੇ ਵਾਅਦੇ ਹੋਣ ਲੱਗੇ। ਸਹਿਜੇ-ਸਹਿਜੇ ਇਹ 'ਚੋਣ ਮੈਨੀਫ਼ੈਸਟੋ' ਉਸ ਹਰੇ ਚਾਰੇ ਵਰਗੇ ਬਣ ਗਏ ਹਨ, ਜਿਸ ਨੂੰ ਦਿਖਾ ਕੇ ਕਸਾਈ ਬੱਕਰੇ ਨੂੰ ਬੁੱਚੜਖਾਨੇ ਤੀਕ ਸੌਖਿਆਂ ਲੈ ਜਾਂਦਾ ਹੈ। ਬਸ ਇਕ ਵਾਰ ਭਰਮਾਊ ਲਾਰਿਆਂ ਵਿਚ ਲੋਕਾਂ ਨੂੰ ਅਪਣੇ ਮਗਰ ਲਾਇਆ; ਵੋਟਾਂ ਬਟੋਰੀਆਂ ਤੇ ਫਿਰ 'ਤੂੰ ਕੌਣ-ਮੈਂ ਕੌਣ'। ਫਿਰ ਇਹ ਜੇਤੂ ਪਾਰਟੀਆਂ ਤੇ ਉਨਾਂ ਦੇ ਉਮੀਦਵਾਰ ਅਸਲ ਰੰਗ ਵਿਚ ਆ ਜਾਂਦੇ ਹਨ। ਮੈਨੀਫ਼ੈਸਟੋ ਰਾਹੀਂ ਕੀਤੇ ਸਭ ਵਾਅਦੇ ਕਿਸੇ ਕੂੜੇਦਾਨ ਵਿਚ ਸੁੱਟ ਦਿੱਤੇ ਜਾਂਦੇ ਹਨ ਅਤੇ ਮੈਨੀਫੈਸਟੋ ਰਾਹੀਂ ਕੀਤੇ ਵਾਅਦਿਆਂ ਨੂੰ ਇਕ 'ਚੋਣ ਜੁਮਲਾ' ਕਹਿ ਕੇ ਲੋਕਾਂ ਦੀਆਂ ਆਸਾਂ ਅਤੇ ਭਰੋਸਿਆਂ ਦਾ ਮਖੌਲ ਉਡਾਇਆ ਜਾਂਦਾ ਹੈ। ਅਜਿਹੀ ਹਾਲਤ ਵਿਚ ਲੋਕ ਕਿੱਥੇ ਜਾਣ ? ਕੀ ਕਰਨ ? ਕਿਸ ਨੂੰ ਫ਼ਰਿਆਦ ਕਰਨ ? ਇਹ ਕੋਈ ਕਾਨੂੰਨੀ ਦਸਤਾਵੇਜ਼ ਤਾਂ ਹੈ ਨਹੀਂ ਕਿ ਜਿਸ ਨੂੰ ਅਦਾਲਤ ਵਿਚ ਵੰਗਾਰਿਆ ਜਾ ਸਕੇ। ਕਿਸੇ ਪਾਰਟੀ ਵਿਰੁੱਧ ਕੇਸ ਦਾਇਰ ਕੀਤਾ ਜਾ ਸਕੇ। ਲੋਕ ਹੱਥ ਮਲਦੇ ਤੇ ਪਸਚਾਤਾਪ ਕਰਦੇ ਹੀ ਰਹਿ ਜਾਂਦੇ ਹਨ। ਉਨ੍ਹਾਂ ਕੋਲ ਉਹੀ ਰਹਿ ਜਾਂਦਾ ਹੈ ਜੋ ਉਨ੍ਹਾਂ ਕੋਲ ਸ਼ਿਕਾਰੀ ਦੇ ਜਾਲ ਵਿਛਾਉਣ ਤੋਂ ਪਹਿਲਾਂ ਥੋੜ੍ਹਾ ਬਹੁਤ ਚੋਗਾ ਖਿਲਾਰਿਆ ਹੁੰਦਾ ਹੈ, ਜੋ ਚੋਣਾਂ ਤੋਂ ਪਹਿਲਾਂ ਉਨ੍ਹਾਂ ਨੂੰ ਨਕਦ ਜਾਂ ਕਿਸੇ ਹੋਰ ਰੂਪ ਵਿਚ ਵੋਟਾਂ ਦੇ ਮੁੱਲ ਦੇ ਰੂਪ ਵਿੱਚ ਮਿਲਿਆ ਹੁੰਦਾ ਹੈ, ਗ਼ਰੀਬ ਉਸੇ ਨੂੰ ਹੀ ਗਨੀਮਤ ਸਮਝ ਲੈਂਦੇ ਹਨ। ਇਹੀ ਉਨ੍ਹਾਂ ਪਿਛਲੇ ਸੱਤ ਦਹਾਕਿਆਂ ਤੇ ਤਜਰਬੇ ਵਿਚ ਸਿੱਖਿਆ ਹੈ। ਉਹ ਬੇਵੱਸ ਹਨ। ਕੋਈ ਉਨ੍ਹਾਂ ਦੀ ਬਾਂਹ ਫੜਨ ਵਾਲਾ ਸਾਹਮਣੇ ਨਹੀਂ ਦਿਸਦਾ।

ਗ਼ਰੀਬ, ਬੇਵੱਸ ਵੋਟਰ ਕਰੇ ਵੀ ਤਾਂ ਕੀ ਕਰੇ। ਉਸ ਦੇ ਸਾਹਮਣੇ ਆਮ ਤੌਰ 'ਤੇ ਦੋ ਹੱਟੇ-ਕੱਟੇ ਪਹਿਲਵਾਨ ਖੜ੍ਹੇ ਕਰ ਦਿੱਤੇ ਜਾਂਦੇ ਹਨ। ਉਨ੍ਹਾਂ ਨੂੰ ਇਨ੍ਹਾਂ ਵਿੱਚੋਂ ਇਕ ਦੀ ਚੋਣ ਕਰਨ ਲਈ ਕਿਹਾ ਜਾਂਦਾ ਹੈ। ਵਿਚਾਰਾ ਵੋਟਰ ਚੰਗੀ ਤਰ੍ਹਾਂ ਜਾਣਦਾ ਹੈ ਕਿ ਇਨ੍ਹਾਂ ਨੇ ਉਸ ਨੂੰ ਕੁੱਟਣਾ ਵੀ ਹੈ ਤੇ ਲੁੱਟਣਾ ਵੀ, ਪਰ ਉਹ ਮਜਬੂਰ ਹੁੰਦਾ ਹੈ। ਵੋਟਰ ਦੋ ਪਹਿਲਵਾਨਾਂ ਵਿੱਚੋਂ ਇੱਕ ਨੂੰ 'ਕੁੱਝ ਕੁ ਚੰਗਾ' ਸਮਝ ਕੇ ਚੁਣ ਲੈਂਦਾ ਹੈ।

ਪਰ ਵੋਟਰ ਹੈਰਾਨ ਪ੍ਰੇਸ਼ਾਨ ਹੁੰਦਾ ਹੈ ਜਦ ਉਸ ਦਾ ਚੁਣਿਆ 'ਕੁੱਝ ਚੰਗਾ' ਥੋੜ੍ਹੇ ਹੀ ਅਰਸੇ ਬਾਅਦ ਦੂਸਰੇ ਤੋਂ ਵੀ ਵੱਧ ਸ਼ਕਤੀਸ਼ਾਲੀ ਲੁਟੇਰਾ ਤੇ ਜਾਬਰ ਬਣ ਜਾਂਦਾ ਹੈ। ਵੋਟਰ ਫੇਰ ਅਗਲੇ ਪੰਜ ਸਾਲ ਉਸ ਤੋਂ ਨਿਰੰਤਰ ਕੁੱਟ ਖਾਂਦੇ ਰਹਿੰਦੇ ਹਨ। ਕੋਈ ਮੈਨੀਫੈਸਟੋ, ਕੋਈ ਚੋਣ ਕਮਿਸ਼ਨ ਦਾ ਪ੍ਰਬੰਧ ਉਸ ਦੀ ਮਦਦ ਨਹੀਂ ਕਰਦਾ।

ਇਹ ਬਿਲਕੁਲ ਠੀਕ ਹੈ ਕਿ ਜਮਾਤੀ ਸਮਾਜ ਤੇ ਰਾਜਨੀਤਕ ਪ੍ਰਬੰਧ ਵਿਚ ਲੋਕ ਰਾਜ ਲੋਕਾਂ ਦਾ ਰਾਜ ਨਹੀਂ ਹੁੰਦਾ। ਇਹ ਜਮਾਤੀ ਰਾਜ ਹੁੰਦਾ ਹੈ। ਧੋਖਾ ਹੁੰਦਾ ਹੈ, ਵਿਖਾਵਾ ਹੁੰਦਾ ਹੈ। ਇਹ ਲੋਕਾਂ ਲਈ, ਲੋਕਾਂ ਦੁਆਰਾ, ਲੋਕਾਂ ਦਾ ਰਾਜ ਨਹੀਂ ਹੁੰਦਾ, ਸਗੋਂ ਗ਼ਰੀਬਾਂ ਦੀਆਂ ਵੋਟਾਂ ਬਟੋਰ ਕੇ ਅਮੀਰਾਂ ਦਾ ਤੇ ਅਮੀਰਾਂ ਲਈ ਰਾਜ ਹੁੰਦਾ ਹੈ। ਚੋਣ ਪ੍ਰਕਿਰਿਆ ਵੀ ਸੱਭ ਧੋਖਾ ਭਰਪੂਰ ਹੁੰਦੀ ਹੈ। ਪਰੰਤੂ ਜਿੰਨਾ ਚਿਰ ਇਹ ਪ੍ਰਬੰਧ ਅਮੀਰਾਂ, ਵੱਡੇ ਸਰਮਾਏਦਾਰ ਅਜ਼ਾਰੇਦਾਰ ਘਰਾਣਿਆਂ ਕੋਲ ਹੈ, ਉਨਾ ਚਿਰ ਕੁੱਝ ਸੋਧਾਂ ਰਿਆਇਤਾਂ ਲੈ ਕੇ ਆਮ ਲੋਕਾਂ ਨੂੰ ਕੁਝ ਕੁ ਰਾਹਤ ਤਾਂ ਦਿਵਾਈ ਹੀ ਜਾ ਸਕਦੀ ਹੈ।

ਇਸ ਮਕਸਦ ਲਈ ਜਿੱਥੇ ਹੋਰ ਜਨਤਕ ਸੰਘਰਸ਼ ਅਤੇ ਉਪਾਵਾਂ ਦੀ ਲੋੜ ਹੈ, ਵੋਟਾਂ ਖ਼ਰੀਦਣ ਅਤੇ ਹਰ ਤਰ੍ਹਾਂ ਦੇ ਲੁਭਾਊ ਤੇ ਧੋਖੇਬਾਜ਼ ਮੀਡੀਏ ਉੱਪਰ ਸਖ਼ਤ ਨਜ਼ਰ ਰੱਖਣ ਦੀ ਲੋੜ ਹੈ। (ਜੋ ਵਿਚਾਰੇ ਚੋਣ ਕਮਿਸ਼ਨ ਦੇ ਵੱਸ ਦੀ ਗੱਲ ਨਹੀਂ ਹੈ) ਉੱਥੇ ਇਹ ਵੀ ਜ਼ਰੂਰੀ ਹੈ ਕਿ ਚੋਣ ਮੈਨੀਫੈਸਟੋ ਨੂੰ ਵਿਧਾਨਕ ਦਸਤਾਵੇਜ਼ ਮੰਨਿਆ ਜਾਵੇ। ਜੋ ਵਾਅਦੇ ਮੈਨੀਫੈਸਟੋ ਰਾਹੀਂ ਕੋਈ ਪਾਰਟੀ ਕਰਦੀ ਹੈ, ਅਗਰ ਜਿੱਤ ਉਪਰੰਤ ਉਹ ਪੂਰੇ ਨਹੀਂ ਕਰਦੀ ਤਾਂ ਉਸ ਉੱਪਰ ਅਦਾਲਤ ਵਿਚ ਕੇਸ ਦਰਜ ਕੀਤਾ ਜਾ ਸਕੇ। ਉਸ ਬਾਰੇ ਸਜ਼ਾ ਨਿਸ਼ਚਿਤ ਹੋਵੇ ਅਤੇ ਘੱਟੋ-ਘੱਟ ਉਸ ਪਾਰਟੀ ਦੀ ਮਾਣਤਾ ਰੱਦ ਹੋਵੇ। ਪਾਰਟੀ ਮੁਖੀ ਨੂੰ ਜੇਲ ਵਿਚ ਭੇਜੇ ਜਾਣ ਦੀ ਵਿਵਸਥਾ ਹੋਵੇ। ਇੰਝ ਵੋਟਰਾਂ ਨਾਲ ਆਮ ਲੋਕਾਂ ਨਾਲ ਧੋਖਾ ਕਿਸੇ ਹੱਦ ਤਕ ਘਟ ਸਕਦਾ ਹੈ। ਭਾਵੇਂ ਇਸ ਰਾਜਨੀਤਕ ਪ੍ਰਬੰਧ ਦੇ ਰਾਖੇ ਅਜਿਹਾ ਕਦੇ ਨਹੀਂ ਹੋਣ ਦੇਣਗੇ ਪਰ ਇਸ ਬਾਰੇ ਬਹਿਸ ਛਿੜਨੀ ਚਾਹੀਦੀ ਹੈ, ਯਤਨ ਹੋਣੇ ਚਾਹੀਦੇ ਹਨ। ਅਗਰ ਅਜਿਹਾ ਹੋ ਜਾਵੇ ਤਾਂ ਹਰ ਘਰ ਦੇ ਘੱਟ ਤੋਂ ਘੱਟ ਇਕ ਜੀਅ ਨੂੰ ਨੌਕਰੀ ਦਾ ਵਾਅਦਾ ਕਰ ਕੇ ਮੁੱਕਰਨ ਵਾਲੇ ਅਤੇ ਵਿਦੇਸ਼ ਤੋਂ ਕਾਲਾ ਧਨ ਲਿਆ ਕੇ ਹਰ ਭਾਰਤੀ ਨਾਗਰਿਕ ਦੇ ਖਾਤੇ ਵਿਚ 15-15 ਲੱਖ ਰੁਪਏ ਜਮ੍ਹਾਂ ਕਰਾਉਣ ਦੇ ਵਾਅਦੇ ਨੂੰ 'ਇਕ ਚੋਣ ਜੁਮਲਾ' ਕਹਿ ਕੇ ਲੋਕਾਂ ਨਾਲ ਵੱਡਾ ਧੋਖਾ ਕਰਨ ਵਾਲਿਆਂ ਲਈ ਸ਼ਾਇਦ ਥੋੜ੍ਹਾ ਬਹੁਤ ਡਰ ਪੈਦਾ ਹੋ ਜਾਵੇ। ਸੱਚ ਤਾਂ ਇਹ ਹੈ ਕਿ ਅੱਜ ਹਰ ਪਾਰਟੀ ਚੋਣਾਂ ਵੇਲੇ ਵੋਟਾਂ ਬਟੋਰਨ ਲਈ ਗ਼ਰੀਬ ਲੋਕਾਂ ਨੂੰ ਜੋ ਬਹੁਤ ਹੀ ਸੁੰਦਰ-ਸੁੰਦਰ ਸਬਜ਼ਬਾਗ਼ ਦਿਖਾਉਂਦੀ ਹੈ, ਅਨੇਕਾਂ ਤਰ੍ਹਾਂ ਦੇ ਅਤੇ ਇੱਕ-ਦੂਜੇ ਤੋਂ ਅੱਗੇ ਲੰਘ ਕੇ ਚੋਣ ਮੈਨੀਫੈਸਟੋ ਰਾਹੀਂ ਲਿਖਤੀ ਵਾਅਦੇ ਕਰਦੀ ਹੈ, ਉਸ ਤੋਂ ਸਾਰੇ ਹੀ ਮੁੱਕਰ ਜਾਂਦੇ ਹਨ। ਕਦੇ ਵੀ ਕੋਈ ਵਾਅਦਾ ਵਫ਼ਾ ਨਹੀਂ ਹੁੰਦਾ। ਅਜਿਹੀ ਹਾਲਤ ਵਿਚ ਜੇ ਚੋਣ ਕਮਿਸ਼ਨ ਅਤੇ ਅਦਾਲਤ ਮੂਕ ਦਰਸ਼ਕ ਬਣੇ ਰਹਿਣਗੇ ਤਾਂ ਇਨ੍ਹਾਂ ਸੰਸਥਾਵਾਂ ਦਾ ਲੋਕਾਂ ਨੂੰ ਕੀ ਲਾਭ ? ਮੈਨੀਫੈਸਟੋ ਦੇ ਝੂਠੇ ਲਾਰੇ ਜਾਂ ਤਾਂ ਬੰਦ ਹੋਣ ਜਾਂ ਇਨਾਂ ਨੂੰ ਬਕਾਇਦਾ ਵਿਧਾਨਕ ਦਸਤਾਵੇਜ਼ ਸਮਝਿਆ ਜਾਵੇ, ਜਿਸ ਤੋਂ ਪਿੱਛੇ ਹਟਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਹੋ ਸਕੇ।ਭਾਰਤ ਦੇ ਕਮਿਸ਼ਨ ਅਤੇ ਸੁਪਰੀਮ ਕੋਰਟ ਨੂੰ ਜਰੂਰ ਹੀ ਚੋਣ ਮੈਨੀਫੈਸਟੋ ਨੂੰ ਵਿਧਾਨਕ ਦਸਤਾਵੇਜ਼ ਬਣਾਉਣ ਲਈ ਕਰਵਾਈ ਕਰਨੀ ਚਾਹੀਦੀ ਹੈ।

# ਇਲੈਕਟ੍ਰੋਨਿਕ ਮੀਡੀਏ ਦਾ ਕਾਲਾ ਹੁਨਰ

**ਪ੍ਰੋ. ਰਾਕੇਸ਼ ਰਮਨ**

ਅਜੋਕੇ ਵਿਸ਼ਵ ਵਿਚ ਇਲੈਕਟ੍ਰੋਨਿਕ ਮੀਡੀਆ ਜਾਦੂਈ ਪ੍ਰਭਾਵ ਰੱਖਦਾ ਹੈ। ਪਿਛਲੀ ਲਗਭਗ ਅੱਧੀ ਸਦੀ ਤੋਂ ਤਾਂ ਇਹਦੀ ਮੀਡੀਆ ਖੇਤਰ ਵਿਚ ਅਣਵੰਗਾਰੀ ਸਰਦਾਰੀ ਚਲੀ ਆ ਰਹੀ ਹੈ। ਜਦੋਂ ਤੋਂ ਬੁੱਧੂ ਬਕਸੇ 'ਤੇ ਸਵਾਰ ਹੋ ਕੇ ਇਹ ਵਿਸ਼ਵ ਸਮਾਜ ਵਿਚ ਨਿਕਲਿਆ ਹੈ, ਇਹਦੀ ਸਫ਼ਲਤਾ ਦੇ ਝੰਡੇ ਝੂਲਦੇ ਹੀ ਗਏ ਹਨ। ਸਮਾਜ ਦੇ ਜਿਸ ਖੇਤਰ ਵਿਚ ਵੀ ਇਹਨੇ ਪੈਰ ਪਸਾਰੇ, ਉਸ ਖੇਤਰ ਵਿਚ ਵੱਡੀ ਹਿਲਜੁਲ ਪੈਦਾ ਕੀਤੀ। ਇਸ ਹਿਲਜੁਲ ਨੂੰ ਅਸੀਂ ਕਾਇਆ ਕਲਪ ਦਾ ਨਾਂ ਵੀ ਦੇ ਸਕਦੇ ਹਾਂ। ਬੜੀ ਤੇਜ਼ੀ ਨਾਲ ਇਸ ਨੇ ਸਮੁੱਚੇ ਸਮਾਜ ਦੇ ਹਰ ਖੇਤਰ ਨੂੰ ਆਪਣੇ ਜਕੜਬੰਦ ਵਿਚ ਜੂੜ ਲਿਆ ਹੈ। ਮੀਡੀਆ ਦੇ ਬਾਕੀ ਸਾਧਨਾਂ ਨੂੰ ਪਛਾੜਦਾ ਹੋਇਆ ਇਹ ਇਸ ਕਦਰ ਅੱਗੇ ਨਿਕਲ ਆਇਆ ਹੈ ਕਿ ਲੋਕਤੰਤਰ ਦੇ ਚੌਥੇ ਥੰਮ ਵਜੋਂ ਵਧੇਰੇ ਕਰਕੇ ਇਸੇ ਨੂੰ ਹੀ ਵਿਚਾਰਿਆ ਜਾਂਦਾ ਹੈ। ਇਉਂ ਲੋਕਤੰਤਰ ਦੇ ਇਕ ਥੰਮ ਦਾ ਦਰਜਾ ਇਹਨੇ ਆਪਣੇ ਨਾਂ ਰਾਖਵਾਂ ਕਰ ਲਿਆ ਹੈ। ਇਹਦੀ ਭੂਮਿਕਾ ਦੇ ਆਧਾਰ 'ਤੇ ਹੀ ਵਧੇਰੇ ਕਰਕੇ ਮੀਡੀਆ ਦੀ ਭੂਮਿਕਾ ਦਾ ਮੁਲਾਂਕਣ ਕੀਤਾ ਜਾਂਦਾ ਹੈ। ਆਪਣੇ ਉੱਪਰ ਧਿਆਨ ਕੇਂਦਰਿਤ ਰੱਖਣ ਦੀ ਆਪਣੀ ਚਕਾਚੌਂਧ ਕਰਨ ਵਾਲੀ ਸਮਰੱਥਾ ਕਾਰਨ ਹੀ ਇਲੈਕਟ੍ਰੋਨਿਕ ਮੀਡੀਆ ਸਮੁੱਚੇ ਮੀਡੀਆ-ਤੰਤਰ ਦਾ ਪ੍ਰਇਵਾਚੀ ਬਣਨ ਦੀ ਲਗਭਗ ਆਖ਼ਰੀ ਮੰਜ਼ਿਲ ਤਕ ਪਹੁੰਚ ਗਿਆ ਹੈ। ਨਿਰਸੰਦੇਹ,ਅਜਿਹਾ ਕ੍ਰਿਸ਼ਮਾ ਇਲੈਕਟ੍ਰੋਨਿਕ ਮੀਡੀਆ ਦੇ ਆਪਣੇ ਬੇਜੋੜ ਜਾਦੂਈ ਪ੍ਰਭਾਵ ਸਦਕਾ ਹੀ ਸੰਭਵ ਹੋਇਆ ਹੈ।

ਦਰਅਸਲ, ਇਲੈਕਟ੍ਰੋਨਿਕ ਮੀਡੀਆ ਨੇ ਜਾਦੂਈ ਪ੍ਰਭਾਵ ਦੀ ਤਕਨੀਕ ਪੇਸ਼ਾਵਰ ਜਾਦੂ ਦਿਖਾਉਣ ਵਾਲਿਆਂ ਤੋਂ ਗ੍ਰਹਿਣ ਕੀਤੀ ਹੈ। ਇਨ੍ਹਾਂ ਨੂੰ ਮਦਾਰੀ ਕਿਹਾ ਜਾਂਦਾ ਸੀ। ਇਨ੍ਹਾਂ ਬਾਰੇ



ਪ੍ਰਚੱਲਤ ਸੀ ਕਿ ਇਨ੍ਹਾਂ ਕੋਲ ਬੰਗਾਲ ਦਾ ਕਾਲ਼ਾ ਇਲਮ ਹੈ, ਜਿਸ ਕਰਕੇ ਇਹ 'ਕੀ' ਦਾ 'ਕੀ' ਬਣਾਉਣ ਦੀ ਸ਼ਕਤੀ ਰੱਖਦੇ ਹਨ। ਇਨ੍ਹਾਂ ਦਾ 'ਕਾਲਾ ਇਲਮ' ਜਿਸ ਨੂੰ ਲੋਕ ਕੋਈ ਗ਼ੈਬੀ ਸ਼ਕਤੀ ਸਮਝਦੇ ਸਨ, ਅਸਲ ਵਿਚ ਇਨ੍ਹਾਂ ਦਾ ਹੁਨਰ ਹੀ ਹੁੰਦਾ ਸੀ। ਮਦਾਰੀ ਦਾ ਹੁਨਰ ਭਾਰਤੀ ਦੀਆਂ ਬੇਤਰੀਨ ਕਲਾਵਾਂ ਵਿਚੋਂ ਇਕ ਸੀ। ਉਸ ਦਾ ਦਾ ਇਹ ਹੁਨਰ ਉਸ ਦੀਆਂ ਤਿੰਨ ਚੀਜ਼ਾਂ ਆਸਰੇ ਨੇਪਰੇ ਚੜ੍ਹਦਾ ਸੀ। ਇਹ ਚੀਜ਼ਾਂ ਸਨ ਬੰਸਰੀ, ਡਮਰੂ ਅਤੇ ਲੋਕਾਂ ਨਾਲ ਸੰਵਾਦ ਰਚਾਉਣ ਦੀ ਕਲਾ। ਇਕ ਚੌਥੀ ਚੀਜ਼ ਵੀ ਮਦਾਰੀ ਕੋਲ ਹੋਇਆ ਕਰਦੀ ਸੀ,ਪਰ ਇਹ ਚੀਜ਼ ਨਹੀਂ ਸਗੋਂ ਆਮ ਕਰਕੇ ਮਦਾਰੀ ਦਾ ਮਾਨਵੀ ਸਾਥੀ ਹੁੰਦਾ ਸੀ, ਜਿਸ ਨੂੰ ਉਹ ਜਮੂਰਾ ਕਹਿ ਕੇ ਬੁਲਾਉਂਦਾ ਰਿਹਾ ਸੀ। ਮਦਾਰੀ ਦਾ ਸਮੁੱਚਾ ਜਾਦੂਈ ਤਮਾਸ਼ਾ ਇਨ੍ਹਾਂ ਚਹੁੰਆਂ ਚੀਜ਼ਾਂ ਦੇ ਸੁਮੇਲ ਨਾਲ ਸਫ਼ਲਤਾ ਦੀ ਸਿਖ਼ਰ 'ਤੇ ਪਹੁੰਚਦਾ ਸੀ। ਜਮੂਰੇ ਨਾਲ ਮਦਾਰੀ ਦੇ ਤਾਲਮੇਲ ਦਾ ਹੁਨਰ ਤਾਂ ਤਮਾਸ਼ੇ ਦਾ ਇਕ ਤਰ੍ਹਾਂ ਨਾਲ ਪ੍ਰਾਣ ਤੱਤ ਹੀ ਹੁੰਦਾ ਸੀ। ਉਹ ਤਮਾਸ਼ੇ ਲਈ ਤਮਾਸ਼ਾ ਨਹੀਂ ਸੀ ਕਰਦਾ ਸਗੋਂ ਸਮਾਜ ਦੀਆਂ ਕੁਰੀਤੀਆਂ ਉੱਤੇ ਐਸੀ ਚੋਟ ਕਰਦਾ ਸੀ ਕਿ, ਕਈ ਵਾਰ ਤਾਂ ਤਰਾਹ ਕੱਢ ਦਿੰਦਾ ਸੀ ।

ਆਉ ਦੇਖੀਏ ਇਲੈਕਟ੍ਰੋਨਿਕ ਮੀਡੀਏ ਨੇ ਕਿਵੇਂ-ਕਿਵੇਂ ਮਦਾਰੀ ਦੀਆਂ ਪ੍ਰਮੁੱਖ ਜੁਗਤਾਂ ਨੂੰ ਅਪਣਾਇਆ ਹੈ। ਜਿਵੇਂ ਮਦਾਰੀ ਸੁਰੀਲੀ ਬੰਸਰੀ ਅਤੇ ਡਮਰੂ ਦਾ ਪ੍ਰਯੋਗ ਕਰਕੇ ਆਪਣੇ ਦੁਆਲੇ ਭੀੜ ਇਕੱਤਰ ਕਰਦਾ ਹੈ, ਇਸੇ ਤਰ੍ਹਾਂ ਇਲੈਕਟ੍ਰੋਨਿਕ ਮੀਡੀਏ ਕੋਲ ਸਰੋਤੇ/ਦਰਸ਼ਕ ਦਾ ਮਨ ਟੁੰਬਣ ਲਈ ਬਿਹਤਰੀਨ ਸੰਗੀਤ ਹੈ ਤੇ ਇਸ ਦੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ। ਸੰਗੀਤ ਇਲੈਕਟ੍ਰੋਨਿਕ ਮੀਡੀਆ ਦਾ ਸਾਧਨ ਹੈ, ਉਦੇਸ਼ ਨਹੀਂ ਹੈ। ਸੰਗੀਤ ਦੇ ਸਾਧਨ ਰਾਹੀਂ ਕੇਵਲ ਦਰਸ਼ਕ ਜੁਟਾਉਣ ਦੀ ਕਵਾਇਦ ਕੀਤੀ ਜਾਂਦੀ ਹੈ। ਅੱਗੋਂ ਮਦਾਰੀ ਆਪਣਾ ਫੰਨ ਕਈ ਕਰਤੱਵਾਂ ਦੀ ਲੜੀ ਅਧੀਨ ਦਿਖਾਉਂਦਾ ਹੈ। ਹਰ ਕਰਤੱਵ ਪਹਿਲੇ ਦਿਖਾਏ ਗਏ ਕਰਤੱਵ ਤੋਂ ਵੱਖਰਾ ਜ਼ਰੂਰ ਹੁੰਦਾ ਹੈ, ਪਰ ਸਾਰੇ ਕਰਤੱਵਾਂ ਵਿਚਕਾਰ ਜਿੱਥੇ ਵਚਿੱਤਰਤਾ ਦੇ ਤੱਤ ਦੀ ਸਾਂਝ ਹੁੰਦੀ ਹੈ, ਉਥੇ ਇਕ ਸਾਂਝ ਇਹ ਵੀ ਹੁੰਦੀ ਹੈ ਕਿ ਇਨ੍ਹਾਂ ਵਿਚ ਮਦਾਰੀ ਕੁਝ ਨਾ ਕੁਝ ਗ਼ਾਇਬ ਕਰਦਾ ਹੈ। ਇਨ੍ਹਾਂ ਕਰਤੱਵਾਂ ਦੀ ਸ਼ੁਰੂਆਤ ਉਹ ਆਪਣੀ ਅਤਿਅੰਤ ਸਧੀ ਹੋਈ ਸੰਵਾਦ ਕਲਾ ਨਾਲ ਕਰਦਾ ਹੈ ਤੇ ਉਸ ਦੀ ਸੰਵਾਦ ਕਲਾ ਦਾ ਵਿਸ਼ੇਸ਼ ਅੰਦਾਜ਼ ਦਰਸ਼ਕਾਂ ਦੇ ਸਿਰ 'ਤੇ ਚੜ੍ਹਿਆ ਰਹਿੰਦਾ ਹੈ। ਏਸੇ ਤਰ੍ਹਾਂ ਹੀ

ਬਾਕੀ ਸਫ਼ਾ 32 'ਤੇ




# ਚੋਣ ਪ੍ਰਚਾਰ ਕਰਨ ਦੀ ਥਾਂ ਗਾਲ੍ਹਾਂ ਕੱਢ ਰਹੇ ਨੇ ਭਾਰਤੀ ਲੀਡਰ

## • ਆਮ ਮੁੱਦੇ ਗ਼ਾਇਬ ਨੇ ਚੋਣਾਂ ਵਿਚ • ਦੇਸ਼ ਅੰਦਰ ਸਿਰਫ਼ ਇਕ ਹੀ ਮੁੱਦਾ ਦੇਸ਼ ਦਾ ਪ੍ਰਧਾਨ ਮੰਤਰੀ ਮੋਦੀ ਹੋਵੇ ਜਾਂ ਰਾਹੁਲ ਗਾਂਧੀ

- **ਪੰਜਾਬ ਵਿਚ ਕਿਤੇ ਸੋਕਾ ਤੇ ਕਿਤੇ ਡੋਬਾ**
- **ਪੰਜਾਬ ਦੇ ਧੀਆਂ-ਪੁੱਤਰ ਵਿਦੇਸ਼ਾਂ ਵਿਚ**

**ਵਿਸ਼ੇਸ਼ ਰਿਪੋਰਟ**

ਇਨ੍ਹੀਂ ਦਿਨੀਂ ਭਾਰਤ ਅੰਦਰ ਲੋਕ ਸਭਾ ਚੋਣਾਂ ਦਾ ਰੌਲਾ-ਗੌਲਾ ਹੈ। ਪਹਿਲੇ ਤੇ ਦੂਜੇ ਗੇੜ ਦੀਆਂ ਵੋਟਾਂ ਪੈ ਚੁੱਕੀਆਂ ਹਨ ਪਰ ਬੜੇ ਦੁੱਖ ਦੀ ਗੱਲ ਹੈ ਕਿ ਇਸ ਚੋਣ ਰੌਲੇ-ਗੌਲੇ ਦੌਰਾਨ ਹਾਲੇ ਤਕ ਕਿਤੇ ਵੀ ਆਮ ਲੋਕਾਂ ਦੀ ਗੱਲ ਨਹੀਂ ਹੋਈ। ਸ਼ਾਇਦ ਇਸੇ ਕਾਰਨ ਮਤਦਾਨ ਫ਼ੀਸਦ ਵੀ ਉਮੀਦ ਨਾਲੋਂ ਕਿਤੇ ਘੱਟ ਰਿਹਾ ਹੈ। ਮੋਟੇ ਕਾਰਨਾਂ ਵਿਚੋਂ ਇਹ ਵੀ ਇਕ ਕਾਰਨ ਹੋ ਸਕਦਾ ਹੈ ਕਿ ਲੋਕ ਸਿਆਸੀ ਪਾਰਟੀਆਂ ਤੋਂ ਖ਼ਫ਼ਾ ਹੋਣ। ਲੋਕ ਅੱਜ ਵੀ ਰੋਜ਼ੀ-ਰੋਟੀ ਲਈ ਤਰਸ ਰਹੇ ਹਨ, ਪਹਿਨਣ ਨੂੰ ਕੱਪੜਾ ਨਹੀਂ, ਖਾਣ ਨੂੰ ਦਾਣੇ ਨਹੀਂ ਹਨ। ਰਹਿਣ ਲਈ ਘਰ ਨਹੀਂ ਹੈ। ਲੋਕਾਂ ਨੂੰ ਫੁੱਟਪਾਥਾਂ 'ਤੇ ਸੌਣਾ ਪੈ ਰਿਹਾ ਹੈ। ਫਿਰ ਅਮੀਰ ਲੋਕਾਂ ਦੀਆਂ ਸੁੱਤੇ ਪਏ ਲੋਕਾਂ 'ਤੇ ਗੱਡੀਆਂ ਚੜ੍ਹ ਜਾਂਦੀਆਂ ਹਨ। ਸਰਕਾਰਾਂ ਕਹਿੰਦੀਆਂ ਹਨ ਕਿ ਲੋਕਾਂ ਨੂੰ ਫੁੱਟਪਾਥਾਂ 'ਤੇ ਨਹੀਂ ਸੌਣਾ ਚਾਹੀਦਾ।

### ਚੋਣ ਏਜੰਡਾ ਪ੍ਰਧਾਨ ਮੰਤਰੀ ਮੋਦੀ ਜਾਂ ਰਾਹੁਲ ਗਾਂਧੀ

ਲੋਕਤੰਤਰ ਦੇ ਇਸ ਮਹਾਦ੍ਰਿਸ਼ ਦੌਰਾਨ ਸਰਕਾਰ ਅਤੇ ਵਿਰੋਧੀ ਧਿਰ ਇਕ-ਦੂਜੇ ਨੂੰ ਨੀਵਾਂ ਦਿਖਾਉਣ ਲਈ ਹੀ ਸਿਆਸਤ ਕਰ ਰਹੀ ਹੈ। ਦੇਸ਼ ਅੰਦਰ ਜਿਵੇਂ ਸਿਰਫ਼ ਇਕ ਹੀ ਮੁੱਦਾ ਹੈ, ਉਹ ਹੈ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੋਵੇ ਜਾਂ ਕਾਂਗਰਸ ਦਾ ਪ੍ਰਧਾਨ ਰਾਹੁਲ ਗਾਂਧੀ। ਇਸ ਤੋਂ ਇਲਾਵਾ ਕੋਈ ਮੁੱਦਾ ਨਹੀਂ ਹੈ। ਲੋਕਾਂ ਕੋਲ ਪੀਣ ਲਈ ਪਾਣੀ ਵੀ ਨਹੀਂ ਹੈ। ਦਰਿਆ, ਨਦੀਆਂ-ਨਾਲੇ ਸੁੱਕ ਰਹੇ ਹਨ। ਦੇਸ਼ ਅੰਦਰ ਲੋਕ ਪਹਿਲਾਂ ਮੂੰਹ-ਹੱਥ ਧੋ ਲੈਂਦੇ ਹਨ ਅਤੇ ਫਿਰ ਉਸੇ ਪਾਣੀ ਨਾਲ ਰਸੋਈ ਦਾ ਕੰਮ ਕਰਦੇ ਹਨ ਅਤੇ ਬਾਕੀ ਬਚੇ ਪਾਣੀ ਨਾਲ ਆਪਣੇ ਕੱਪੜੇ ਧੋ ਲੈਂਦੇ ਹਨ। ਦੇਸ਼ ਦੇ ਕਈ ਖਿੱਤਿਆਂ ਵਿਚ ਲੋਕ ਕਈ-ਕਈ ਦਿਨ ਇਸ ਲਈ ਇਸ਼ਨਾਨ ਨਹੀਂ ਕਰਦੇ ਕਿਉਂਕਿ ਉਨ੍ਹਾਂ ਕੋਲ ਪਾਣੀ ਨਹੀਂ ਹੈ। ਗੁਜਰਾਤ ਦੇ ਇਕ ਕਸਬੇ ਛੋਟਾਉਦੇਪੁਰ ਦੇ ਪਿੰਡ ਜੰਬੂਘੋੜਾ ਦੀ ਕਹਾਣੀ ਸੁਣਨ ਨੂੰ ਮਿਲੀ ਹੈ।

### ਪੰਜਾਬ ਦਾ ਪਾਣੀ ਪ੍ਰਦੂਸ਼ਿਤ

ਪਿੰਡ ਵਿਚ ਇਕ ਕੁੜੀ ਦਾ ਵਿਆਹ ਸੀ। ਮਹਿੰਦੀ ਦੀ ਰਸਮ ਸੀ। ਰਸਮ ਸ਼ੁਰੂ ਹੋਈ ਤਾਂ ਪਤਾ ਲੱਗਾ ਕਿ ਘਰ ਵਿਚ ਤਾਂ ਪਾਣੀ ਖ਼ਤਮ ਹੋ ਗਿਆ ਹੈ। ਕੁੜੀ ਨੂੰ ਖ਼ੁਦ ਪਾਣੀ ਲੈਣ ਲਈ ਘਰੋਂ ਬਾਹਰ ਜਾਣਾ ਪਿਆ। ਕੁੜੀ ਨੂੰ ਬਾਹਰ ਜਾਂਦੇ ਹੋਏ ਦੇਖ ਕੇ ਵਿਆਹ ਵਿਚ ਆਏ ਰਿਸ਼ਤੇਦਾਰ ਵੀ ਨਾਲ ਤੁਰ ਪਏ। ਹੌਲੀ-ਹੌਲੀ ਕੁੜੀ ਨਾਲ ਪਿੰਡ ਦੀਆਂ 50 ਹੋਰ ਔਰਤਾਂ ਆ ਗਈਆਂ ਅਤੇ ਫਿਰ ਪਿੰਡ ਵਿਚ ਹੋਕਾ ਦੇ ਕੇ ਪਾਣੀ ਇਕੱਠਾ ਕੀਤਾ ਗਿਆ। ਇਸ ਪਿੰਡ ਵਿਚ ਕਾਫੀ ਸਮੇਂ ਤੋਂ ਪਾਣੀ ਨਹੀਂ ਸੀ। ਪਿੰਡ ਵਿਚ ਲਗਪਗ 500 ਲੋਕ ਰਹਿੰਦੇ ਹਨ। ਫਿਰ ਵੀ ਪਾਣੀ ਨੂੰ ਤਰਸਦੇ ਹਨ। ਪੰਜ ਦਰਿਆਵਾਂ ਦੇ ਨਾਮ 'ਤੇ ਹੋਂਦ ਵਿਚ ਆਏ ਸੂਬੇ ਪੰਜਾਬ ਦੇ ਲੋਕ ਵੀ ਪੀਣ ਵਾਲੇ ਸ਼ੁੱਧ ਪਾਣੀ ਨੂੰ ਤਰਸਦੇ ਹਨ। ਪੰਜਾਬ ਵਿਚ ਕਿਤੇ ਸੋਕਾ ਤੇ ਕਿਤੇ ਡੋਬਾ ਹੈ। ਧਾਨ ਜਾਂ ਜ਼ੀਰੀ ਵਰਗੀਆਂ ਫ਼ਸਲਾਂ ਬੀਜਣ ਨਾਲ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ। ਪੰਜਾਬ ਦੇ ਕਈ ਬਲਾਕ ਤਾਂ 'ਡਾਰਕ ਜ਼ੋਨ' ਐਲਾਨੇ ਗਏ ਹਨ। ਜ਼ਹਿਰਾਂ ਦੇ ਬੇਤਹਾਸ਼ਾ ਛਿੜਕਾਅ ਨਾਲ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਗਿਆ ਹੈ ਜਿਸ ਕਾਰਨ ਕੈਂਸਰ ਦਾ ਪ੍ਰਕੋਪ ਵਧਿਆ ਹੈ।




### ਆਤਮ-ਹੱਤਿਆ ਦੇ ਰਾਹ ਕਿਸਾਨ

ਕਿਸਾਨ ਦੇਸ਼ ਅੰਦਰ ਆਤਮ-ਹੱਤਿਆਵਾਂ ਕਰ ਰਹੇ ਹਨ। ਦੇਸ਼ ਦਾ ਕੋਈ ਕੋਨਾ ਅਜਿਹਾ ਨਹੀਂ ਹੋਣਾ ਜਿੱਥੋਂ ਦਾ ਕਿਸਾਨ ਖ਼ੁਸ਼ ਅਤੇ ਖ਼ੁਸ਼ਹਾਲ ਹੋਵੇ। ਕਿਸਾਨਾਂ ਦੇ ਸੰਘਰਸ਼ ਨੂੰ ਦਬਾ ਦਿੱਤਾ ਜਾਂਦਾ ਹੈ। ਦੇਸ਼ ਦੀ ਪਾਰਲੀਮੈਂਟ ਵੀ ਕਿਸਾਨਾਂ ਦੇ ਮਸਲੇ ਵਿਚ ਚੁੱਪ ਕਰ ਜਾਂਦੀ ਹੈ। ਸਰਕਾਰਾਂ ਡਾਕਟਰ ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਤੋਂ ਹੱਥ ਖੜ੍ਹੇ ਕਰ ਚੁੱਕੀਆਂ ਹਨ। ਚੋਣਾਂ ਦੇ ਇਸ ਮਹਾ-ਸੰਗਰਾਮ ਵਿਚ ਵੱਡੇ ਵਾਅਦੇ ਕੀਤੇ ਜਾ ਰਹੇ ਹਨ। ਪਹਿਲਾਂ ਲੋਕ 15 ਲੱਖ ਰੁਪਏ ਨੂੰ ਉਡੀਕਦੇ ਰਹੇ ਅਤੇ ਫਿਰ ਸਰਕਾਰ ਇਹ ਕਹਿ ਕੇ ਖਹਿੜਾ ਛੁਡਵਾਉਣਾ ਪਿਆ ਕਿ ਉਹ ਤਾਂ ਚੋਣਾਂ ਵੇਲੇ ਇਕ ਜੁਮਲਾ ਸੀ। ਹੁਣ ਹਰ ਭਾਰਤੀ ਨੂੰ ਘੱਟੋ-ਘੱਟ ਮਿਹਨਤਾਨਾ ਦੇਣ ਦਾ ਦਾਅਵਾ ਕੀਤਾ ਗਿਆ ਹੈ। ਦੇਸ਼ ਅੰਦਰ ਜਿੱਥੇ ਕਿਸਾਨਾਂ ਦਾ ਬੁਰਾ ਹਾਲ ਹੈ, ਦੇਸ਼ ਦਾ ਸਰਮਾਇਆ ਧਨ ਅਤੇ ਮਨ ਮਸਲਨ ਪੈਸਾ ਅਤੇ ਜਵਾਨੀ ਦੋਨੋਂ ਹੀ ਪੈਸੇ ਖ਼ਰਚ ਕੇ ਵਿਦੇਸ਼ਾਂ ਨੂੰ ਜਾ ਰਹੇ ਹਨ। ਇੱਥੇ ਕੋਈ ਨਹੀਂ ਰਹਿਣਾ ਚਾਹੁੰਦਾ। ਦੇਸ਼ ਅੰਦਰ ਕੋਈ ਵੀ ਅਤੇ ਕਿਸੀ ਵੀ ਪਾਰਟੀ ਦੀ ਸਰਕਾਰ ਬਣੇ ਅਤੇ ਕੋਈ ਵੀ ਪ੍ਰਧਾਨ ਮੰਤਰੀ ਬਣੇ, ਇਸ ਤੋਂ ਆਮ ਲੋਕਾਂ ਨੇ ਕੀ ਲੈਣਾ? ਦੇਸ਼ ਦੀ ਜਨਤਾ ਦਾ ਇਸ ਨਾਲ ਕੋਈ ਸਰੋਕਾਰ ਨਹੀਂ। ਆਮ ਲੋਕਾਂ ਦਾ ਸਰੋਕਾਰ ਤਾਂ ਅੱਜ ਵੀ ਕੁੱਲੀ, ਗੁੱਲੀ ਅਤੇ ਜੁੱਲੀ ਨਾਲ ਜੁੜਿਆ ਹੋਇਆ ਹੈ। ਅੱਜ ਹਾਲਾਤ ਇਹ ਹਨ ਕਿ ਲੋਕਾਂ ਵਿਚ ਵਿਦੇਸ਼ ਜਾਣ ਦਾ ਜਾਦੂ ਸਿਰ ਚੜ੍ਹ ਕੇ ਬੋਲ ਰਿਹਾ ਹੈ। 12 ਜਮਾਤਾਂ ਪਾਸ ਕਰ ਕੇ ਹੀ ਪੰਜਾਬ ਦੇ ਧੀਆਂ-ਪੁੱਤਰ ਵਿਦੇਸ਼ਾਂ ਵਿਚ ਜਾ ਰਹੇ ਹਨ। ਘਰ ਕੀ, ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਵੀ ਖ਼ਾਲੀ ਹੋ ਗਈਆਂ ਹਨ। ਜਿਹੜੇ ਬੱਚੇ ਵਿਦੇਸ਼ਾਂ ਵਿਚ ਪੱਕੇ ਹੋ ਗਏ ਹਨ, ਮਤਲਬ ਉਨ੍ਹਾਂ ਦਾ ਆਪਣੇ ਪਰਿਵਾਰ, ਆਪਣੇ ਪੰਜਾਬ ਨਾਲੋਂ ਜਿਸਮਾਨੀ ਨਾਤਾ ਟੁੱਟ ਗਿਆ ਹੈ, ਬਸ ਰੂਹ ਦਾ ਰਿਸ਼ਤਾ ਹੀ ਰਹਿ ਜਾਵੇਗਾ। ਪੰਜਾਬ ਵੀ ਰੇਗਿਸਤਾਨ ਦੀਆਂ ਰਾਹਾਂ 'ਤੇ ਤੁਰ ਚੁੱਕਾ ਹੈ। ਕਿਸਾਨੀ ਤੇ ਕਿਰਸਾਨ ਤਰਸ ਦੇ ਪਾਤਰ ਬਣ ਗਏ ਹਨ। ਪਾਣੀ ਮੁੱਕ ਰਹੇ ਹਨ ਅਤੇ ਇਸ ਸਭ ਦੀ ਕਿਸੇ ਨੂੰ ਕੋਈ ਚਿੰਤਾ ਨਹੀਂ। ਲੋਕਾਂ ਨੂੰ ਜਾਗਣ ਦੀ ਲੋੜ ਹੈ। ਆਖ਼ਰ ਪੰਜ ਸਾਲ ਦੇ ਭਵਿੱਖ ਦਾ ਮਸਲਾ ਹੈ। ਅਸੀਂ ਜਾਗ ਗਏ ਤਾਂ ਨੇਤਾ ਵੀ ਜਾਗ ਜਾਣਗੇ। ਫਿਰ ਦੇਸ਼ ਅੰਦਰ ਇਕ ਨਵੀਂ ਸਵੇਰ ਹੋਵੇਗੀ। ਉਹ ਸਵੇਰ ਜਿਸ ਦੇ ਸੁਪਨੇ ਸਾਡੇ ਸ਼ਹੀਦਾਂ ਨੇ ਆਪਣਾ ਖ਼ੂਨ ਦੇ ਕੇ ਲਏ ਸਨ।

### ਬੜਬੋਲੇ ਤੇ ਗਾਲ੍ਹਾਂ ਕੱਢਣ ਵਾਲੇ ਨੇਤਾ

ਸੁਪਰੀਮ ਕੋਰਟ ਦੀ ਝਾੜ ਅਤੇ ਚੋਣ ਕਮਿਸ਼ਨ ਵਲੋਂ ਕੜੀ ਬੜਬੋਲੇ ਨੇਤਾਵਾਂ 'ਤੇ ਕਾਰਵਾਈ ਕਰਨ ਦੇ ਬਾਵਜੂਦ ਵਿਵਾਦਪੂਰਨ ਬਿਆਨਬਾਜ਼ੀ ਦਾ ਸਿਲਸਿਲਾ ਜਾਰੀ ਹੈ, ਜਿਹਨਾਂ ਦੀਆਂ ਕੁਝ ਤਾਜ਼ਾ ਮਿਸਾਲਾਂ ਹੇਠਾਂ ਦਰਜ ਹਨ-

ਸਪਾ ਦੇ ਸੀਨੀਅਰ ਆਗੂ ਆਜ਼ਮ ਖਾਨ ਦੇ ਵਿਧਾਇਕ ਬੇਟੇ ਅਬਦੁੱਲਾ ਆਜ਼ਮ ਨੇ ਰਾਮਪੁਰ ਦੀ ਇਕ ਜਨਸਭਾ ਵਿਚ ਕਿਹਾ, "ਸਾਨੂੰ ਅਲੀ ਵੀ ਚਾਹੀਦੈ ਤੇ ਬਜਰੰਗ ਬਲੀ ਵੀ ਪਰ ਸਾਨੂੰ ਅਨਾਰਕਲੀ ਨਹੀਂ ਚਾਹੀਦੀ।"

ਇਸ ਦੇ ਜਵਾਬ ਵਿਚ ਜਯਾ ਪ੍ਰਦਾ ਨੇ ਬਿਆਨ ਦਿੱਤਾ, "ਜਿਹੋ ਜਿਹਾ ਬਾਪ ਹੈ, ਉਹੋ ਜਿਹਾ ਹੀ ਬੇਟਾ ਹੈ। ਤੇਰੇ ਪਿਤਾ ਕਹਿੰਦੇ ਹਨ ਕਿ ਮੈਂ ਅਮਰਪਾਲੀ ਹਾਂ ਅਤੇ ਤੂੰ ਕਹਿੰਦਾ ਹੈ ਕਿ ਮੈਂ ਅਨਾਰਕਲੀ ਹਾਂ।"

ਇਕ ਹੋਰ ਬਿਆਨ ਵਿਚ ਜਯਾ ਪ੍ਰਦਾ ਨੇ ਬਸਪਾ ਸੁਪਰੀਮੋ ਮਾਇਆਵਤੀ ਨੂੰ ਕਿਹਾ, "ਆਜ਼ਮ ਖਾਨ ਜਿਸ ਤਰ੍ਹਾਂ ਦੀਆਂ ਟਿੱਪਣੀਆਂ ਮੇਰੇ ਬਾਰੇ ਕਰਦਾ ਹੈ, ਮਾਇਆਵਤੀ ਤੁਹਾਨੂੰ ਜ਼ਰੂਰ ਸੋਚਣਾ ਚਾਹੀਦਾ ਹੈ। ਉਸ ਦੀਆਂ ਐਕਸਰੇ ਵਰਗੀਆਂ ਅੱਖਾਂ ਤੁਹਾਡੇ 'ਤੇ ਵੀ ਕਿਤੇ-ਕਿਤੇ ਨਜ਼ਰ ਮਾਰ ਕੇ ਦੇਖਣਗੀਆਂ।" (14 ਅਪ੍ਰੈਲ ਆਜ਼ਮ ਨੇ ਇਕ ਸਭਾ ਵਿਚ ਜਯਾ ਪ੍ਰਦਾ ਬਾਰੇ ਇਹ ਬਿਆਨ ਦਿੱਤਾ ਸੀ ਕਿ "ਮੈਂ 17 ਦਿਨਾਂ ਵਿਚ ਪਛਾਣ ਗਿਆ ਕਿ ਇਹਨਾਂ ਦਾ ਅੰਦਰੂਨੀ ਵਸਤਰ ਖਾਕੀ ਰੰਗ ਦਾ ਹੈ।)"

ਯੋਗੀ ਅਦਿੱਤਿਆਨਾਥ ਨੇ ਰਾਮਪੁਰ ਵਿਚ ਭਾਸ਼ਣ ਦਿੰਦਿਆਂ ਕਿਹਾ ਕਿ 'ਰਾਮਪੁਰ ਦੇ ਕਲੰਕ ਨੂੰ ਮਿਟਾ ਦਿਓ, ਕਲਾ ਦੀ ਦੇਵੀ ਜਯਾ ਪ੍ਰਦਾ ਨੂੰ ਜਿਤਾ ਦਿਓ।'

ਮਿਜ਼ੋਰਮ ਦੇ ਸਾਬਕਾ ਰਾਜਪਾਲ ਅਜ਼ੀਜ ਕੁਰੈਸ਼ੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵੱਡਾ ਦੋਸ਼ ਲਾਉਂਦਿਆਂ ਕਿਹਾ ਕਿ "ਪਲਾਨ ਕਰਕੇ ਤੁਸੀਂ ਪੁਲਵਾਮਾ ਵਿਚ ਅੱਤਵਾਦੀ ਹਮਲਾ ਕਰਵਾਇਆ ਤਾਂ ਕਿ ਤੁਹਾਨੂੰ ਮੌਕਾ ਮਿਲੇ। ਜੇ ਮੋਦੀ ਜੀ ਚਾਹੁਣ ਕਿ 42 ਜਵਾਨਾਂ ਦੀ ਹੱਤਿਆ ਕਰਕੇ ਉਹਨਾਂ ਦੀਆਂ ਚਿਤਾਵਾਂ ਦੀ ਰਾਖ ਨਾਲ ਆਪਣਾ ਰਾਜ ਤਿਲਕ ਕਰ ਲੈਣ ਤਾਂ ਨਹੀਂ ਕਰਨ ਦੇਣਗੇ।"

ਕਾਂਗਰਸ ਦੇ ਸੀਨੀਅਰ ਨੇਤਾ ਤੇ ਸਾਬਕਾ ਕੇਂਦਰੀ ਮੰਤਰੀ ਸਲਮਾਨ ਖ਼ੁਰਸ਼ੀਦ ਨੇ ਫ਼ਰੂਖਾਬਾਦ ਵਿਚ ਗੱਲ ਕਰਦਿਆਂ ਖ਼ੁਦ ਨੂੰ ਯੋਗੀ ਆਦਿੱਤਿਆਨਾਥ ਦਾ ਬਾਪ ਦੱਸਦਿਆਂ ਕਿਹਾ ਕਿ "ਬੇਟਾ ਨਿਕੰਮਾ ਹੈ, ਜੋ ਚਾਰੇ ਦੀ ਚੋਰੀ ਕਰ ਰਿਹਾ ਹੈ।" ਸੂਬੇ ਵਿਚ ਗਊਆਂ ਦੇ ਚਾਰੇ ਦੀ ਵੰਡ ਵਿਚ ਬੇਨਿਯਮੀਆਂ ਦਾ ਦੋਸ਼ ਲਾਉਂਦਿਆਂ ਉਹਨਾਂ ਕਿਹਾ ਕਿ "ਯੋਗੀ ਜੀ ਨੂੰ ਕਹੋ ਕਿ ਰਿਸ਼ਤੇ ਵਿਚ ਮੈਂ ਉਹਨਾਂ ਦਾ ਬਾਪ ਲੱਗਦਾ ਹਾਂ...ਹੁਣ ਉਹ ਇਸ ਦੇ ਲਈ ਕੀ ਕਹਿਣਗੇ ਕਿ ਬੇਟਾ ਬਹੁਤ ਨਿਕੰਮਾ ਨਿਕਲਿਆ, ਗਊ ਮਾਤਾ ਨੂੰ ਖਾਣਾ ਵੀ ਪੂਰਾ ਨਹੀਂ ਪਹੁੰਚਾਉਂਦਾ।"

ਭਾਜਪਾ ਨੇਤਾ ਪੰਜਕਾ ਮੁੰਡੇ ਨੇ ਜਾਲਨਾ ਵਿਚ ਇਕ ਚੋਣ ਰੈਲੀ ਦੌਰਾਨ ਕਿਹਾ, "ਅੱਜਕੱਲ ਕੋਈ ਵੀ ਉੱਠਦਾ ਹੈ ਅਤੇ ਨਰਿੰਦਰ ਮੋਦੀ ਨੂੰ ਪੁੱਛਣ ਲੱਗਦਾ ਹੈ ਕਿ ਸਰਜੀਕਲ ਸਟ੍ਰਾਈਕ ਕਿੱਥੇ ਹੋਈ ਤੇ ਕਿੰਨੇ ਲੋਕ ਮਰੇ? ਲਿਹਾਜ਼ਾ ਸਰਜੀਕਲ ਸਟ੍ਰਾਈਕ ਦਾ ਸਬੂਤ ਮੰਗਣ ਵਾਲੇ ਰਾਹੁਲ ਗਾਂਧੀ ਦੇ ਗਲੇ ਵਿਚ ਬੰਬ ਬੰਨ੍ਹ ਕੇ ਪਾਕਿਸਤਾਨ ਭੇਜ ਦੇਣਾ ਚਾਹੀਦਾ ਹੈ।"

ਪ੍ਰਯਾਗਰਾਜ ਵਿਚ ਕੇਂਦਰੀ ਰਾਜ ਮੰਤਰੀ ਤੇ ਰਾਜਗ ਦੀ ਸਹਿਯੋਗੀ ਪਾਰਟੀ 'ਅਪਨਾ ਦਲ' ਦੀ ਨੇਤਾ ਅਨੁਪ੍ਰਿਯਾ ਪਟੇਲ ਯੂਪੀ ਵਿਚ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਲਾਉਂਦਿਆਂ ਬੋਲੀ, "ਮੋਦੀ ਦੇ ਨਾਂ ਦਾ ਭੂਤ ਵਿਰੋਧੀ ਧਿਰ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ ਅਤੇ ਇਸ ਭੂਤ ਤੋਂ ਬਚਣ ਲਈ ਸੱਪ ਤੇ ਨਿਓਲੇ ਨੇ ਇਕ ਦੂਜੇ ਨੂੰ ਗਲੇ ਲਾ ਲਿਆ ਹੈ।"

ਬਦਾਯੂੰ ਵਿਚ ਭਾਜਪਾ ਨੇਤਾ ਸੰਘਮਿੱਤਰਾ ਮੌਰਿਆ ਨੇ ਆਪਣੇ ਸਮਰੱਥਕਾਂ ਨੂੰ ਬੋਗਸ ਵੋਟਿੰਗ ਕਰਨ ਦਈ ਪ੍ਰੇਰਿਤ ਕਰਦਿਆਂ ਸਲਾਹ ਦਿੱਤੀ, "ਜੋ ਵੋਟ ਪਾਉਣ ਲਈ ਨਾ ਆਉਣ, ਤੁਸੀਂ ਉਹਨਾਂ ਵਲੋਂ ਵੀ ਵੋਟ ਪਾ ਦਿਓ, ਕਿਉਂਕਿ ਇਕ ਵੀ ਵੋਟ ਬੇਕਾਰ ਨਹੀਂ ਜਾਣੀ ਚਾਹੀਦੀ।"

ਮੱਧ ਪ੍ਰਦੇਸ਼ ਦੇ ਚੋਣ ਅਧਿਕਾਰੀਆਂ ਵਲੋਂ ਕਾਂਗਰਸ ਦੇ ਪ੍ਰਚਾਰ ਗੀਤ ਵਿਚ 'ਚੌਕੀਦਾਰ ਚੋਰ ਹੈ' ਦੇ ਨਾਅਰੇ 'ਤੇ ਰੋਕ ਲਾਉਣ ਤੋਂ ਬਾਅਦ ਕਾਂਗਰਸ ਨੇ ਇਸ ਵਿਚ ਨਵਾਂ ਸ਼ਬਦ ਠੱਗ ਮਾਸਟਰ ਸੇ ਬਚ ਕਰ ਰਹਿਨਾ' ਜੋੜ ਦਿੱਤਾ ਹੈ ਅਤੇ ਇਸ ਦੇ ਬੋਲ ਹਨ—'ਲੋਗਣ ਕੇ ਰੋਜ਼ਗਾਰ ਨਾਮ ਕੇ ਨਾਹੀ', ਐਸਣ ਠਗ ਮਾਸਟਰ ਕਾਮ ਕੇ ਨਾਹੀ'।

ਇਤਰਾਜ਼ਯੋਗ ਬਿਆਨਬਾਜ਼ੀ ਦੀਆਂ ਉਕਤ ਮਿਸਾਲਾਂ ਤੋਂ ਸਪੱਸ਼ਟ ਹੈ ਕਿ ਖ਼ੁਦ ਨੂੰ ਦੇਸ਼ ਦੇ ਭਾਗਵਿਧਾਤਾ ਸਮਝਣ ਦਾ ਦਾਅਵਾ ਕਰਨ ਵਾਲੇ ਸਾਡੇ ਕਾਨੂੰਨ ਨਿਰਮਾਤਾ ਕਿੰਨੇ ਹੇਠਲੇ ਪੱਧਰ 'ਤੇ ਜਾ ਕੇ ਬਿਆਨਬਾਜ਼ੀ ਕਰ ਰਹੇ ਹਨ ਅਤੇ ਇਕ ਦੂਜੇ 'ਤੇ ਨਿੱਜੀ ਦੋਸ਼ ਲਾਉਣ ਤੋਂ ਵੀ ਨਹੀਂ ਖੁੰਝ ਰਹੇ। ਸੁਪਰੀਮ ਕੋਰਟ ਵਲੋਂ ਝਾੜ ਤੇ ਚੋਣ ਕਮਿਸ਼ਨ ਵਲੋਂ ਇਤਰਾਜ਼ਯੋਗ ਭਾਸ਼ਣ ਦੇਣ ਵਾਲੇ ਨੇਤਾਵਾਂ 'ਤੇ ਥੋੜ੍ਹਚਿਰੀ ਪਾਬੰਦੀ ਲਾਉਣ ਦਾ ਕੋਈ ਅਸਰ ਨਹੀਂ ਹੋਇਆ, ਇਸ ਲਈ ਲੋੜ ਇਸ ਗੱਲ ਦੀ ਹੈ ਕਿ ਇਤਰਾਜ਼ਯੋਗ ਬਿਆਨ ਦੇਣ ਵਾਲੇ ਨੇਤਾਵਾਂ ਵਿਰੁਧ ਸਖ਼ਤ ਪਾਬੰਦੀ ਦੀ ਵਿਵਸਥਾ ਕੀਤੀ ਜਾਣਵੇ ਤਾਂ ਕਿ ਉਹ ਰੁਝਾਨ ਬੰਦ ਹੋਵੇ।

### ਚੋਣ ਜ਼ਾਬਤੇ ਦੀ ਉਲੰਘਣਾ ਤੇ ਦਲ ਬਦਲੂ ਸਿਆਸਤਦਾਨ

ਭਾਰਤ ਦੀ ਸਿਆਸਤ ਸੇਵਾ ਨਹੀਂ, ਕਾਰੋਬਾਰ ਨਾਲ ਜੁੜ ਗਈ ਹੈ। ਇਸ ਵਿਚ ਲੋਕਾਂ ਦਾ ਦਰਦ ਨਹੀਂ, ਸਿਆਸੀ ਤੇ ਸਾਮਾਜਿਕ ਸਟੇਟਸ ਹਾਸਲ ਕਰਨਾ ਬਣ ਗਿਆ ਹੈ। ਇਹੀ ਭਾਰਤ ਦੀ ਨੇਤਾਗਿਰੀ ਹੈ, ਜਿਸ ਨੂੰ ਜਮਹੂਰੀਅਤ ਦਾ ਮਾਣ ਦਿੱਤਾ ਜਾ ਰਿਹਾ ਹੈ। ਦਲ ਬਦਲੂ ਨੇਤਾ ਭਾਰਤੀ ਸਿਆਸਤ ਦੀ ਦੇਣ ਹਨ। ਇਹ ਸਿਆਸਤ ਬਰਸਾਤੀ ਡੱਡੂਆਂ ਵਰਗੀ ਜਾਪਦੀ ਹੈ। ਸ਼ਤਰੂਘਣ ਸਿਨਹਾ ਨੇ ਪਿਛਲੇ ਦਿਨੀਂ ਭਾਜਪਾ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਏ ਸਨ। ਉਹ ਫਿਰ ਪਟਨਾ ਸਾਹਿਬ ਤੋਂ ਕਾਂਗਰਸ ਵਲੋਂ ਉਮੀਦਵਾਰ ਹਨ। ਪਾਰਟੀ ਬਦਲਣ ਸਾਰ ਉਹਨਾਂ ਦਾ ਬਿਆਨ ਸੀ ਕਿ ਉਹ ਹੁਣ ਸੇਵਾ ਕਰਨਗੇ। ਕੁਝ ਕਰਕੇ ਦਿਖਾਉਣਗੇ। ਜਯ-ਪ੍ਰਦਾ ਕੁਝ ਦਿਨ ਪਹਿਲਾਂ ਹੀ ਭਾਜਪਾ ਵਿੱਚ ਸ਼ਾਮਲ ਹੋਈ ਹੈ। ਪਾਰਟੀ ਵਿੱਚ ਆਉਣ ਸਾਰ ਉਹਨੇ ਕਿਹਾ, "ਪਹਿਲੀਆਂ ਥਾਂਵਾਂ ਠੀਕ ਨਹੀਂ ਸਨ। ਮੋਦੀ ਦੀ ਅਗਵਾਈ ਵਿੱਚ ਸੇਵਾ ਕਰਨ ਵਿਚ ਅਨੰਦ ਆਵੇਗਾ। ਇਹ ਕਿੰਨੀ ਅਜੀਬ ਗੱਲ ਹੈ ਕਿ ਬਾਕੀ ਪਾਰਟੀਆਂ ਵਿਚ ਅਨੰਦ ਨਹੀਂ ਆਇਆ, ਪਰ ਮੋਦੀ ਦੀ ਪਾਰਟੀ ਭਾਜਪਾ




ਵਿਚ ਆਨੰਦ ਆਏਗਾ। ਇਹੀ ਕੁਝ ਉਰਮਿਲਾ ਮਾਤੋਂਡਕਰ ਨੇ ਕਿਹਾ। ਉਸ ਨੂੰ ਕਾਂਗਰਸ ਨੇ ਮੁੰਬਈ ਤੋਂ ਟਿਕਟ ਦਿੱਤੀ ਹੈ। ਟਿਕਟ ਮਿਲਣ ਸਾਰ ਉਹ ਕਹਿੰਦੀ ਹੈ, "ਬੱਸ ਹੁਣ ਲੋਕਾਂ ਲਈ ਜੀਵੇਗੀ ਤੇ ਮਰੇਗੀ।" ਫ਼ਿਲਮੀ ਕਲਾਕਾਰ ਡਾਇਲਾਗ ਵੀ ਫ਼ਿਲਮੀ।

ਇਸੇ ਤਰ੍ਹਾਂ ਮੈਡਮ ਪ੍ਰਿਅੰਕਾ ਚਤੁਰਬੇਦੀ ਦਸ ਸਾਲਾਂ ਤੋਂ ਕਾਂਗਰਸ ਵਿੱਚ ਰਹਿ ਕੇ ਕਾਂਗਰਸ ਦੀ ਮੁੱਖ ਬੁਲਾਰਨ, ਜਿਹੜੀ ਟੀ ਵੀ 'ਤੇ ਬਹਿਸਾਂ ਵਿੱਚ ਹਿੱਸਾ ਲੈ ਕੇ ਕਾਂਗਰਸ ਦਾ ਪੱਖ ਬੜੀ ਪ੍ਰਮੁੱਖਤਾ ਨਾਲ ਨਿਭਾਉਂਦੀ ਸੀ, ਉਸ ਨੇ ਅਚਾਨਕ ਕਾਂਗਰਸ ਨੂੰ ਛੱਡ ਕੇ ਸ਼ਿਵ ਸੈਨਾ ਦਾ ਪੱਲਾ ਫੜ ਲਿਆ ਹੈ, ਆਖਦੀ ਹੈ ਕਿ ਹੁਣ ਮਹਾਂਰਾਸ਼ਟਰ ਵਿੱਚ ਰਹਿ ਕੇ, ਸ਼ਿਵ ਸੈਨਾ ਪਾਰਟੀ ਰਾਹੀਂ ਲੋਕਾਂ ਦੀ ਸੇਵਾ ਕਰਾਂਗੀ। ਅਸਲੀ ਗੱਲ ਇਹ ਹੈ ਕਿ ਇਹਨਾਂ ਚੋਣਾਂ ਵਿੱਚ ਉਹ ਟਿਕਟ ਦੀ ਚਾਹਵਾਨ ਸੀ, ਟਿਕਟ ਨਾ ਮਿਲੀ ਤਾਂ ਅਚਾਨਕ ਸ਼ਿਵ ਸੈਨਾ ਵਿੱਚ ਜਾ ਕੇ ਸੇਵਾ ਕਰਨ ਦਾ ਰਾਗ ਅਲਾਪਨ ਲੱਗੀ। ਅਜਿਹੀ ਕਿਹੜੀ ਸੇਵਾ ਹੈ, ਜਿਹੜੀ ਟਿਕਟ ਲਏ ਬਿਨਾਂ ਨਹੀਂ ਹੁੰਦੀ। ਇਹ ਸੁਆਲ ਲੋਕਾਂ ਨੇ ਨਹੀਂ, ਦਲ ਬਦਲੂ ਨੇਤਾਵਾਂ ਨੇ ਪੈਦਾ ਕੀਤੇ ਹਨ। ਜਦੋਂ ਪਾਰਟੀ ਬਦਲਣੀ ਹੁੰਦੀ ਹੈ ਤਾਂ ਸੇਵਾ ਤੇ ਜਦੋਂ ਪਿਛਲੀ ਪਾਰਟੀ ਵਿੱਚ ਉੱਚੇ ਅਹੁਦੇ 'ਤੇ ਹੁੰਦੇ ਹਨ ਤਾਂ ਸੇਵਾ ਚੇਤੇ ਵੀ ਨਹੀਂ ਆਉਂਦੀ। ਚੇਤੇ ਉਦੋਂ ਆਉਂਦੀ ਹੈ ਜਦੋਂ ਪਾਰਟੀ ਵਿਚ ਅਹੁਦਾ ਨਹੀਂ ਮਿਲਦਾ।

'ਸੇਵਾ' ਦਾ ਇਹੀ ਜਜ਼ਬਾ ਪੰਜਾਬ ਵਿੱਚ ਵੀ ਭਾਰੂ ਹੋਇਆ ਪਿਆ ਹੈ। ਮਹਿੰਦਰ ਸਿੰਘ ਕੇ ਪੀ ਇਸੇ ਕਰਕੇ ਨਰਾਜ਼ ਹਨ ਕਿ ਮੈਂਨੂੰ ਸੇਵਾ ਦਾ ਮੌਕਾ ਕਿਉਂ ਨਹੀਂ ਮਿਲਿਆ। ਉਹ ਕਹਿੰਦੇ ਹਨ, "ਪਾਰਟੀ ਨੇ ਸਾਡੀ ਕਦਰ ਨਹੀਂ ਜਾਣੀ।" ਭਾਵ ਇਹ ਕਿ 'ਕਦਰ' ਵੀ ਤਾਂ ਹੀ ਮੰਨੀ ਜਾਵੇਗੀ, ਜੇ ਲਗਾਤਾਰ ਟਿਕਟ ਮਿਲੇਗੀ। ਇਹ ਵੱਖਰੀ ਗੱਲ ਹੈ ਕਿ ਕੈਪਟਨ ਉਹਨਾਂ ਨੂੰ ਮਨਾਉਣ ਵਿਚ ਸਫਲ ਹੋ ਗਏ ਹਨ ਤੇ ਉਹਨਾਂ ਨੂੰ ਕਿਸੇ ਪਾਰਟੀ ਵਿਚ ਜਾ ਕੇ ਬਿਆਨ ਜਾਰੀ ਕਰਨ ਦਾ ਮੌਕਾ ਨਹੀਂ ਮਿਲਿਆ ਕਿ ਉਹ ਫਲਾਣੀ ਪਾਰਟੀ ਵਿਚ ਜਾ ਕੇ ਸੇਵਾ ਕਰਨਗੇ।

ਇਹੀ ਗੱਲ ਸੰਤੋਸ਼ ਚੌਧਰੀ ਕਹਿ ਰਹੇ ਹਨ। ਬੀਬੀ ਜੀ ਕਹਿੰਦੇ ਹਨ, "ਸੇਵਾ ਦਾ ਮੌਕਾ ਮੇਰੇ ਕੋਲੋਂ ਖੋਹਣ ਵਾਲੇ ਚੰਗੇ ਲੋਕ ਨਹੀਂ।"

ਇਸੇ ਸੇਵਾ ਦੇ ਲਾਭ ਵਿੱਚ ਪਿਛਲੇ ਦਿਨੀਂ ਹਰਬੰਸ ਕੌਰ ਦੂਲੋਂ ਨੇ ਝਾੜੂ ਨਿਸ਼ਾਨ ਵਾਲੀ ਪਾਰਟੀ 'ਆਪ' ਪਾਰਟੀ ਵਿਚ ਸ਼ਾਮਲ ਹੋ ਗਈ। ਉਹ ਕਹਿੰਦੇ, "ਕਾਂਗਰਸ ਨੇ ਸਾਡੇ ਕੋਲੋਂ ਸੇਵਾ ਦਾ ਮੌਕਾ ਗੁਆ ਲਿਆ, ਪਰ ਅਸੀਂ 'ਆਪ' ਪਾਰਟੀ ਵਿਚ ਸੇਵਾ ਕਰਕੇ ਰਹਾਂਗੇ।" ਉਨ੍ਹਾਂ ਦੇ ਪਤੀ ਸ਼ਮਸ਼ੇਰ ਸਿੰਘ ਦੂਲੋਂ ਰਾਜ ਸਭਾ ਦੇ ਮੈਂਬਰ ਹਨ।

ਇਸੇ ਸਿਆਸੀ ਸੇਵਾ ਸਿਧਾਂਤ ਨੂੰ ਅਪਨਾ ਕੇ ਜਗਮੀਤ ਸਿੰਘ ਬਰਾੜ ਬਾਦਲ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਉਹ ਕਹਿੰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਪੰਥਕ ਪਾਰਟੀ ਹੈ ਤੇ ਸ਼੍ਰੋਮਣੀ ਕਮੇਟੀ ਰਾਹੀਂ ਉਹ ਪੰਥ ਤੇ ਪੰਜਾਬ ਦੀ ਸੇਵਾ ਕਰ ਸਕਣਗੇ। ਜਗਮੀਤ ਬਰਾੜ ਨੇ ਇਸ ਸੇਵਾ ਲਈ ਹੀ ਤ੍ਰਿਣਮੂਲ ਕਾਂਗਰਸ ਪੰਜਾਬ ਲਿਆਂਦੀ ਸੀ, ਪਰ ਸੇਵਾ ਨਹੀਂ ਕਰ ਸਕੇ। ਇਸੇ ਸੇਵਾ ਲਈ ਉਹ 'ਆਪ' ਵਿੱਚ ਜਾਣਾ ਚਾਹੁੰਦੇ ਸਨ, ਪਰ 'ਆਪ' ਹਾਈਕਮਾਂਡ ਨੇ ਖੈਰ ਨਹੀਂ ਪਾਈ। ਸੇਵਾ ਲਈ ਹੀ ਉਨ੍ਹਾਂ ਬਸਪਾ ਵੱਲ ਜਾਣ ਦੀ ਕੋਸ਼ਿਸ਼ ਕੀਤੀ ਸੀ, ਪਰ ਬਸਪਾ ਨੇ ਵੀ ਹਾਮੀ ਨਹੀਂ ਭਰੀ। ਪਰ ਅਖੀਰ ਅਕਾਲੀ ਦਲ ਨੇ ਮੌਕਾ ਦੇ ਹੀ ਦਿੱਤਾ ਤੇ ਹੁਣ ਉਹ ਜਥੇਦਾਰ ਜਗਮੀਤ ਸਿੰਘ ਬਰਾੜ ਬਣ ਗਏ ਹਨ। ਬਾਦਲ ਅਕਾਲੀ ਦਲ ਦਾ ਕਹਿਣਾ ਹੈ ਕਿ ਉਹ ਪੰਜਾਬ ਦੀ ਸਿਆਸਤ ਦੇ ਸੁਪਰ ਸਟਾਰ ਹਨ ਤੇ ਅਕਾਲੀ ਦਲ ਨੂੰ ਉਹਨਾਂ ਦੀ ਸੇਵਾ ਦਾ ਫਾਇਦਾ ਹੋਵੇਗਾ।

ਅਸਲ ਵਿਚ ਇਹ ਸੇਵਾ ਨਹੀਂ, ਇਹ ਮੌਕਾ ਪ੍ਰਸਤੀ ਹੈ ਤੇ ਦਲ ਬਦਲੂਆਂ ਨੇ ਬਹੁਤ ਸੋਹਣੇ ਅੱਖਰਾਂ ਵਿਚ ਇਸ ਨੂੰ ਸੇਵਾ ਦਾ ਨਾਮ ਦੇ ਦਿੱਤਾ। ਸੇਵਾ ਤਾਂ ਉਹ ਹੁੰਦੀ ਹੈ ਕਿ ਤੁਸੀਂ ਕਿਸੇ ਵੀ ਪਾਰਟੀ ਵਿਚ ਰਹੋ, ਪਰ ਲੋਕਾਂ ਦੇ ਸਟਾਰ ਬਣ ਕੇ ਰਹੋ ਤੇ ਲੋਕਾਂ ਦੇ ਭਲੇ ਦੀ ਗੱਲ ਕਰੋ। ਸਿਆਸਤ ਨੂੰ ਬਿਜਨੈਸ ਨਹੀਂ ਸੇਵਾ ਸਮਝੋ।

ਭਾਰਤ ਦੀ ਜਮਹੂਰੀਅਤ ਦਾ ਦੂਸਰਾ ਘਾਣ ਚੋਣ ਜ਼ਾਬਤੇ ਦੀਆਂ ਧੱਜੀਆਂ ਉਡਾ ਕੇ ਹੋ ਰਿਹਾ ਹੈ। ਇਸ ਦਾ ਸਿਹਰਾ ਮੁੱਖ ਤੌਰ ਉੱਤੇ ਭਾਜਪਾ ਤੇ ਖਾਸਕਰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਰ ਬੱਝਦਾ ਹੈ। ਉਹਨਾਂ ਨੇ ਚੋਣ ਕਮਿਸ਼ਨ ਦੇ ਹੁਕਮਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਚੋਣ ਕਮਿਸ਼ਨ ਵੀ ਚੁੱਪ ਕਰਕੇ ਤਮਾਸ਼ਾ ਦੇਖ ਰਿਹਾ ਹੈ। ਚੋਣ ਕਮਿਸ਼ਨ ਇਸ ਤਰ੍ਹਾਂ ਵਰਤਾਰਾ ਅਪਨਾ ਰਿਹਾ ਹੈ ਕਿ ਜਿਵੇਂ ਉਹ ਭਾਜਪਾ ਦਾ ਚੌਕੀਦਾਰ ਹੁੰਦਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਇੱਕ ਚੋਣ ਰੈਲੀ ਦੌਰਾਨ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੀ ਪਹਿਲੀ ਵੋਟ ਪੁਲਵਾਮਾ ਵਿੱਚ ਸ਼ਹੀਦ ਹੋਏ ਜਵਾਨਾਂ ਨੂੰ ਸਮੱਰਪਤ ਕਰਨ। ਪਹਿਲਾਂ ਤਾਂ ਚੋਣ ਕਮਿਸ਼ਨ ਨੇ ਮੋਦੀ ਦੇ ਬਿਆਨ ਨੂੰ ਟਾਲ ਦਿੱਤਾ ਕਿ ਉਹ ਇਸ ਸੰਬੰਧੀ ਰਿਪੋਰਟ ਆਉਣ ਤੋਂ ਬਾਅਦ ਕਾਰਵਾਈ ਕਰਨਗੇ, ਪਰ ਪਿੱਛੋਂ ਇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ। ਇਸੇ ਦੌਰਾਨ ਗ੍ਰਹਿ ਮੰਤਰੀ ਰਾਜਨਾਥ ਸਿੰਘ ਦਾ ਬਿਆਨ ਆ ਗਿਆ ਕਿ ਆਪਣੇ ਜਵਾਨਾਂ ਦਾ ਗੁਣਗਾਨ ਕਰਨਾ ਗਲਤ ਨਹੀਂ ਹੁੰਦਾ। ਚੋਣ ਕਮਿਸ਼ਨ ਫਿਰ ਵੀ ਚੁੱਪ ਰਿਹਾ। ਇਸ ਤੋਂ ਜ਼ਾਹਿਰ ਹੈ ਕਿ ਭਗਵਿਆਂ ਨੂੰ ਚੋਣ ਕਮਿਸ਼ਨ ਦਾ ਕੋਈ ਡਰ ਨਹੀਂ। ਚੋਣ ਕਮਿਸ਼ਨ ਦੀਆਂ ਕਾਰਵਾਈਆਂ ਤੋਂ ਪਤਾ ਲੱਗ ਰਿਹਾ ਹੈ ਕਿ ਉਹ ਭਾਜਪਾ ਦਾ ਹੱਥ ਠੋਕਾ ਹੈ। ਮਾਲੇਗਾਂਵ ਧਮਾਕੇ ਦੀ ਦੋਸ਼ੀ ਅਤੇ ਭੋਪਾਲ ਤੋਂ ਭਾਜਪਾ ਦੀ ਉਮੀਦਵਾਰ ਸਾਧਵੀ ਪ੍ਰਗਿਆ ਸਿੰਘ ਠਾਕਰ ਨੇ ਤਾਂ ਚੋਣ ਕਮਿਸ਼ਨ ਦੀਆਂ ਧੱਜੀਆਂ ਉਡਾ ਦਿੱਤੀਆਂ। ਉਸ ਨੇ ਆਪਣੇ ਪਹਿਲੇ ਬਿਆਨ ਵਿੱਚ ਹੀ ਮੁੰਬਈ ਵਿਖੇ ਹੋਏ ਅੱਤਵਾਦੀ ਹਮਲੇ ਵਿੱਚ ਆਪਣੀ ਜਾਨ ਦੀ ਬਾਜ਼ੀ ਲਾ ਦੇਣ ਵਾਲੇ ਸ਼ਹੀਦ ਹੇਮੰਤ ਕਰਕਰੇ ਉੱਤੇ ਟਾਰਚਰ ਕਰਨ ਤੇ ਉਸ ਨੂੰ ਝੂਠਾ ਫਸਾਉਣ ਦਾ ਦੋਸ਼ ਲਾ ਕੇ ਇੱਥੋਂ ਤੱਕ ਕਹਿ ਦਿੱਤਾ ਕਿ ਉਸ ਨੇ ਹੀ ਕਰਕਰੇ ਨੂੰ ਮਾਰੇ ਜਾਣ ਦਾ ਸਰਾਪ ਦਿੱਤਾ ਸੀ, ਪਰ ਹੋਇਆ ਕੀ, ਇੱਕ ਨੋਟਿਸ ਦੇ ਕੇ ਚੋਣ ਕਮਿਸ਼ਨ ਘੂਕ ਸੁੱਤਾ ਪਿਆ ਹੈ। ਸਾਧਵੀ ਪ੍ਰਗਿਆ ਨੇ ਉਸ ਤੋਂ ਬਾਅਦ ਇਹ ਜ਼ਿਕਰ ਕੀਤਾ ਕਿ ਬਾਬਰੀ ਮਸਜਿਦ ਉਸ ਨੇ ਢਾਹੀ ਹੈ ਤੇ ਰਾਮ ਮੰਦਰ ਉਹੀ ਬਣਾਏਗੀ। ਅਜਿਹੇ ਫਾਸੀਵਾਦੀ ਤੇ ਨਫ਼ਰਤ ਭਰਪੂਰ ਬਿਆਨ ਦੇਣੇ ਚੋਣ ਕਮਿਸ਼ਨ ਦੇ ਹੁਕਮਾਂ ਦੀ ਉਲੰਘਣਾ ਹੈ, ਪਰ ਫਿਰ ਵੀ ਕੋਈ ਕਾਰਵਾਈ ਨਹੀਂ ਹੋ ਰਹੀ, ਕਿਉਂਕਿ ਚੋਣ ਕਮਿਸ਼ਨ ਭਾਜਪਾ ਤੋਂ ਡਰਿਆ ਮਹਿਸੂਸ ਕਰ ਰਿਹਾ ਹੈ। ਚੋਣ ਕਮਿਸ਼ਨ ਵੱਲੋਂ ਹਾਲੇ ਤੱਕ ਦੋਹਾਂ ਕੇਸਾਂ ਵਿੱਚ ਹੀ ਸਾਧਵੀ ਨੂੰ ਸਿਰਫ਼ ਨੋਟਿਸ ਦਿੱਤੇ ਗਏ ਹਨ, ਪਰ ਕੋਈ ਠੋਸ ਕਾਰਵਾਈ ਨਹੀਂ ਕੀਤੀ। ਪਰ ਸਾਧਵੀ ਸਭ ਨੂੰ ਲਲਕਾਰ ਰਹੀ ਹੈ। ਉਹ ਜਾਣਦੀ ਹੈ ਕਿ ਚੋਣ ਕਮਿਸ਼ਨ ਭਗਵਿਆਂ ਦਾ ਗੁਲਾਮ ਹੈ, ਇਸ ਤੋਂ ਡਰਨ ਦੀ ਲੋੜ ਨਹੀਂ। ਜੇਕਰ ਗੱਲ ਅਜਿਹੀ ਹੈ ਤਾਂ ਭਾਰਤ ਵਿਚ ਚੋਣਾਂ ਕਿਵੇਂ ਨਿਰਪੱਖ ਹੋ ਸਕਦੀਆਂ ਹਨ? ਇਸ ਤਰ੍ਹਾਂ ਜਾਪਦਾ ਹੈ ਕਿ ਭਾਰਤ ਜਰਮਨ ਦੇ ਹਿਟਲਰ ਵਲ ਵਧ ਰਿਹਾ ਹੈ। ਸਭ ਭਾਰਤੀਆਂ ਨੂੰ ਕੋਸ਼ਿਸ ਕਰਨੀ ਚਾਹੀਦੀ ਹੈ ਕਿ ਭਾਰਤ ਹਿਟਲਰ ਦਾ ਦੇਸ਼ ਨਾ ਬਣੇ। ਇਹ ਗੱਦਰੀ ਬਾਬਿਆਂ ਤੇ ਸ਼ਹੀਦਾਂ ਦੇ ਦੇਸ਼ ਬਣਿਆ ਰਹੇ, ਜਿਸ ਨੇ ਭਾਰਤ ਲਈ ਚੰਗੇ ਸੁਪਨੇ ਦੇਖੇ ਸਨ ਤੇ ਆਪਣੀਆਂ ਕੁਰਬਾਨੀਆਂ ਦਿੱਤੀਆਂ ਸਨ।

# ਪੰਜਾਬੀ ਨੌਜਵਾਨਾਂ ਦਾ ਬੇਰੁਜ਼ਗਾਰੀ ਤੇ ਪਰਵਾਸ ਨਹੀਂ ਬਣ ਰਿਹਾ ਚੋਣ-ਮੁੱਦਾ

## *1100 ਕਰੋੜ ਰੁਪਏ ਦਾ ਆਈਲਟਸ ਕਾਰੋਬਾਰ ਹੋਣ ਲੱਗਿਆ*

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਵਿਚ ਲੋਕ ਸਭਾ ਚੋਣਾਂ ਦੀਆਂ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਵੋਟਰਾਂ ਨੂੰ ਭਰਮਾਉਣ ਲਈ ਤਰ੍ਹਾਂ ਤਰ੍ਹਾਂ ਦੇ ਵਾਅਦੇ ਕੀਤੇ ਜਾ ਰਹੇ ਹਨ। ਪਰ ਪੰਜਾਬ ਵਿਚ ਫੈਲ ਰਹੀ ਬੇਰੁਜ਼ਗਾਰੀ ਤੇ ਪੰਜਾਬੀ ਨੌਜਵਾਨਾਂ ਦਾ ਪਰਵਾਸ ਜੋ ਪੰਜਾਬ ਲਈ ਡੂੰਘਾ ਸੰਕਟ ਬਣਦਾ ਜਾ ਰਿਹਾ ਹੈ, ਉਹ ਚੋਣ ਮੁੱਦਾ ਨਹੀਂ ਬਣ ਰਿਹਾ। ਰਾਜਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਵਿਚ ਪੰਜਾਬ ਦੇ ਮੁੱਦਿਆਂ ਬਾਰੇ ਗੰਭੀਰਤਾ ਕਿਧਰੇ ਵੀ ਨਜ਼ਰ ਨਹੀਂ ਆ ਰਹੀ। ਉਨ੍ਹਾਂ ਦਾ ਸਾਰਾ ਧਿਆਨ ਵੋਟਾਂ ਬਟੋਰਨ ਵੱਲ ਲੱਗਾ ਹੋਇਆ ਹੈ। ਚੋਣ ਮੁੱਦਿਆਂ ਸਬੰਧੀ ਲਏ ਗਏ ਵਿਚਾਰਾਂ ਤੋਂ ਨੌਜਵਾਨਾਂ ਦੀ ਇਹੋ ਸੋਚ ਉੱਭਰ ਕੇ ਸਾਹਮਣੇ ਆਈ ਹੈ ਕਿ ਪੰਜਾਬ ਦਾ ਨੌਜਵਾਨ ਆਪਣੇ ਭਵਿੱਖ ਨੂੰ ਲੈ ਕੇ ਬਹੁਤ ਫ਼ਿਕਰਮੰਦ ਹੈ ਤੇ ਬੇਰੁਜ਼ਗਾਰੀ ਉਸ ਦੀ ਸਭ ਤੋਂ ਵੱਡੀ ਸਮੱਸਿਆ ਹੈ। ਨੌਜਵਾਨਾਂ ਨੇ ਬੇਰੁਜ਼ਗਾਰੀ, ਹਾਕਮਾਂ ਦੀ ਵਾਅਦਾ-ਖ਼ਿਲਾਫ਼ੀ ਤੇ ਝੂਠੇ ਲਾਰਿਆਂ ਤੇ ਨਸ਼ਿਆਂ ਨੂੰ ਵੱਡੇ ਚੋਣ ਮੁੱਦੇ ਤੇ ਵੱਡੀਆਂ ਸਮੱਸਿਆਵਾਂ ਕਰਾਰ ਦਿੱਤਾ ਹੈ। ਇਨ੍ਹਾਂ ਪੜ੍ਹੇ-ਲਿਖੇ ਨੌਜਵਾਨਾਂ ਮੁਤਾਬਕ ਬੇਰੁਜ਼ਗਾਰੀ ਕਾਰਨ ਹੀ ਨੌਜਵਾਨ ਨਿਰਾਸ਼ਾ ਦੇ ਆਲਮ ਵਿਚ ਪਰਦੇਸਾਂ ਨੂੰ ਪਰਵਾਸ ਕਰ ਰਹੇ ਹਨ ਜਾਂ ਫਿਰ ਨਸ਼ਿਆਂ ਦੇ ਆਦੀ ਬਣ ਰਹੇ ਹਨ।

### ਕੀ ਹਨ ਨੌਜਵਾਨਾਂ ਦੇ ਮੁੱਦੇ-

ਨਸ਼ਿਆਂ ਨੂੰ 40 ਫ਼ੀਸਦੀ ਨੌਜਵਾਨਾਂ ਨੇ ਵੱਡੀ ਸਮੱਸਿਆ ਮੰਨਿਆ ਹੈ, ਜਿਸ ਲਈ ਉਹ ਮੁੱਖ ਤੌਰ 'ਤੇ ਬੇਰੁਜ਼ਗਾਰੀ ਅਤੇ ਨਾਲ ਹੀ ਹਾਕਮਾਂ ਦੀਆਂ ਗ਼ਲਤ ਨੀਤੀਆਂ ਤੇ ਭ੍ਰਿਸ਼ਟਾਚਾਰ ਨੂੰ ਜ਼ਿੰਮੇਵਾਰ ਮੰਨਦੇ ਹਨ। ਵੋਟਾਂ ਦੀ ਖ਼ਰੀਦੋ-ਫ਼ਰੋਖ਼ਤ ਉਤੇ ਚਿੰਤਾ ਜ਼ਾਹਰ ਕਰਦਿਆਂ 26 ਫ਼ੀਸਦੀ ਨੌਜਵਾਨਾਂ ਨੇ ਆਪਣੇ ਸਾਥੀਆਂ ਨੂੰ ਇਸ ਮਾੜੇ ਰੁਝਾਨ ਤੋਂ ਬਚਣ ਦਾ ਸੁਨੇਹਾ ਦਿੱਤਾ ਹੈ ਤੇ 20 ਫ਼ੀਸਦੀ ਅਨੁਸਾਰ ਨੌਜਵਾਨਾਂ ਨੂੰ ਸਿਆਸਤਦਾਨਾਂ ਦੇ ਪਿਛਲੱਗ ਬਣਨ ਦੀ ਥਾਂ ਖ਼ੁਦ ਸਿਆਸੀ ਪਿੜ ਵਿਚ ਨਿੱਤਰਨਾ ਚਾਹੀਦਾ ਹੈ ਤੇ ਆਪਣੀਆਂ ਸਮੱਸਿਆਵਾਂ ਦਾ ਹੱਲ ਆਪ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ 15 ਫ਼ੀਸਦੀ ਨੌਜਵਾਨਾਂ ਨੇ ਸਿਆਸੀ ਆਗੂਆਂ ਦੇ ਪਰਿਵਾਰਵਾਦ, 13 ਫ਼ੀਸਦੀ ਨੇ ਮਹਿੰਗੀ ਤੇ ਗ਼ੈਰ-ਮਿਆਰੀ ਵਿੱਦਿਆ, 13 ਫ਼ੀਸਦੀ ਨੇ ਰਿਸ਼ਵਤਖ਼ੋਰੀ ਅਤੇ 10 ਫ਼ੀਸਦੀ ਨੇ ਫ਼ਿਰਕਾਪ੍ਰਸਤੀ ਅਤੇ ਜਾਤੀਵਾਦ ਦੇ ਰੁਝਾਨ ਉਤੇ ਚਿੰਤਾ ਜ਼ਾਹਰ ਕੀਤੀ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨ ਕਿਸਾਨੀ ਦੀ ਮੰਦਹਾਲੀ ਤੇ ਖ਼ੁਦਕੁਸ਼ੀਆਂ, ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ-ਖਸੁੱਟ, ਲੋਕ ਮਸਲਿਆਂ ਦੇ ਵਰ੍ਹਿਆਂਬੱਧੀ ਲਟਕਦੇ ਰਹਿਣ, ਚੋਣਾਂ ਵਿਚ ਪੈਸੇ ਦੀ ਅੰਨ੍ਹੇਵਾਹ ਦੁਰਵਰਤੋਂ, ਨਿੱਜੀ ਵਿੱਦਿਅਕ ਅਦਾਰਿਆਂ ਤੇ ਨਿਜੀ ਕੰਮ ਵਾਲੀਆਂ ਥਾਵਾਂ ਉਤੇ ਹੋਣ ਵਾਲੇ ਸ਼ੋਸ਼ਣ ਅਤੇ ਸੋਸ਼ਲ ਮੀਡੀਆ ਉਤੇ ਫੈਲਾਈਆਂ ਜਾਂਦੀਆਂ ਅਫ਼ਵਾਹਾਂ ਤੋਂ ਵੀ ਦੁਖੀ ਹਨ।



### ਸਭ ਤੋਂ ਗਰਮ ਮੁੱਦਾ ਹੈ ਪਰਵਾਸ-

ਪੰਜਾਬੀ ਨੌਜਵਾਨਾਂ ਦਾ ਪਰਵਾਸ ਇਨ੍ਹੀਂ ਦਿਨੀਂ ਸਭ ਤੋਂ ਗਰਮ ਮੁੱਦਾ ਹੈ। ਚੰਗੇ ਰੁਜ਼ਗਾਰ ਦੀਆਂ ਆਸਾਂ ਨਾਲ ਕਈ ਕਈ ਵਰ੍ਹਿਆਂ ਦੀਆਂ ਮਹਿੰਗੀਆਂ ਪੜ੍ਹਾਈਆਂ ਕਰਨ ਉਪਰੰਤ ਵੀ ਜਦੋਂ ਰੁਜ਼ਗਾਰ ਪੱਖੋਂ ਹੱਥ ਖਾਲੀ ਦੇ ਖਾਲੀ ਰਹਿੰਦੇ ਹਨ ਤਾਂ ਪੰਜਾਬੀ ਨੌਜਵਾਨ ਵਿਦੇਸ਼ੀ ਧਰਤੀ 'ਤੇ ਰੁਜ਼ਗਾਰ ਦੇ ਸੁਨਹਿਰੀ ਸੁਪਨੇ ਤਲਾਸ਼ਣੇ ਸ਼ੁਰੂ ਕਰ ਦਿੰਦੇ ਹਨ। ਹਰ ਵਰ੍ਹੇ ਲੱਖਾਂ ਨੌਜਵਾਨ ਮਹਿੰਗੀਆਂ ਆਈਲਟਸ ਕੋਚਿੰਗ ਪ੍ਰਾਪਤ ਕਰਨ ਉਪਰੰਤ ਵਿਦੇਸ਼ੀ ਕਾਲਜਾਂ ਦੀਆਂ ਮਹਿੰਗੀਆਂ ਫੀਸਾਂ ਭਰ ਕੇ ਵਿਦੇਸ਼ ਜਾਣ ਲਈ ਮਜਬੂਰ ਹਨ। ਇਕ ਰਿਪੋਰਟ ਅਨੁਸਾਰ ਪੰਜਾਬ ਵਿਚ ਸਾਲਾਨਾ 1100 ਕਰੋੜ ਰੁਪਏ ਦਾ ਆਈਲਟਸ ਕਾਰੋਬਾਰ ਹੋਣ ਲੱਗਿਆ ਹੈ। ਸੂਬੇ ਦੇ ਤਕਰੀਬਨ 3.36 ਲੱਖ ਨੌਜਵਾਨ ਹਰ ਵਰ੍ਹੇ ਆਈਲਟਸ ਦੀ ਪ੍ਰੀਖਿਆ ਦੇ ਰਹੇ ਹਨ। ਵਿਦਿਆਰਥੀਆਂ ਦੇ ਪ੍ਰਵਾਸ ਕਰਨ ਕਰਕੇ ਪੰਜਾਬ ਦੀਆਂ ਯੂਨੀਵਰਸਿਟੀਆਂ ਤੇ ਕਾਲਜ ਖਾਲੀ ਹੋ ਰਹੇ ਹਨ। ਨੌਜਵਾਨਾਂ ਦੇ ਪਰਵਾਸ ਕਾਰਨ ਪੰਜਾਬ ਦੇ ਹਜ਼ਾਰਾਂ ਮਾਪਿਆਂ ਦੀ ਆਰਥਿਕਤਾ ਸੰਕਟ ਵਿਚ ਪਈ ਹੋਈ ਹੈ।

### ਪਰਵਾਸ ਬਾਰੇ ਕੀ ਕਹਿੰਦੇ ਹਨ ਬੁੱਧੀਜੀਵੀ-

ਵਿਦੇਸ਼ਾਂ ਵੱਲ ਪਰਵਾਸ ਦਾ ਕਾਰਨ ਪੰਜਾਬ ਸਨਅਤੀ, ਖੇਤੀ ਤੇ ਆਰਥਿਕ ਉਜਾੜਾ ਹੈ, ਜਿਸ ਦੀ ਜ਼ਿੰਮੇਵਾਰ ਕੇਂਦਰ ਸਰਕਾਰ ਹੈ ਤੇ ਪੰਜਾਬ ਦੀ ਭ੍ਰਿਸ਼ਟ ਲੀਡਰਸ਼ਿਪ ਹੈ। ਪੰਜਾਬ ਵਿਚ ਰੁਜ਼ਗਾਰ ਔਖਾ ਮਿਲਦਾ ਹੈ। ਇਹੀ ਕਾਰਨ ਹੈ ਕਿ ਪੰਜਾਬ ਦੇ ਬੱਚੇ ਪ੍ਰਵਾਸ ਕਰ ਰਹੇ ਹਨ। ਪੰਜਾਬ ਵਿੱਚ ਖਾਸ ਕਰਕੇ, ਵਿਦੇਸ਼ ਭੇਜਣ ਵਾਲੇ ਏਜੰਟਾਂ ਤੇ ਆਈਲੈਟਸ ਸੈਂਟਰਾਂ ਦੀ ਭਰਮਾਰ ਹੈ। ਲੱਗਦਾ ਹੈ ਕਿ ਕਾਲਜਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟ ਹੈ ਤੇ ਇਨ੍ਹਾਂ ਸੈਂਟਰਾਂ ਵਿੱਚ ਵੱਧ। ਇਕ ਛੋਟੇ ਜਿਹੇ ਕਸਬੇ ਵਿੱਚ ਅੱਠ ਦਸ ਆਈਲੈਟਸ ਸੈਂਟਰਾਂ ਦਾ ਹੋਣਾ ਆਮ ਗੱਲ ਹੈ, ਜਦੋਂ ਕਿ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਤੇ ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਇਹ ਸੈਂਕੜਿਆਂ ਦੀ ਗਿਣਤੀ ਵਿੱਚ ਹਨ। ਇਕ ਅੰਦਾਜ਼ੇ ਮੁਤਾਬਕ ਇਕੱਲੇ ਪੰਜਾਬ ਤੋਂ ਕਰੀਬ ਡੇਢ-ਲੱਖ ਨੌਜਵਾਨ ਹਰ ਸਾਲ ਪਰਵਾਸ ਕਰਦੇ ਹਨ। ਪੰਜਾਬੀ ਨੌਜਵਾਨ ਭਾਵੇਂ ਪੜ੍ਹਾਈ ਦੇ ਨਾਂ 'ਤੇ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਦਾਖਲਾ ਲੈ ਕੇ ਜਾਂਦੇ ਹਨ, ਪਰ ਕਿਸੇ ਵੀ ਨੌਜਵਾਨ ਦੇ ਮਨ ਵਿੱਚ ਭੋਰਾ ਭਰਮ ਨਹੀਂ ਹੁੰਦਾ ਕਿ ਉਹ ਉਚ ਸਿੱਖਿਆ ਹਾਸਲ ਕਰਕੇ ਆਪਣੇ ਦੇਸ਼ ਪਰਤੇਗਾ। ਉਨ੍ਹਾਂ ਦੇਸ਼ਾਂ ਦੀ ਨੀਤੀ ਵਿੱਚ ਵੀ ਇਨ੍ਹਾਂ ਨੂੰ ਪੜ੍ਹਾਉਣ ਤੋਂ ਵੱਧ ਉਥੇ ਕੰਮ ਵਿੱਚ ਲਾਉਣ ਦੀ ਚਾਹਤ ਹੈ। ਪੱਚੀ ਤੋਂ ਤੀਹ ਲੱਖ ਰੁਪਏ ਦੂਜੇ ਦੇਸ਼ ਨੂੰ ਦੇ ਕੇ ਪੜ੍ਹਨ ਗਿਆ ਨੌਜਵਾਨ ਉਨ੍ਹਾਂ ਦੇ ਸਟੱਡੀ ਵੀਜ਼ੇ 'ਤੇ ਹੁੰਦਿਆਂ ਹਫਤੇ ਵਿੱਚ ਵੀਹ ਘੰਟੇ ਕੰਮ ਕਰ ਲੈਂਦਾ ਹੈ ਤੇ ਇਸ ਤਰ੍ਹਾਂ ਉਨ੍ਹਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਦਾ ਹੈ। ਇਕ ਅਨੁਮਾਨ ਮੁਤਾਬਕ ਪੰਜਾਬ ਤੋਂ ਪਰਵਾਸ ਕਰਨ ਵਾਲਿਆਂ ਵਿਚੋਂ 81 ਫੀਸਦੀ ਨੌਜਵਾਨ ਪੇਂਡੂ ਖੇਤਰਾਂ ਤੋਂ ਹਨ। ਯਕੀਨਨ ਇਹ ਉਹ ਲੋਕ ਹਨ, ਜਿਨ੍ਹਾਂ ਕੋਲ ਦੋ-ਚਾਰ ਕਿੱਲੇ ਜ਼ਮੀਨ ਹੈ ਤੇ ਉਸ ਨੂੰ ਵੇਚ ਜਾਂ ਗਹਿਣੇ ਰੱਖ ਕੇ ਲੋਕ ਪੈਸਿਆਂ ਦਾ ਬੰਦੋਬਸਤ ਕਰਦੇ ਹਨ। ਜੇਕਰ ਪੰਜਾਬ ਦੀ ਲੀਡਰਸ਼ਿਪ ਸੂਝਵਾਨ ਹੁੰਦੀ ਤੇ ਪੰਜਾਬ ਦੇ ਮੁੱਦਿਆਂ ਵਲ ਧਿਆਨ ਦਿੰਦੀ ਤਾਂ ਇਹ ਹਾਲਤ ਨਹੀਂ ਸੀ ਹੋਣੀ।

**-ਹਰਜੀਤ ਸਿੰਘ ਸੰਪਾਦਕ ਫੁਲਵਾੜੀ**

ਇਸ ਸਾਲ ਪੰਜਾਬ ਦੇ ਡੇਢ ਤੋਂ ਦੋ ਲੱਖ ਦੇ ਕਰੀਬ ਵਿਦਿਆਰਥੀ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਲਈ ਕੈਨੇਡਾ ਅਤੇ ਹੋਰ ਮੁਲਕਾਂ ਵਿਚ ਚਲੇ ਗਏ ਹਨ। ਕੁਝ ਅੰਦਾਜ਼ਿਆਂ ਅਨੁਸਾਰ ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਪਹਿਲੇ ਸਾਲ ਲਗਭਗ 27 ਹਜ਼ਾਰ ਕਰੋੜ ਰੁਪਏ ਖ਼ਰਚ ਹੋਣਗੇ। ਕੈਨੇਡਾ ਨੇ ਅਜਿਹੇ ਵਿਦਿਆਰਥੀਆਂ ਲਈ ਆਪਣੇ ਦਰਵਾਜ਼ੇ ਪੂਰੀ ਤਰ੍ਹਾਂ ਖੋਲ੍ਹ ਦਿੱਤੇ ਹਨ ਤੇ ਬਹੁਗਿਣਤੀ ਕੈਨੇਡਾ ਗਈ ਹੈ ਜਦੋਂਕਿ ਬਾਕੀ ਦੇ ਆਸਟਰੇਲੀਆ, ਨਿਊਜ਼ੀਲੈਂਡ, ਅਮਰੀਕਾ ਤੇ ਇੰਗਲੈਂਡ। ਪਹਿਲਾਂ ਵਿਦਿਆਰਥੀ ਗਰੈਜੂਏਸ਼ਨ ਤੋਂ ਬਾਅਦ ਪੋਸਟ-ਗਰੈਜੂਏਸ਼ਨ ਦੀ ਪੜ੍ਹਾਈ ਲਈ ਬਾਹਰ ਜਾਂਦੇ ਸਨ ਪਰ ਇਸ ਵਾਰ ਵੱਧ ਗਿਣਤੀ ਵਿਚ ਅੰਡਰ-ਗਰੈਜੂਏਟ ਪੜ੍ਹਾਈ ਲਈ ਬਾਹਰ ਗਏ ਹਨ। ਅਸਲੀਅਤ ਇਹ ਹੈ ਕਿ ਪੰਜਾਬ ਵਿਚ ਰੁਜ਼ਗਾਰ ਦੇ ਜੋ ਮੌਕੇ ਪੈਦਾ ਕੀਤੇ ਗਏ ਹਨ, ਉਹ ਨਾਕਾਫੀ ਹਨ, ਵਾਅਦਿਆਂ ਦੇ ਨੇੜੇ ਤੇੜੇ ਵੀ ਨਹੀਂ। ਪੰਜਾਬ ਵਿਚ ਸਨਅਤਾਂ ਲਾਉਣ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ, ਸਹਿਮਤੀ ਪੱਤਰਾਂ 'ਤੇ ਦਸਤਖ਼ਤ ਹੋਏ ਪਰ ਅਮਲੀ ਤੌਰ 'ਤੇ ਕੁਝ ਜ਼ਿਆਦਾ ਨਹੀਂ ਹੋਇਆ। ਵਿੱਦਿਅਕ ਢਾਂਚੇ ਨੂੰ ਸੁਧਾਰਨ ਲਈ ਜਿਹੜਾ ਬਜਟ ਦੇਣ ਦਾ ਵਾਅਦਾ ਕੀਤਾ ਗਿਆ ਸੀ, ਉਹ ਵੀ ਪੂਰਾ ਨਹੀਂ ਹੋਇਆ ਸਗੋਂ ਅਧਿਆਪਕਾਂ ਨੂੰ ਪੱਕੇ ਹੋਣ ਲਈ ਤਨਖ਼ਾਹ ਘਟਾਉਣ ਲਈ ਸਹਿਮਤ ਹੋਣ ਲਈ ਕਿਹਾ ਗਿਆ ਹੈ। ਡੇਢ ਲੱਖ ਬੱਚਿਆਂ ਦੇ ਬਾਹਰ ਪੜ੍ਹਨ ਜਾਣ ਦਾ ਮਤਲਬ ਇਹ ਹੈ ਕਿ ਪੰਜਾਬ ਦੇ ਡੇਢ ਲੱਖ ਪਰਿਵਾਰ ਉਨ੍ਹਾਂ ਦੀ ਪੜ੍ਹਾਈ ਲਈ ਅਗਲੇ ਤਿੰਨ ਸਾਲਾਂ ਲਈ ਪੈਸੇ ਦਾ ਪ੍ਰਬੰਧ ਕਰਨਗੇ ਜੋ ਫੀਸਾਂ ਅਤੇ ਰਹਿਣ-ਸਹਿਣ ਲਈ ਹੋਣ ਵਾਲੇ ਖਰਚਿਆਂ ਵਜੋਂ ਵਿਦੇਸ਼ਾਂ ਵਿਚ ਜਾਏਗਾ। ਅਗਲੇ ਸਾਲ ਇਹ ਗਿਣਤੀ ਹੋਰ ਵਧੇਗੀ ਤੇ ਇਸ ਤਰ੍ਹਾਂ ਲੱਖਾਂ ਪੰਜਾਬੀ ਪਰਿਵਾਰ ਆਪਣੇ ਪੇਟ ਕੱਟ ਕੇ ਵਿਕਸਿਤ ਦੇਸ਼ਾਂ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਦੀ ਮਜਬੂਰੀ ਵਿਚ ਪਿਸਣਗੇ। ਪਰ ਪੰਜਾਬ ਸਰਕਾਰ ਤੇ ਸਿਆਸਤਦਾਨਾਂ ਦਾ ਇਸ ਵਲ ਕੋਈ ਧਿਆਨ ਨਹੀਂ ਕਿ ਪੰਜਾਬ ਕਿੱਧਰ ਜਾ ਰਿਹਾ ਹੈ।

**-ਪਰਮਿੰਦਰਪਾਲ ਸਿੰਘ ਖਾਲਸਾ**
**ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ**

ਯੂਐੱਨ ਦੀ ਤਾਜ਼ਾ ਰਿਪੋਰਟ ਮੁਤਾਬਕ ਤਕਰੀਬਨ 25 ਕਰੋੜ ਲੋਕ ਆਪਣੀ ਜਨਮ ਭੂਮੀ ਛੱਡ ਕੇ ਹੋਰ ਦੇਸ਼ਾਂ ਵਿੱਚ ਰਹਿੰਦੇ ਹਨ। ਇਨ੍ਹਾਂ ਪਰਵਾਸੀਆਂ ਵਿੱਚ ਸਭ ਤੋਂ ਵੱਧ ਗਿਣਤੀ ਭਾਰਤੀ ਲੋਕਾਂ ਦੀ ਹੈ। ਇਹ 17.7 ਕਰੋੜ ਲੋਕ ਦੇਸ਼ ਤੋਂ ਬਾਹਰ ਵੱਸੇ ਹਨ। ਉਸ ਤੋਂ ਬਾਅਦ ਮੈਕਸਿਕੋ, ਰੂਸ, ਚੀਨ, ਬੰਗਲਾ ਦੇਸ਼ ਤੇ ਪਾਕਿਸਤਾਨ ਆਉਂਦੇ ਹਨ। ਭਾਰਤ ਵਿੱਚੋਂ ਕੇਰਲਾ ਅਤੇ ਪੰਜਾਬ ਇਸ ਪੱਖੋਂ ਮੋਹਰੀ ਹਨ। ਪੰਜਾਬ ਦੇ ਲੋਕ, ਪੱਕੇ ਤੌਰ 'ਤੇ ਵੱਸਣ ਨੂੰ ਤਰਜੀਹ ਦਿੰਦੇ ਹਨ। ਕਈ ਨੌਜਵਾਨ ਡਾਲਰਾਂ ਅਤੇ ਪੌਂਡਾਂ ਦੇ ਸੁਪਨਿਆਂ ਵਿੱਚ ਲੋਟੂ ਏਜੰਟਾਂ ਦੇ ਚੁੰਗਲ ਵਿੱਚ ਫਸ ਕੇ ਆਪਣੇ ਘਰਾਂ ਤੇ ਜ਼ਮੀਨਾਂ ਤੋਂ ਵੀ ਹੱਥ ਧੋ ਬੈਠਦੇ ਹਨ। ਇਸ ਤਰ੍ਹਾਂ ਦੀਆਂ ਲੁੱਟਾਂ ਦਾ ਸ਼ਿਕਾਰ ਹੋਏ ਨੌਜਵਾਨ ਮਾੜੀ ਸੰਗਤ ਵਿੱਚ ਪੈ ਜਾਂਦੇ ਹਨ। ਸਰਕਾਰਾਂ ਇਸ ਮਸਲੇ 'ਤੇ ਸੋਚਣ ਦੀ ਜ਼ਰੂਰਤ ਨਹੀਂ ਸਮਝ ਰਹੀਆਂ। ਹਾਕਮਾਂ ਦੀ ਜ਼ਿੰਮੇਵਾਰ ਬਣਦੀ ਹੈ ਕਿ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾ ਕੇ ਉਨ੍ਹਾਂ ਦੀ ਸਿੱਖਿਆ ਦਾ ਮੁੱਲ ਪਾਇਆ ਜਾਵੇ।

**-ਸੁਰਿੰਦਰਪਾਲ ਸਿੰਘ ਗੋਲਡੀ, ਜਲੰਧਰ**

ਵਿਦੇਸ਼ੀਂ ਜਾਣ ਦਾ ਸਭ ਤੋਂ ਵੱਡਾ ਕਾਰਨ ਦੇਸ਼ ਵਿੱਚ ਬੇਰੁਜ਼ਗਾਰੀ ਹੈ। ਉਂਜ ਨੌਜਵਾਨਾਂ ਨੂੰ ਦੇਸ਼ ਵਿੱਚ ਹੀ ਰੁਜ਼ਗਾਰ ਦੇ ਮੌਕੇ ਤਲਾਸ਼ ਕੇ ਮਿਹਨਤ ਕਰਨੀ ਚਾਹੀਦੀ ਹੈ ਤੇ ਜੇ ਵਿਦੇਸ਼ ਜਾਣਾ ਮਜਬੂਰੀ ਹੋਵੇ ਤਾਂ ਉਥੇ ਆਪਣੇ ਆਪ ਨੂੰ ਪੈਰਾਂ ਸਿਰ ਕਰਨ ਲਈ ਪੂਰੀ ਵਾਹ ਲਾ ਦੇਣੀ ਚਾਹੀਦੀ ਹੈ। ਸਰਕਾਰ ਦਾ ਵੀ ਮੁਢਲਾ ਫ਼ਰਜ਼ ਬਣਦਾ ਹੈ ਕਿ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਾਏ ਜਾਣ ਤਾਂ ਜੋ ਉਨ੍ਹਾਂ ਨੂੰ ਬਾਹਰ ਜਾਣ ਦੀ ਲੋੜ ਹੀ ਨਾ ਪਵੇ।

**-ਜਸਵਿੰਦਰ ਸਿੰਘ ਐਡਵੋਕੇਟ**

Star Alliance BROKERAGE

Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...


Manjit Singh Nagra

Manjit Singh Nagra
Realtor/Broker
Cell 317-750-1900

Gurdeep (Garry) Chhokar
Realtor/Broker
Cell 317-500-1247


Gurdeep (Garry) Chhokar

We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ

## Remembrance March & Freedom Rally





## ਐਤਵਾਰ 09 ਜੂਨ, 2019 ਨੂੰ ਸੈਨ ਫਰਾਂਸਿਸਕੋ ਵਿਖੇ

**Sunday June 9th, 2019 San Francisco**

**11:00 am at 36 2nd Street, San Francisco**
**Followed by Rally At Civic Center Plaza**

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ ਦੀ ਯਾਦ ਵਿਚ 09 ਜੂਨ 2019 ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ।



ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਖ਼ਾਲਸਾ ਰਾਜ ਦੀ ਮੁਕੰਮਲ ਪ੍ਰਾਪਤੀ ਲਈ ਇਸ ਮਾਰਚ 'ਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਨਵੀਂ ਪੀੜ੍ਹੀ ਨੂੰ ਖ਼ਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਈਏ।

### ਬੇਨਤੀ ਕਰਤਾ:

ਗੁਰਦੁਆਰਾ ਸਾਹਿਬ ਫਰੀਮਾਂਟ
ਗੁਰਦੁਆਰਾ ਸਾਹਿਬ ਸਟਾਕਟਨ
ਗੁਰਦੁਆਰਾ ਸਾਹਿਬ ਐਲ ਸਬਰਾਂਟੇ
ਗੁਰਦੁਆਰਾ ਸੈਕਰਾਮੈਂਟੋ ਸਿੱਖ ਸੁਸਾਇਟੀ ਬਰੈਡਸ਼ਾਹ
ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ
ਸਿੱਖ ਟੈਂਪਲ ਮੋਡੇਸਟੋ
ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ
ਗੁਰਦੁਆਰਾ ਸਾਹਿਬ ਸੈਲਮਾ
ਗੁਰਦੁਆਰਾ ਸਿਲੀਕਨ ਵੈਲੀ ਸੈਂਟਾ ਕਲਾਰਾ
ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਟਰੇਸੀ
ਸਿੱਖ ਟੈਂਪਲ ਲੋਡਾਈ
ਗੁਰਦੁਆਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ
ਗੁਰਦੁਆਰਾ ਟਾਇਰਾ ਬਿਊਨਾ ਯੂਬਾ ਸਿਟੀ
ਗੁਰਦੁਆਰਾ ਸਾਹਿਬ ਟਰਲਕ
ਗੁਰਦੁਆਰਾ ਸਾਹਿਬ ਮਡੇਰਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ : 1844 REM 1984**

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**Home for Sale:**
163 Tannehill Drive, Manteca, CA 95337
4 Bedroom 3 Bath
3236 sqft home 7792 sqft lot, Built in 2003
**$475,000**



**Home for Sale:**
2165 Capistrano Street, Manteca, CA 95337
5 Bedroom 3 Bath
2939 sqft home 8084 sqft lot, Built in 2009
**$545,000**

**Home for Sale:** 1643 Langum Way, Manteca, CA 95337, 4 Bedroom 3 Bath, 2045 sqft home 7910 sqft lot Built in 2005, Pool in backyard, Open house 03/10 11:30 AM- 3:00 PM **$432,900**

- **10 Acres commercial and Industrial lot available on West Yosemite ave Manteca listed at 3.8 Million. Permitted for truck yard, storage and repair.**
- **15 Acres industrial land available in French Camp listed at 5.1 million, prime corner lot, permitted for truck parking, truck wash, truck repair and warehousing.**
- **5 duplex under construction will be ready in September, 2019. listed at $599,000 each duplex.**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**




22




GET FLAT 22 CENTS

DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


Sandhu Herbals™
ਸੰਧੂ ਹਰਬਲਜ਼
ਤੰਦਰੁਸਤ ਸਿਹਤ
VEGETARIAN
SanGluco®
Buy Sugar Destroyer Tea
Get Karela Capsules Free
ਸ਼ੂਗਰ ਲਈ
• ਅਮਰੀਕਾ ਵਿਚ ਵਿਗਿਆਨਕ ਤਰੀਕੇ ਨਾਲ ਪਰਖ ਕੇ ਕੁਦਰਤੀ ਆਯੁਰਵੈਦਿਕ ਜੜ੍ਹੀਆਂ ਬੂਟੀਆਂ ਨਾਲ ਤਿਆਰ ਕੀਤੀ ਗਈ ਹਰਬਲ ਚਾਹ
• 1 ਮਹੀਨੇ ਦੀ ਖੁਰਾਕ ਨਾਲ ਕਰੇਲੇ ਦੇ ਕੈਂਪਸੂਲ ਫਰੀ
• Supports blood sugar levels already within optimal range*
• Promotes healthy weight management*
• Bitter Melon also known as karela, it helps regulate normal glucose tolerance*
Bitter Melon (Karela)
Price : $ 30
SanPhala®
ਕਬਜ਼ ਅਤੇ ਪੇਟ ਸਾਫ਼ ਲਈ
• ਸਾਫ਼ ਪੇਟ ਵਧੀਆ ਸਿਹਤ, ਤਰਿਫਲਾ, ਇਸਬਗੋਲ ਅਤੇ ਹੋਰ ਕੁਦਰਤੀ ਹਰਬਲ ਦੇ ਨਾਲ ਨੁਕਸਾਨ ਰਹਿਤ ਅਮਰੀਕਾ ਵਿਚ ਤਿਆਰ ਕੀਤਾ ਗਿਆ ਨੁਸਖਾ
• Helps relieve occasional constipation*
• Provides a gentle colon cleanse and detox action. *
• Supports colon health, regulates intestines to remove stagnant waste.
Buy now : $ 14.99
FREE SHIPPING
SanLipid®
ਕਲੈਸਟਰੋਲ ਲਈ
• ਨੁਕਸਾਨ ਰਹਿਤ ਵਧੀਆ ਕਲੈਸਟਰੋਲ ਅਤੇ ਤਾਕਤਵਰ ਦਿਲ ਲਈ ਕੁਦਰਤੀ ਫਾਰਮੂਲਾ
• Helps maintain cholesterol levels already within normal range*
• Supports heart health.*
Buy now : $ 19.99
SanAshwa®
MINDFUL LIFE SCIENCE
ਤਣਾਅ, ਚਿੰਤਾ ਅਤੇ ਤਾਕਤ ਲਈ
• ਅਰੋਗ ਤਨ ਤੇ ਸ਼ਾਂਤ ਮਨ ਤੁਹਾਡੀ ਚੰਗੀ ਸਿਹਤ ਅਤੇ ਖੁਸ਼ੀ ਲਈ ਸੁਰੱਖਿਅਤ ਅਤੇ ਪ੍ਰਭਾਵੀ ਰੋਜ਼ਾਨਾ ਖੁਰਾਕ ਪੂਰਕ ਵਿਗਿਆਨਕ ਤਰੀਕੇ ਨਾਲ ਪਰਖਿਆ ਫਾਰਮੂਲਾ
• SanAshwa® is a cutting-edge scientific formula rooted in the ancient wisdom of herbs to help you live a happier, healthier life*.
• Designed by pharmacists and herbal experts, SanAshwa® has undergone rigorous scientific testing to ensure it is safe and effective.*
Price : $ 49.99
SANDHU HERBALS
Livermore, CA 94551 U.S.A.
ਵਧੇਰੇ ਜਾਣਕਾਰੀ ਲਈ ਕਾਲ ਕਰੋ : 1-800-570-8849
www.sandhuherbals.com | Toll Free : 1 800 570 8849 | MON-SAT 9 AM TO 6 PM

# ਨਵੀਂ ਕਿਤਾਬ




ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਤ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਗ੍ਰੰਥ ਉੱਤੇ ਕਿਸੇ ਇਕ ਫ਼ਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿਚ ਜੋ ਮੁੱਲ ਦਿੱਤੇ ਗਏ ਹਨ, ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿਚ ਜੋ ਵਿਰੋਧ ਹਨ, ਉਨ੍ਹਾਂ ਨੂੰ ਸ਼ਕਤੀ ਨਾਲ ਤੋੜ-ਭੰਨ ਕੇ ਬ੍ਰਹਿਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਲੋੜ ਹੈ। ਕਿਸੇ ਵਿਤਕਰੇ ਦੀ ਇਸ ਵਿਚ ਕੋਈ ਥਾਂ ਨਹੀਂ।

*ਮੌਲਿਕ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਵਲੋਂ ਤਿੰਨ ਦਹਾਕਿਆਂ ਦੌਰਾਨ ਲਿਖੇ 30 ਲੇਖਾਂ ਦੀ ਸਿੱਖ ਰਾਜਨੀਤਿਕ ਵਿਸ਼ਲੇਸ਼ਕ ਸ. ਅਜਮੇਰ ਸਿੰਘ ਵਲੋਂ ਸੰਪਾਦਤ ਕੀਤੀ ਇਹ ਕਿਤਾਬ ਪਾਠਕ 'ਸਿੱਖ ਸਿਆਸਤ' ਰਾਹੀਂ ਦੁਨੀਆਂ ਭਰ ਵਿਚ ਕਿਤੇ ਵੀ ਮੰਗਵਾ ਸਕਦੇ ਹਨ।*

ਇਹ ਕਿਤਾਬ ਵਟਸਐਪ ਨੰਬਰ +91-89682-25990 'ਤੇ ਸੁਨੇਹਾ ਭੇਜ ਕੇ ਮੰਗਵਾਈ ਜਾ ਸਕਦੀ ਹੈ।

## ਕਿਤਾਬ ਪ੍ਰਾਪਤ ਕਰਨ ਲਈ ਸੰਪਰਕ ਕਰੋ:

ਡਾ. ਗੁਰਭਗਤ ਸਿੰਘ ਦੀਆਂ ਹੋਰ ਕਿਤਾਬਾਂ ਵੀ ਸਾਡੇ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ।

FB Message | WhatsApp Message | SSN Android App

+91-8968225990 /sikhsiyasat Web: sikhsiyasat.net | sikhsiyasat.com | sikhsiyasat.info



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

## Now Open

1480 N State Road 1, Cambridge City, IN 47327. Indiana 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

**Free Buffet over 100 gallons**

open 6am to midnight

Phone: 765-478-6300

# ਮਾਲੇਗਾਓਂ ਕੇਸ ਅਤੇ ਭਗਵਾਂ ਆਤੰਕਵਾਦ





**ਅਮਨਦੀਪ ਸਿੰਘ ਸੇਖੋਂ**

ਜੇ ਤੁਸੀਂ ਭਾਜਪਾ-ਆਰ.ਐੱਸ.ਐੱਸ. ਦੀ ਭਾਸ਼ਾ ਨਹੀਂ ਬੋਲਦੇ ਤਾਂ ਤੁਹਾਨੂੰ ਆਪਣੀ ਦੇਸ਼-ਭਗਤੀ ਸਾਬਿਤ ਕਰਨੀ ਪਵੇਗੀ। ਜੇ ਇਸ ਵਿਚਾਰਧਾਰਾ ਦੇ ਵਿਰੁੱਧ ਜਾਂਦੇ ਹੋਏ ਵੀ ਤੁਸੀਂ ਦੇਸ਼ ਭਗਤ ਬਣੇ ਰਹਿਣਾ ਹੈ ਤਾਂ ਤੁਹਾਨੂੰ ਗੁਰਮਿਹਰ ਕੌਰ ਹੋਣਾ ਪਵੇਗਾ, ਜਿਸ ਦੇ ਪਿਤਾ ਪਾਕਿਸਤਾਨ ਨਾਲ ਲੜਦੇ ਸ਼ਹੀਦ ਹੋਏ, ਜਾਂ ਫਿਰ ਹੇਮੰਤ ਕਰਕਰੇ, ਜੋ ਆਪ 26 ਨਵੰਬਰ 2008 ਨੂੰ ਆਤੰਕਵਾਦੀਆਂ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋਇਆ। 26 ਨਵੰਬਰ ਦੀ ਰਾਤ ਨੂੰ ਹੇਮੰਤ ਕਰਕਰੇ ਇੱਕ ਸ਼ਹੀਦ ਬਣ ਗਿਆ ਸੀ ਅਤੇ ਅਗਲੀ ਸਵੇਰ, ਜਿਸ ਤਰ੍ਹਾਂ ਕਿ ਰਿਵਾਜ਼ ਚੱਲ ਪਿਆ ਹੈ, ਉਸ ਦੇ ਘਰ ਅੱਗੇ ਸ਼ਿਵ ਸੈਨਾ ਨੇ ਉਸ ਦੀ ਤਸਵੀਰ ਨਾਲ ਆਪਣੇ ਨੇਤਾਵਾਂ ਦੀ ਤਸਵੀਰ ਵਾਲਾ ਬੈਨਰ ਲੱਗਾ ਦਿੱਤਾ। ਪਰ 26 ਨਵੰਬਰ ਦੀ ਸਵੇਰ ਵੇਲੇ ਸ਼ਿਵ ਸੈਨਾ ਦੇ ਅਖਬਾਰ 'ਸਾਮਨਾ' ਵਿਚ ਕਰਕਰੇ ਅਤੇ ਉਸ ਦੇ ਪਰਿਵਾਰ ਨੂੰ ਛਿੱਤਰ ਮਾਰ ਕੇ ਸਹੀ ਰਾਹ ਉੱਤੇ ਲਿਆਉਣ ਦੀ ਧਮਕੀ ਦਿੱਤੀ ਗਈ ਸੀ। ਉਸ ਵੇਲੇ ਦੇ ਭਾਜਪਾ ਦੇ ਮੁਖੀ ਲਾਲ ਕ੍ਰਿਸ਼ਨ ਅਡਵਾਨੀ ਨੂੰ ਕਰਕਰੇ ਦੀ ਪਤਨੀ ਨੇ ਅਫਸੋਸ ਕਰਨ ਲਈ ਆਉਣ ਤੋਂ ਮਨ੍ਹਾਂ ਕਰ ਦਿੱਤਾ। ਗੁਜਰਾਤ ਦੇ ਮੁੱਖ ਮੰਤਰੀ, ਨਰਿੰਦਰ ਮੋਦੀ ਦੀ ਦੋ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਵੀ ਉਸ ਬਹਾਦਰ ਔਰਤ ਨੇ ਠੁਕਰਾ ਦਿੱਤੀ, ਕਿਉਂਕਿ ਜਿਹੋ ਜਿਹੀ ਭਾਸ਼ਾ ਪ੍ਰੱਗਿਆ ਸਿੰਘ ਠਾਕੁਰ ਨੇ ਕਰਕਰੇ ਲਈ ਵਰਤੀ ਹੈ, ਉਹੋ ਜਿਹੀ ਹੀ ਭਾਸ਼ਾ ਦੀ ਵਰਤੋਂ ਭਾਜਪਾ ਦੇ ਇਹ ਨੇਤਾ ਕਰਕਰੇ ਲਈ ਵਰਤਦੇ ਰਹੇ ਸਨ।

26 ਨਵੰਬਰ 2008 ਦੀ ਘਟਨਾ ਵਿਚ ਸ਼ਹੀਦ ਹੋਣ ਤੋਂ ਪਹਿਲਾਂ ਕਰਕਰੇ ਸੰਘਵਾਦੀ ਤਾਕਤਾਂ ਦੀ ਗਲੇ ਦੀ ਹੱਡੀ ਬਣਿਆ ਹੋਇਆ ਸੀ। 29 ਸਤੰਬਰ 2008 ਨੂੰ ਮਹਾਰਾਸ਼ਟਰ ਦੇ ਇਕ ਮੁਸਲਿਮ ਬਹੁਗਿਣਤੀ ਵਾਲੇ ਕਸਬੇ ਮਾਲੇਗਾਓਂ ਵਿਚ ਦੋ ਬੰਬ ਧਮਾਕੇ ਹੋਏ ਜਿਨ੍ਹਾਂ ਵਿਚ 9 ਵਿਅਕਤੀ ਮਾਰੇ ਗਏ ਅਤੇ 80 ਜ਼ਖਮੀ ਹੋਏ। ਇਨ੍ਹਾਂ ਵਿੱਚੋਂ ਇੱਕ ਧਮਾਕੇ ਵਿਚ ਜੋ ਮੋਟਰ-ਸਾਈਕਲ ਵਰਤੀ ਗਈ ਉਹ ਪ੍ਰੱਗਿਆ ਠਾਕੁਰ ਦੀ ਸੀ। ਮਹਾਂਰਾਸ਼ਟਰ ਪੁਲਿਸ ਦੇ ਐਂਟੀ-ਟੈਰੋਰਿਸਟ ਸਕਵੈਡ ਦੇ ਮੁਖੀ ਹੇਮੰਤ ਕਰਕਰੇ ਸਨ। ਉਸ ਦਿਨ ਕੀਤੀਆਂ ਗਈਆਂ ਹਜ਼ਾਰਾਂ ਹੀ ਟੈਲੀਫੋਨ ਕਾਲਾਂ ਵਿੱਚੋਂ ਇੱਕ ਕਾਲ ਪ੍ਰੱਗਿਆ ਠਾਕੁਰ ਦੀ ਵੀ ਸੀ, ਜਿਸ ਵਿੱਚ ਉਹ ਦੂਸਰੇ ਵਿਅਕਤੀ ਨੂੰ ਡਾਂਟਦੀ ਹੈ ਕਿ ਉਸ ਦੀ ਮੋਟਰ-ਸਾਈਕਲ ਕਿਉਂ ਵਰਤੀ ਗਈ ਅਤੇ ਜੇ ਵਰਤੀ ਹੀ ਗਈ ਸੀ ਤਾਂ ਸਿਰਫ ਛੇ ਹੀ ਕਿਉਂ ਮਰੇ ? ਇਸ ਤੋਂ ਪਿੱਛੋਂ ਪ੍ਰੱਗਿਆ ਠਾਕੁਰ ਦੇ ਅਤੇ ਉਸ ਨਾਲ ਗੱਲ ਕਰਨ ਵਾਲੇ ਹੋਰ ਫੋਨਾਂ ਦੀ ਟੈਪਿੰਗ ਸ਼ੁਰੂ ਹੋਈ ਅਤੇ ਕੁੱਲ 440 ਮਿੰਟ ਦੀਆਂ ਫੋਨ ਰਿਕਾਰਡਾਂ ਨੂੰ ਸਬੂਤ ਦੇ ਤੌਰ ਉੱਤੇ ਵਰਤਿਆ ਗਿਆ। 30 ਅਕਤੂਬਰ 2008 ਨੂੰ ਪ੍ਰੱਗਿਆ ਠਾਕੁਰ ਅਤੇ ਛੇ ਹੋਰ ਅਰੋਪੀਆਂ ਵਿਰੁੱਧ ਕੇਸ ਫਰੇਮ ਕੀਤੇ ਗਏ। ਇਨ੍ਹਾਂ ਦੇ ਗੁਰੱਪ ਵਿੱਚ ਇੱਕ ਦਇਆਨੰਦ ਪਾਂਡੇ ਵੀ ਸੀ ਜਿਸ ਨੂੰ ਗੁਪਤ ਰੂਪ ਵਿੱਚ ਵੀਡੀਓ ਰਿਕਾਰਡਿੰਗ ਕਰਨ ਦੀ ਆਦਤ ਸੀ। ਉਸਦੇ ਲੈਪਟੌਪ ਵਿੱਚੋਂ ਇਸ ਕੇਸ ਨਾਲ ਸਬੰਧਿਤ 34 ਰਿਕਾਰਡਿੰਗਜ਼ ਮਿਲੀਆਂ। ਇਨ੍ਹਾਂ ਰਿਕਾਰਡਿੰਗਜ਼ ਅਤੇ ਪੁਲਿਸ ਨੂੰ ਦਿੱਤੇ ਅਰੋਪੀਆਂ ਦੇ ਬਿਆਨਾਂ ਨੇ ਇੱਕ ਵੱਡੇ ਆਤੰਕਵਾਦੀ ਸੰਗਠਨ ਦੀਆਂ ਪਰਤਾਂ ਖੋਲ੍ਹ ਦਿੱਤੀਆਂ। ਇਹ ਸਪਸ਼ਟ ਹੋ ਗਿਆ ਕਿ ਇਸ ਸਾਜ਼ਿਸ਼ ਦੇ ਆਰੋਪੀਆਂ ਦਾ ਸਬੰਧ ਮਾਲੇਗਾਓਂ ਵਿੱਚ ਹੀ ਹੋਏ 2006 ਦੇ ਅਤੇ 2007 ਵਿੱਚ ਹੋਏ ਸਮਝੌਤਾ ਐਕਸਪ੍ਰੈੱਸ ਦੇ ਬੰਬ ਧਮਾਕਿਆਂ ਨਾਲ ਵੀ ਸੀ। ਇਹ ਕੇਸ ਨੰਗੀਆਂ ਤਾਰਾਂ ਦਾ ਇੱਕ ਅਜਿਹਾ ਗੁੱਛਾ ਸੀ ਜਿਸ ਨੂੰ ਹੱਥ ਲਾਉਣ ਤੋਂ ਮੌਕੇ ਦੀ ਕਾਂਗਰਸ ਸਰਕਾਰ ਡਰਦੀ ਸੀ। ਕਿਉਂਕਿ ਉਸ ਨੂੰ ਪਤਾ ਸੀ ਕਿ ਭਾਜਪਾ ਦੇ ਮੂੰਹ-ਫੱਟ ਨੇਤਾ ਇਸ ਕੇਸ ਦੇ ਅਧਾਰ ਉੱਤੇ ਕਾਂਗਰਸ ਨੂੰ ਹਿੰਦੂ ਵਿਰੋਧੀ ਗਰਦਾਨ ਦੇਣਗੇ ਜੋ ਕਿ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਾਂਗਰਸ ਉੱਤੇ ਹਮਲੇ ਕਰਦੇ ਹੋਏ ਆਖ ਵੀ ਰਹੇ ਹਨ। ਉਹ ਹਰ ਥਾਂ ਭੀੜਾਂ ਨੂੰ ਪੁੱਛਦੇ ਹਨ, "ਭਾਈਓ, ਬਹਿਨੋਂ, ਕਿਆ ਕੋਈ ਹਿੰਦੂ ਕਭੀ ਆਤੰਕਵਾਦੀ ਹੋ ਸਕਤਾ ਹੈ ਕਿਆ ?"

ਕੁਦਰਤੀ ਹੈ ਕਿ ਕਿਸੇ ਵੀ ਧਰਮ ਦੇ ਲੋਕਾਂ ਨੂੰ ਆਤੰਕਵਾਦ ਨੂੰ ਆਪਣੇ ਧਰਮ ਨਾਲ ਜੋੜਿਆ ਜਾਣਾ ਪਸੰਦ ਨਹੀਂ। ਸਿੱਖ ਵੀ ਇਸੇ ਤਰ੍ਹਾਂ ਮਹਿਸੂਸ ਕਰਦੇ ਸਨ ਜਦੋਂ 'ਸਿੱਖ ਆਤੰਕਵਾਦ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ, ਜਾਂ 'ਮੁਸਲਿਮ ਆਤੰਕਵਾਦ' ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਾਇਦ ਖਾਲਿਸਤਾਨੀ ਆਤੰਕਵਾਦੀ ਜਾਂ ਜਿਹਾਦੀ ਆਤੰਕਵਾਦੀ ਆਖਣਾ ਜ਼ਿਆਦਾ ਸਹੀ ਰਹਿੰਦਾ। ਭਾਜਪਾ ਦੇ ਮੂੰਹ ਉੱਤੇ ਉਨ੍ਹਾਂ ਦਾ ਹੀ ਛਿੱਤਰ ਮਾਰਨ ਲਈ ਕੁਝ ਲੋਕਾਂ ਨੇ ਹਿੰਦੂ ਆਤੰਕਵਾਦੀ ਸ਼ਬਦ ਦੀ ਵਰਤੋਂ ਕੀਤੀ। ਕਿਉਂਕਿ ਭਾਜਪਾ ਲੀਡਰ ਇਹ ਵਾਰ-ਵਾਰ ਆਖਦੇ ਸਨ ਕਿ ਮੰਨਿਆ ਹਰ ਮੁਸਲਮਾਨ ਆਤੰਕਵਾਦੀ ਨਹੀਂ ਪਰ ਹਰ ਆਤੰਕਵਾਦੀ ਮੁਸਲਮਾਨ ਹੈ। ਪਰ ਪ੍ਰੱਗਿਆ ਠਾਕੁਰ ਅਤੇ ਉਸਦੇ ਸਾਥੀ ਅਤੇ ਉਨ੍ਹਾਂ ਦੀਆਂ ਸਰਪਰਸਤ ਸਨਾਤਨ ਸੰਸਥਾ ਅਤੇ ਅਭਿਨਵ ਭਾਰਤ ਵਰਗੀਆਂ ਸੰਸਥਾਵਾਂ ਹਿੰਦੂਤਵ ਦੀ ਵਿਚਾਰਧਾਰਾ ਦੀਆਂ ਧਾਰਣੀ ਸਨ ਅਤੇ ਕਿਸੇ ਵੀ ਤਰ੍ਹਾਂ ਮੁਸਲਮਾਨ ਨਹੀਂ ਸਨ। ਇਸ ਨਾਲ ਇਹ ਸਾਬਿਤ ਹੁੰਦਾ ਸੀ ਕਿ ਸਾਰੇ ਆਤੰਕਵਾਦੀ ਮੁਸਲਮਾਨ ਨਹੀਂ ਹੁੰਦੇ, ਕਈ ਹਿੰਦੂ ਵੀ ਆਤੰਕਵਾਦੀ ਹੁੰਦੇ ਹਨ। ਇਸ ਸੱਚਾਈ ਤੋਂ ਭਾਜਪਾ, ਆਰ.ਐੱਸ.ਐੱਸ. ਅਤੇ ਸ਼ਿਵ ਸੈਨਾ ਭੱਜਣਾ ਚਾਹੁੰਦੇ ਸਨ ਅਤੇ ਇਸ ਕੇਸ ਨੂੰ ਕਮਜ਼ੋਰ ਕਰਨਾ ਚਾਹੁੰਦੇ ਸਨ। ਦੂਜੇ ਪਾਸੇ ਹੇਮੰਤ ਕਰਕਰੇ ਇੱਕ ਇਮਾਨਦਾਰ ਅਧਿਕਾਰੀ ਸੀ ਅਤੇ ਇਸ ਕੇਸ ਦੀ ਪੜਤਾਲ ਤੱਥਾਂ ਦੇ ਅਧਾਰ ਉੱਤੇ ਕਰ ਰਿਹਾ ਸੀ ਨਾ ਕਿ ਦੋਸ਼ੀਆਂ ਦੇ ਧਰਮ ਦੇ ਅਧਾਰ ਉੱਤੇ। ਕਰਕਰੇ ਦੀ ਮੌਤ ਤੱਕ ਕੋਈ ਵੀ ਇਸ ਕੇਸ ਵਿੱਚ ਦਖਲ ਨਾ ਦੇ ਸਕਿਆ।

ਪਰ ਕਰਕਰੇ ਦੀ ਮੌਤ ਤੋਂ ਪਿੱਛੋਂ ਇਹ ਕੇਸ ਪਹਿਲਾਂ ਸੀ.ਬੀ. ਆਈ. ਨੂੰ ਦਿੱਤਾ ਗਿਆ ਅਤੇ ਫਿਰ ਐਨ.ਆਈ.ਏ. (ਨੈਸ਼ਨਲ ਇੰਨਵੈਸਟੀਗੇਟਿਵ ਏਜੰਸੀ) ਨੂੰ। ਸੰਨ 2014 ਵਿਚ ਭਾਜਪਾ ਦੀ ਸਰਕਾਰ ਬਣੀ ਤਾਂ ਇਸ ਕੜੀ ਦੇ ਸਾਰੇ ਕੇਸਾਂ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣ ਲੱਗੀਆਂ। ਸੰਨ 2016 ਵਿਚ ਇਹ ਸਾਫ ਹੋ ਗਿਆ ਸੀ ਕਿ ਸਰਕਾਰੀ ਪੱਖ ਇਨ੍ਹਾਂ ਕੇਸਾਂ ਨੂੰ ਹਾਰਨਾ ਚਾਹੁੰਦਾ ਹੈ। ਇਸ ਕੇਸ ਦੇ ਇੱਕ ਵਿਸ਼ਲੇਸ਼ਕ ਨਿਰੰਜਨ ਟਕਲੇ ਨੇ ਇਸਦੇ ਬਾਰੇ ਕਈ ਲੇਖ ਲਿਖੇ ਹਨ ਅਤੇ ਯੂ-ਟਿਊਬ ਉੱਤੇ ਉਸਦੇ ਲੈਕਚਰ ਵੀ ਪਏ ਹਨ। ਉਹ ਆਖਦਾ ਹੈ ਕਿ ਇਸ ਕੇਸ ਨਾਲ ਸਬੰਧਿਤ ਕਈ ਗਵਾਹ ਆਪਣੇ ਬਿਆਨਾਂ ਤੋਂ ਮੁੱਕਰ ਗਏ। 2016 ਵਿੱਚ ਆਰੋਪੀਆਂ ਦੇ ਇਕਬਾਲੀਆ ਬਿਆਨ ਮੁੰਬਈ ਦੀ ਸਪੈਸ਼ਲ ਕੋਰਟ ਵਿੱਚੋਂ ਚੋਰੀ ਹੋ ਗਏ। ਫੋਨ ਕਾਲਾਂ ਦੇ ਰਿਕਾਰਡ ਅਤੇ ਵੀਡੀਓ ਰਿਕਾਰਡਿੰਗਜ਼ ਨੂੰ ਅਦਾਲਤ ਵਿੱਚ ਸਬੂਤ ਦੇ ਤੌਰ ਉੱਤੇ ਪੇਸ਼ ਹੀ ਨਹੀਂ ਕੀਤਾ ਗਿਆ ਕਿਉਂਕਿ ਇਨ੍ਹਾਂ ਵਿੱਚ ਕੁਝ ਅਜਿਹੇ ਪ੍ਰਭਾਵਸ਼ਾਲੀ ਵਿਅਕਤੀਆਂ ਬਾਰੇ ਵੀ ਤੱਥ ਉਜਾਗਰ ਹੁੰਦੇ ਸਨ ਜਿਸ ਨਾਲ ਭਾਜਪਾ-ਆਰ.ਐੱਸ. ਐੱਸ. ਦੀ ਦੇਸ਼-ਭਗਤੀ ਦਾ ਮਖੌਟਾ ਤਾਰ-ਤਾਰ ਹੋ ਜਾਂਦਾ। ਸੰਘ ਦੇ ਇੱਕ ਉੱਘੇ ਲੀਡਰ ਸ਼ਾਮ ਆਪਟੇ ਅਤੇ ਦਇਆਨੰਦ ਪਾਂਡੇ ਦੀ ਇੱਕ ਆਪਸੀ ਗੱਲਬਾਤ ਦੀ ਵੀਡੀਓ ਰਿਕਾਰਡਿੰਗ ਵਿੱਚ ਪਾਂਡੇ ਦੱਸਦਾ ਹੈ ਕਿ ਮਾਲੇਗਾਂਵ ਧਮਾਕੇ ਦੇ ਇੱਕ ਆਰੋਪੀ ਪ੍ਰਸਾਦ ਪੁਰੋਹਿਤ ਨੇ ਉਸ ਨੂੰ ਦੱਸਿਆ ਹੈ ਕਿ ਇੰਦਰੇਸ਼ ਕੁਮਾਰ ਅਤੇ ਮੋਹਨ ਭਾਗਵਤ ਨੂੰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ. ਐੱਸ.ਆਈ ਤੋਂ 24 ਕਰੋੜ ਰੁਪਏ ਨੇਪਾਲ ਵਿੱਚ ਹਿੰਦੂਵਾਦੀ ਸੰਗਠਨ ਕਾਇਮ ਕਰਨ ਲਈ ਮਿਲੇ ਸਨ ਜੋ ਉਨ੍ਹਾਂ ਨੇ ਹੜੱਪ ਕਰ ਲਏ। ਨਿਰੰਜਨ ਟਕਲੇ ਆਖਦਾ ਹੈ ਕਿ ਇਸ ਗੱਲ ਨੂੰ ਇੱਕ ਤੱਥ ਨਾ ਵੀ ਮੰਨਿਆ ਜਾਵੇ ਪਰ ਇੱਕ ਲੀਡ ਤਾਂ ਹੈ ਹੀ ਜੋ ਹੋਰ ਪੜਤਾਲ ਦੀ ਮੰਗ ਕਰਦੀ ਹੈ ਅਤੇ ਸ਼ਾਇਦ ਅਜਿਹੇ ਸਵਾਲਾਂ ਦੇ ਉੱਠਣ ਤੋਂ ਬਚਦੇ ਹੋਏ ਹੀ ਐੱਨ.ਆਈ.ਏ. ਨੇ ਇਨ੍ਹਾਂ ਸਬੂਤਾਂ ਨੂੰ ਅਦਾਲਤ ਵਿੱਚ ਪੇਸ਼ ਨਹੀਂ ਕੀਤਾ। ਜੇ ਅਜਿਹੀ ਕੋਈ ਗੱਲ ਸਾਬਿਤ ਹੁੰਦੀ ਹੈ ਕਿ ਸੰਘ ਪਾਕਿਸਤਾਨ ਦੀ ਖੁਫੀਆ ਏਜੰਸੀ ਦੀ ਸਹਾਇਤਾ ਨਾਲ ਨੇਪਾਲ ਵਿੱਚ ਹਿੰਦੂ ਸੰਗਠਨ ਸਥਾਪਿਤ ਕਰਨਾ ਚਾਹੁੰਦਾ ਸੀ ਕਿਉਂਕਿ ਮਾਓਵਾਦ ਨੂੰ ਦੋਵੇਂ ਧਿਰਾਂ ਸਾਂਝਾ ਦੁਸ਼ਮਣ ਮੰਨਦੀਆਂ ਸਨ ਤਾਂ ਇਹ ਗੱਲ ਸਪਸ਼ਟ ਹੋ ਜਾਵੇਗੀ ਕਿ ਦੋਵੇਂ ਕਿਸਮ ਦਾ ਕੱਟੜਪੰਥ ਨਾ ਸਿਰਫ ਇੱਕ-ਦੂਜੇ ਦੇ ਸਿਰ ਉੱਤੇ ਹੀ ਜਿਉਂਦਾ ਹੈ ਬਲਕਿ ਇੱਕ ਦੂਜੇ ਦੀ ਲੁਕਵੀਂ ਸਹਾਇਤਾ ਵੀ ਕਰਦਾ ਹੈ।

ਅੱਜ ਪ੍ਰੱਗਿਆ ਠਾਕੁਰ ਬੜੀ ਵੱਡੀ ਦੇਸ਼-ਭਗਤ ਬਣ ਰਹੀ ਹੈ ਪਰ ਨਿਰੰਜਨ ਟਕਲੇ ਦਾ ਕਹਿਣਾ ਹੈ ਕਿ ਉਨ੍ਹਾਂ ਵੀਡੀਓ ਰਿਕਾਰਡਿੰਗਾਂ ਵਿੱਚ ਇਨ੍ਹਾਂ ਦੀ ਸੰਸਥਾ ਭਾਰਤ ਦੇ ਸੰਵਿਧਾਨ ਨੂੰ ਉਲਟ ਕੇ ਹਿੰਦੂ ਰਾਸ਼ਟਰ ਦੀ ਸਥਾਪਨਾ ਦੀ ਗੱਲ ਕਰਦੀ ਹੈ ਅਤੇ ਇਜ਼ਰਾਈਲ ਜਾਂ ਥਾਈਲੈਂਡ ਵਿੱਚ ਇੱਕ ਸਮਾਨਾਂਤਰ ਸਰਕਾਰ ਦੀ ਕਾਇਮੀ ਦੀ ਵੀ ਗੱਲ ਕਰਦੀ ਹੈ। ਤਾਂ ਫਿਰ ਦੇਸ਼ਧ੍ਰੋਹੀ ਕੌਣ ਹੈ, ਹੇਮੰਤ ਕਰਕਰੇ ਜੋ ਇਸ ਸਾਜ਼ਿਸ਼ ਨੂੰ ਨੰਗਾ ਕਰਦਾ ਹੈ ਜਾਂ ਪ੍ਰੱਗਿਆ ਠਾਕੁਰ ਅਤੇ ਇਸਦੇ ਸਾਥੀ ਜੋ ਦੇਸ਼ ਦਾ ਸੰਵਿਧਾਨਕ ਢਾਂਚਾ ਖਤਮ ਕਰ ਦੇਣਾ ਲੋਚਦੇ ਹਨ ? ਅੱਜ ਪ੍ਰੱਗਿਆ ਠਾਕੁਰ ਨੂੰ ਭਾਜਪਾ ਨੇ ਆਪਣੇ ਇੱਕ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਲਿਆਂਦਾ ਹੈ, ਜਦਕਿ ਕੋਰਟ ਨੇ ਪ੍ਰੱਗਿਆ ਨੂੰ ਕੇਸ ਵਿੱਚੋਂ ਬਰੀ ਨਹੀਂ ਕੀਤਾ ਕਿਉਂਕਿ ਇਸ ਧਮਾਕੇ ਵਿੱਚ ਉਸਦੇ ਮੋਟਰ-ਸਾਈਕਲ ਦੀ ਵਰਤੋਂ ਬਾਰੇ ਕੋਈ ਪੁਖ਼ਤਾ ਜਵਾਬ ਪੇਸ਼ ਨਹੀਂ ਸੀ ਕੀਤਾ ਜਾ ਸਕਿਆ। ਹੁਣ ਪ੍ਰੱਗਿਆ ਨੇ ਆਪਣੀਆਂ ਦੈਵੀ ਸ਼ਕਤੀਆਂ ਬਾਰੇ ਵੀ ਖੁਲਾਸਾ ਕੀਤਾ ਹੈ ਕਿ ਉਸਦੇ ਸ਼ਰਾਪ ਨਾਲ ਹੀ ਹੇਮੰਤ ਕਰਕੇ ਦੀ ਮੌਤ ਹੋਈ। ਕੀ ਉਹ ਆਪਣੇ ਸ਼ਰਾਪ ਕਾਰਨ ਹੋਏ ਇਸ ਹਮਲੇ ਵਿੱਚ ਮਰੇ 174 ਹੋਰ ਲੋਕਾਂ ਦੀ ਮੌਤ ਦੀ ਵੀ ਜ਼ਿੰਮੇਵਾਰੀ ਲਵੇਗੀ ? ਧੰਨ ਨੇ ਉਸਦੇ ਨਾਲ ਸਟੇਜ ਉੱਤੇ ਬੈਠੇ ਭਾਜਪਾ ਲੀਡਰ ਉਸ ਦੀ ਇਸ ਗੱਲ ਉੱਤੇ ਤਾੜੀਆਂ ਵਜਾ ਰਹੇ ਸਨ !

ਇਹ ਤਾੜੀਆਂ ਸਾਡੀ ਸੋਚ ਉੱਤੇ ਠਾਹ-ਠਾਹ ਕਰਕੇ ਵੱਜਣੀਆਂ ਚਾਹੀਦੀਆਂ ਹਨ ਕਿਉਂਕਿ ਅਸੀਂ ਇੱਕ ਵਿਅਕਤੀ ਬਣ ਕੇ ਨਹੀਂ ਇੱਕ ਧਿਰ ਬਣਕੇ ਸੋਚਦੇ ਹਾਂ ਅਤੇ ਆਪਣੀ ਧਿਰ ਦੀ ਹਰ ਗ਼ਲਤ ਗੱਲ ਨੂੰ ਵੀ ਜਾਇਜ਼ ਠਹਿਰਾਉਣ ਤੱਕ ਜਾਂਦੇ ਹਾਂ, ਜਿਵੇਂ ਕਿ ਸਾਡੇ ਖੱਬੇ-ਪੱਖੀ ਮਿੱਤਰ ਸਟਾਲਿਨ ਅਤੇ ਮਾਓ ਦੇ ਅੱਤਿਆਚਾਰਾਂ ਨੂੰ ਮੰਨਣ ਤੋਂ ਮੁਨਕਰ ਰਹਿੰਦੇ ਹਨ। ਅਜਿਹੇ ਰੁਝਾਨਾਂ ਤੋਂ ਬਚਦੇ ਹੋਏ ਸਾਨੂੰ ਗ਼ਲਤ ਨੂੰ ਗ਼ਲਤ ਕਹਿਣ ਅਤੇ ਇੱਕ ਸਮੂਹ ਦੀ ਥਾਂ ਇੱਕ ਵਿਅਕਤੀ ਵਜੋਂ ਸੋਚਣ ਦੀ ਆਦਤ ਪਾਉਣੀ ਚਾਹੀਦੀ ਹੈ, ਨਹੀਂ ਤਾਂ ਸਿਆਸਦਾਨ ਸਾਡੇ ਜਾਤੀ ਅਤੇ ਧਰਮ ਦੇ ਮੁੱਦਿਆਂ ਨੂੰ ਹੀ ਅੱਗੇ ਰੱਖ ਕੇ ਵੋਟਾਂ ਬਟੋਰਦੇ ਰਹਿਣਗੇ ਅਤੇ ਸਾਡੇ ਸਿੱਖਿਆ, ਸਿਹਤ, ਵਾਤਾਵਰਣ ਅਤੇ ਰੋਜ਼ਗਾਰ ਦੇ ਬੁਨਿਆਦੀ ਮੁੱਦਿਆਂ ਦੀ ਕਦੇ ਪਰਵਾਹ ਨਹੀਂ ਕਰਨਗੇ।

# ਰਾਜਨੀਤੀ 'ਚ ਭਾਰਤੀ ਫਿਲਮਾਂ ਦਾ ਮੋਦੀ-ਟਰੇਲਰ

**ਸੁਖਵਿੰਦਰ ਸਿੰਘ ਸਿੱਧੂ**
(+91-80541-04573)

ਸਿਰਫ ਕਲਾ ਦੇ ਪੱਖ ਤੋਂ ਦੇਖਿਆਂ ਫਿਲਮਾਂ ਮਨੋਰੰਜਨ ਦਾ ਸਾਧਨ ਹੁੰਦੀਆਂ ਹਨ ਪਰ 'ਕਲਾ ਜੀਵਨ ਲਈ' ਦੇ ਪੱਖ ਤੋਂ ਇਹ ਸਿੱਖਿਆਦਾਇਕ ਵੀ ਹੁੰਦੀਆਂ ਹਨ। ਹਰ ਇਨਸਾਨ ਭਲੀ ਭਾਂਤ ਜਾਣੂੰ ਹੈ ਕਿ ਫਿਲਮਾਂ 'ਚ ਫਿਲਮਾਇਆ ਗਿਆ ਸਭ ਕੁਝ ਕਾਲਪਨਿਕ ਤੇ ਯਥਾਰਥ ਤੋਂ ਕੋਹਾਂ ਦੂਰ ਹੁੰਦੈ ਪਰ ਫਿਰ ਵੀ ਸਭ ਦੀ ਦਿਲਚਸਪੀ ਫਿਲਮ ਵਿਚ ਐਨੀ ਬਣ ਜਾਂਦੀ ਹੈ ਕਿ ਉਹ ਫਿਲਮ ਵੇਖਦਿਆਂ ਉਸ ਨਾਲ ਧੁਰ ਤੱਕ ਜੁੜ ਜਾਂਦੇ ਹਨ। ਕੀ ਖਾਣਾ, ਕੀ ਪੀਣੈ, ਕੀ ਪਹਿਨਣਾ ਹੈ, ਅੱਜ ਕੱਲ੍ਹ ਇਹ ਸਭ ਫਿਲਮਾਂ 'ਤੇ ਹੀ ਨਿਰਭਰ ਹੁੰਦਾ ਜਾ ਰਿਹੈ, ਇੱਥੇ ਹੀ ਬਸ ਨਹੀਂ, ਕਿਸੇ ਦੀ ਧੀ ਭੈਣ ਨੂੰ ਕਿਵੇਂ ਛੇੜਨਾ ਏ, ਕਿਵੇਂ ਮਾਂ ਬਾਪ ਤੋਂ ਬਾਗੀ ਹੋਣਾ, ਕਿਸੇ ਦੀ ਤਿਜ਼ੌਰੀ 'ਤੇ ਕਿਵੇਂ ਹੱਥ ਸਾਫ਼ ਕਰਨੇ ਹਨ, ਕਿਵੇਂ ਕਿਸੇ ਦਾ ਕਤਲ ਕਰਨਾ, ਸਬੂਤ ਕਿਵੇਂ ਮਿਟਾਉਣੇ ਹਨ, ਇਸ ਸਭ ਕਾਸੇ ਲਈ ਟ੍ਰੇਨਿੰਗ ਸਕੂਲ ਦੀ ਤਰ੍ਹਾਂ ਹਨ ਬਹੁਤੀਆਂ ਫਿਲਮਾਂ।

ਦੱਬੇ ਕੁਚਲੇ ਲੋਕਾਂ ਲਈ ਹਾਅ ਦਾ ਨਾਹਰਾ ਮਾਰਨ ਅਤੇ ਉਨ੍ਹਾਂ ਦੀ ਬਦਤਰ ਜ਼ਿੰਦਗੀ ਦੇ ਬਿਖੜੇ ਪੈਂਡਿਆਂ ਨੂੰ ਪਰਦੇ 'ਤੇ ਦਿਖਾਉਣ ਅਤੇ ਸਮਾਜਿਕ ਬੁਰਾਈਆਂ ਤੋਂ ਲੋਕਾਂ ਨੂੰ ਰੂਬਰੂ ਕਰਵਾਉਣ ਵਾਲੀਆਂ ਫਿਲਮਾਂ ਮੁੱਠੀ ਭਰ ਕੁ ਹੀ ਹਨ ਪਰ ਹਨ ਜ਼ਰੂਰ। ਜਾਂ ਇਹ ਕਹਿ ਲਓ ਕਿ ਕੁਝ 'ਸਿਰਫਿਰੇ' ਨਿਰਮਾਤਾ ਤੇ ਨਿਰਦੇਸ਼ਕ ਅਜੋਕੀ ਹਨੇਰੀ 'ਚ ਵੀ ਉਲਟ ਤੁਰ ਰਹੇ ਨੇ। ਅਫਸੋਸ ਕਿ ਇਨ੍ਹਾਂ ਦੀ ਗਿਣਤੀ ਦਿਨੋਂ ਦਿਨ ਹੋਰ ਘਟ ਰਹੀ ਹੈ। ਬਹੁਗਿਣਤੀ ਇੱਕੋ ਵਹਿਣ 'ਚ ਵਹਿ ਰਹੇ ਹਨ। ਬੌਲੀਵੁੱਡ ਦੇ ਤਿੰਨ ਸੁਪਰ ਸਟਾਰ ਖਾਨ ਭਾਰਤੀ ਸਿਨੇਮੇ ਦੇ ਅਜੋਕੇ ਰੁਝਾਨਾਂ ਦੀ ਪੈਰਵਾਈ ਕਰਦੇ ਹਨ। ਸਲਮਾਨ ਖਾਨ ਬਹੁਤਾ ਕਰ ਕੇ ਸਿਰਫ ਪੈਸਾ ਕਮਾਉਣ ਵਾਲੀਆਂ ਫਿਲਮਾਂ ਦਾ ਹੀਰੋ ਹੈ। ਸ਼ਾਹਰੁਖ ਖਾਨ ਦੋਵੇਂ ਬੇੜੀਆਂ ਦਾ ਸ਼ਾਹ-ਅਸਵਾਰ ਬਣਿਆ ਹੋਇਆ ਹੈ ਅਤੇ ਆਮਿਰ ਖਾਨ ਸਾਰਥਿਕ ਫਿਲਮਾਂ ਬਣਾਉਣ ਵਾਲਿਆਂ ਦੀ ਪਹਿਲੀ ਤੇ ਸਫਲ ਪਸੰਦ ਹੈ। ਅਫ਼ਸੋਸ ਕਿ ਸਾਡੀਆਂ ਬਹੁਤੀਆਂ ਫਿਲਮਾਂ ਵਾਲੇ ਯੁਵਾ ਪੀੜ੍ਹੀ ਦੀ ਨਕੇਲ ਹੀ ਆਪਣੇ ਹੱਥ ਵਿਚ ਸਮਝਣ ਲੱਗੇ ਹਨ, ਜੋ ਮਰਜ਼ੀ ਦਿਖਾਓ, ਜਨਤਾ ਉਹੀ ਵੇਖੇਗੀ ਤੇ ਓਹੀ ਫੈਸ਼ਨ ਕਰੇਗੀ। ਇਹ ਅੱਜ ਦੇ ਜ਼ਮਾਨੇ ਦਾ ਕੌੜਾ ਸੱਚ ਵੀ ਹੈ। ਫਿਲਮਾਂ ਦੇ ਪ੍ਰਭਾਵ ਨੂੰ ਕਬੂਲ ਕਰ ਕੇ ਹੀ ਹੈ ਸਮਾਜ ਅੱਜ ਕੱਲ ਚੱਲ ਰਿਹਾ ਹੈ। ਖਾਣਾ-ਪੀਣਾ, ਪਹਿਨਣਾ, ਪਰਚਣਾ ਬਹੁਤ ਕੁਝ ਫਿਲਮਾਂ 'ਤੇ ਅਧਾਰਿਤ ਹੋ ਰਿਹਾ ਹੈ। ਜੋ ਟੈਲੀਵੀਜ਼ਨ ਤੇ ਸਿਨੇਮਾ ਦਿਖਾਉਂਦਾ ਹੈ, ਉਹੀ ਕੁਝ ਅਸੀਂ ਖਾਂਦੇ, ਪਹਿਨਦੇ ਅਤੇ ਵਰਤਦੇ ਹਾਂ। ਮਜ਼ਾਲ ਏ ਕਿ ਜੇ ਛੋਟਾ ਬੱਚਾ ਵੀ ਕਿਸੇ ਹੋਰ ਟੌਫ਼ੀ ਨੂੰ ਖਾ ਲਵੇ। ਕਿਸੇ ਪਦਾਰਥ ਦੀ ਮਸ਼ਹੂਰੀ ਆਉਂਦੇ ਸਾਰ



ਹੀ ਲੋਕ ਦੁਕਾਨ 'ਤੇ ਉਸ ਉਤਪਾਦ ਨੂੰ ਲੈਣ ਪੁੱਜ ਜਾਂਦੇ ਹਨ। ਜੇ ਐਨਾ ਸਭ ਕੁਝ ਹੁਣ ਫਿਲਮਾਂ ਨੇ, ਟੈਲੀਵੀਜ਼ਨ ਨੇ ਆਪਣੇ ਵੱਸ ਵਿਚ ਕਰ ਲਿਐ ਤੇ ਫਿਰ ਦੇਸ਼ ਦੀ ਰਾਜਨੀਤੀ ਇਸ ਤੋਂ ਕਿਵੇਂ ਵਿਰਵੀ ਰਹਿ ਸਕਦੀ ਹੈ। ਭਾਰਤ ਦੀ ਬਦਕਿਸਮਤੀ ਵੇਖੋ ਕਿ ਇਸ ਦੇਸ਼ ਦੇ ਸੱਤਾ ਘਮਸਾਣ ਵਿਚ ਅੱਜ ਇਕ ਫਿਲਮ ਵੱਡਾ ਮੁੱਦਾ ਬਣ ਗਈ ਹੈ। ਇਹ ਸਾਡੀ ਰਾਜਨੀਤੀ ਦੇ ਨਿਘਾਰ ਦੀ ਜਿਊਂਦੀ ਜਾਗਦੀ ਮਿਸਾਲ ਹੈ। ਇਸ ਤੋਂ ਵੱਧ ਨਿਘਾਰ ਰਾਜਨੀਤੀ ਵਿਚ ਕਦੋਂ ਆਵੇਗਾ। ਤੁਅੱਜ਼ਬ ਇਹ ਹੈ ਕਿ ਅੱਜ ਰਾਜਸੀ ਪਾਰਟੀਆਂ ਲੋਕਾਂ ਨੂੰ ਆਪੋ ਆਪਣੀ ਕਾਰਗੁਜ਼ਾਰੀ ਫਿਲਮਾਂ ਰਾਹੀਂ ਵਿਖਾਉਣਾ ਚਾਹੁੰਦੀਆਂ ਹਨ, ਜਦੋਂ ਕਿ ਇਨ੍ਹਾਂ ਦੇ ਕੀਤੇ ਕੰਮ ਅਵਾਮ ਦੇ ਮੂੰਹੋਂ ਬੋਲਣੇ ਚਾਹੀਦੇ ਹਨ। ਇਨ੍ਹਾਂ ਨੇਤਾਵਾਂ ਨੂੰ ਹੁਣ ਚੋਣਾਂ ਦੌਰਾਨ ਲੋਕਾਂ ਦੇ ਸਨਮੁਖ ਹੁੰਦਿਆਂ ਕਹਿਣੈ ਪੈ ਰਿਹਾ ਹੈ ਕਿ ਪ੍ਰਧਾਨ ਮੰਤਰੀ ਦੀ ਫਿਲਮ ਆਉਣ 'ਤੇ ਵਿਰੋਧੀਆਂ ਦੇ ਮੂੰਹ ਬੰਦ ਹੋ ਜਾਣਗੇ। ਅਜਿਹੇ ਆਗੂਆਂ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਪ੍ਰਧਾਨ ਮੰਤਰੀ ਵੀ ਇੱਥੇ ਹੀ ਨੇ ਤੇ ਲੋਕ ਵੀ ਇੱਥੇ ਹੀ ਨੇ, ਫਿਰ ਦੱਸਣ ਲਈ ਫਿਲਮ ਕਿਉਂ ? ਅਜਿਹੇ ਕਿਹੜੇ ਕੰਮ ਨੇ ਜੋ ਜਨਤਾ ਨਹੀਂ ਜਾਣਦੀ। ਪ੍ਰਧਾਨ ਮੰਤਰੀ ਨੇ ਕਿੰਨੇ ਦੇਸ਼ਾਂ ਦਾ ਦੌਰਾ ਕੀਤੈ, ਕਿੰਨੇ ਹਜ਼ਾਰ ਕਰੋੜ ਇਸ 'ਤੇ ਖਰਚ ਕੀਤੇ, ਕਿੰਨੇ ਕਰੋੜ ਦੀਆਂ ਮੂਰਤੀਆਂ ਲੱਗੀਆਂ ਨੇ ਤੇ ਕਿੰਨੇ ਹੁਣ ਤੱਕ ਸੂਟ ਸਿਲਵਾਏ ਨੇ, ਸਾਰਾ ਹਿਸਾਬ ਹੈ ਲੋਕਾਂ ਕੋਲ। ਰਿਕਸ਼ੇ ਵਾਲਾ ਹੋਵੇ ਭਾਵੇਂ ਦਿਹਾੜੀਦਾਰ ਸਭ ਉਂਗਲਾਂ ਦੇ ਪੋਟਿਆਂ 'ਤੇ ਯਾਦ ਕਰੀਂ ਫਿਰਦੇ ਨੇ, ਹੁਣ ਲੋਕ ਅਣਜਾਣ ਨਹੀਂ। 130 ਕਰੋੜ ਦੀ ਅਬਾਦੀ ਵਾਲੇ ਦੇਸ਼ ਵਿਚ ਹੁਣ ਲੋਕਾਂ ਕੋਲ 65 ਕਰੋੜ ਫੋਨ ਹਨ ਅਤੇ ਅੱਧ ਤੋਂ ਜ਼ਿਆਦਾ ਲੋਕ ਸਮਾਰਟ ਫੋਨ ਵਰਤਦੇ ਹਨ। ਫਿਲਮ ਦਾ ਰੌਲਾ ਜਦੋਂ ਚੋਣ ਕਮਿਸ਼ਨਰ ਦੇ ਦਫ਼ਤਰ ਪੁੱਜਾ ਤਾਂ ਉਨ੍ਹਾਂ ਇੱਕ ਵਾਰ ਤਾਂ ਇਸ ਨੂੰ ਹਰੀ ਝੰਡੀ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਵਲੋਂ ਵਿਰੋਧੀ ਧਿਰ ਦੇ ਜ਼ੋਰ ਦੇਣ 'ਤੇ ਫਿਰ ਫੈਸਲਾ ਬਦਲਿਆ ਗਿਆ, ਇਸ 'ਤੇ ਹੁਣ ਪਾਬੰਦੀ ਲਗਾ ਦਿੱਤੀ ਗਈ ਏ। ਫਿਲਮਾਂ ਬਣਾਓ, ਜੀ ਸਦਕੇ, ਜਿੰਨੀਆਂ ਮਰਜ਼ੀ ਬਣਾਓ ਪਰ ਸਿਆਸੀ ਕਿੜ ਕੱਢਣ ਜਾਂ ਸਿਆਸੀ ਲਾਹਾ ਲੈਣ ਲਈ ਇਸ ਪਲੇਟਫਾਰਮ ਦੀ ਵਰਤੋਂ ਕਰਨਾ ਉਚਿਤ ਨਹੀਂ। ਉਹ ਵੀ ਐਨ ਚੋਣਾਂ ਮੌਕੇ। ਫਿਲਮ ਬਣਾਓ ਆਪਣੀਆਂ ਚੋਣ ਰੈਲੀਆਂ ਦੀ, ਲੋਕਾਂ ਨਾਲ ਕੀਤੇ ਵਾਅਦਿਆਂ ਦੀ, ਉਸ ਨੂੰ ਖੁਦ ਹੀ ਪੰਜ ਸਾਲ ਵਿਚ ਵਾਰ ਵਾਰ ਵੇਖੋ। ਤੁਹਾਡੇ ਕੀਤੇ ਕੰਮਾਂ ਦੀ ਫਿਲਮ ਜਨਤਾ ਆਪ ਹੀ ਬਣਾ ਲਵੇਗੀ। ਦਮਗਜ਼ੇ ਮਾਰਦਿਆਂ, ਲੰਮੇ ਲੰਮੇ ਮੈਨੀਫੈਸਟੋ ਛਾਪਦਿਆਂ ਅਤੇ ਸਬਜ਼ਬਾਗ ਦਿਖਾਉਂਦਿਆਂ ਨੂੰ ਤਾਂ ੭੦ ਸਾਲ ਹੋ ਗਏ ਹਨ, ਹੁਣ ਅਸਲ ਕੰਮ ਕਰਨ ਵਾਲੀ ਫਿਲਮ ਵਿਖਾਉਣ ਦਾ ਵੇਲਾ ਹੈ । ਜੇਕਰ ਕੋਈ ਪਾਰਟੀ ਦੀ ਸਰਕਾਰ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਰਾਹ ਪੈ ਜਾਵੇ, ਫਿਰ ਇਨ੍ਹਾਂ ਨੂੰ ਪਰਚਾਰ ਲਈ ਫਿਲਮਾਂ ਬਣਾਉਣ ਦੀ ਲੋੜ ਨਹੀਂ ਪਵੇਗੀ। ਲੋਕ ਆਪ ਮੁਹਾਰੇ ਹੀ ਇਹਨਾਂ ਨੂੰ ਵੋਟਾਂ ਪਾਉਣਗੇ।

# ਮਹਾਨ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ

ਹਰਦੀਪ ਸਿੰਘ ਗਹੀਰ

18ਵੀਂ ਸਦੀ ਦੇ ਸੰਘਰਸ਼ਮਈ ਸਮੇਂ ਦੌਰਾਨ ਸਾਡੇ ਬਜ਼ੁਰਗਾਂ ਨੇ ਆਪਣੀ ਵੀਰਤਾ ਦੇ ਅਜਿਹੇ ਕਾਰਨਾਮੇ ਵਿਖਾਏ ਕਿ ਸੈਂਕੜੇ ਸਾਲਾਂ ਤੋਂ ਹਿੰਦੁਸਤਾਨ ਦੀ ਇੱਜ਼ਤ ਆਬਰੂ ਅਤੇ ਧਨ ਦੌਲਤ ਲੁੱਟਣ ਵਾਲੇ ਵਿਦੇਸ਼ੀ ਜ਼ਰਵਾਣੇ ਵੀ ਸਿੰਘਾਂ ਦੀ ਬਹਾਦਰੀ ਤੋਂ ਥਰ-ਥਰ ਕੰਬਦੇ ਰਹੇ।

ਇਨ੍ਹਾਂ ਵਿਚੋਂ ਇਕ ਨਾਮ ਰਾਮਗੜ੍ਹੀਆ ਮਿਸਲ ਦੇ ਸਰਦਾਰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਹੈ। ਇਨ੍ਹਾਂ ਦਾ ਜਨਮ ਭਗਵਾਨ ਸਿੰਘ ਦੇ ਘਰ 1723 ਈ. ਨੂੰ ਲਾਹੌਰ ਨੇੜਲੇ ਪਿੰਡ ਈਚੋਗਿਲ ਵਿੱਚ ਹੋਇਆ। ਇਕ ਸਾਧਾਰਨ ਕਿਰਤੀ ਘਰਾਣੇ ਵਿਚੋਂ ਉੱਠ ਕੇ ਆਪਣੇ ਸਮੇਂ ਦੇ ਇੱਕ ਉੱਘੇ ਮਿਸਲਦਾਰ ਬਣੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀਆਂ ਪ੍ਰਾਪਤੀਆਂ ਜੇਕਰ ਵੇਖੀਆਂ ਜਾਣ ਤਾਂ ਉਹ ਉਸ ਸਮੇਂ ਦੇ ਹਾਲਾਤ ਅਤੇ ਉਸ ਦੇ ਤੁਛ ਵਸੀਲਿਆਂ ਦਾ ਖਿਆਲ ਕਰਦਿਆਂ ਕੋਈ ਛੋਟੀ ਸਫ਼ਲਤਾ ਨਹੀਂ ਸਨ।

18ਵੀਂ ਸਦੀ ਦੇ ਸੰਘਰਸ਼ਮਈ ਸਮੇਂ 'ਚ ਵਿਸ਼ਾਲ ਇਲਾਕਿਆਂ 'ਤੇ ਕਬਜ਼ਾ ਕਰ ਲੈਣਾ ਕੋਈ ਛੋਟਾ ਕੰਮ ਨਹੀਂ ਸੀ। ਲੜਾਈ ਦੇ ਮੈਦਾਨ ਵਿਚ ਕੁੱਦਣ ਲਈ ਉਸ ਵਿਚ ਕੁਦਰਤੀ ਚਾਅ ਸੀ ਅਤੇ ਉਹ ਸ਼ੌਕ ਨਾਲ ਲੜਦਾ ਸੀ। ਘੋੜਿਆਂ ਦੀਆਂ ਕਾਠੀਆਂ 'ਤੇ ਸੌਣ ਦੀ ਮਿੱਥ ਸਥਾਪਤ ਕਰਨ ਵਾਲੇ ਸਿੱਖ ਜੋਧਿਆਂ ਵਿਚ ਉਸਦਾ ਨਾਂ ਆਉਂਦਾ ਹੈ। ਉਹ ਗੁਰੀਲਾ ਜੰਗ ਦਾ ਮਾਹਿਰ ਵੀ ਸੀ ਉਸਨੇ ਅਜਿਹੇ ਕਾਰਨਾਮੇ ਕੀਤੇ ਜਿਨ੍ਹਾਂ ਨੇ ਖਾਲਸੇ ਦੀ ਆਨ ਅਤੇ ਸ਼ਾਨ ਵਿਚ ਵਾਧਾ ਕੀਤਾ। ਉਸਨੇ ਸਿੱਖਾਂ ਨੂੰ ਇਹ ਅਹਿਸਾਸ ਵੀ ਕਰਵਾਇਆ ਹੈ ਕਿ ਗੁਰੂ ਦੀ ਕਿਰਪਾ ਨਾਲ ਵੱਡੀਆਂ ਹਕੂਮਤਾਂ ਦੇ ਜ਼ੁਲਮ ਦਾ ਵੀ ਟਾਕਰਾ ਕੀਤਾ ਜਾ ਸਕਦਾ ਹੈ। ਉਹ ਸਿੱਖ ਇਤਿਹਾਸ ਦਾ ਅਜਿਹਾ ਨਾਇਕ ਹੈ ਜਿਸ ਨੇ ਸਿੱਖਾਂ ਦੀ ਖਿੰਡੀ-ਪੁੰਡੀ ਤਾਕਤ ਨੂੰ ਇਕੱਠਾ ਕਰਕੇ ਸਿੱਖ ਫੌਜ ਵਿਚ ਅਜਿਹੀ ਸਪ੍ਰਿਟ ਭਰੀ ਜਿਸ ਦੇ ਪ੍ਰਭਾਵ ਸਦਕਾ ਸਿੱਖਾਂ ਨੇ ਪੰਜਾਬ ਦੀ ਧਰਤੀ 'ਤੇ ਖਾਲਸਾਈ ਜਿੱਤਾਂ ਦੇ ਝੰਡੇ ਝੁਲਾਏ ਹਨ ਅਤੇ ਖਾਲਸਾਈ ਤਾਕਤ ਦੇ ਨਾਲ ਆਪਣੀ ਹਕੂਮਤ ਸਥਾਪਤ ਕੀਤੀ ਹੈ। ਉਸ ਦੀ ਅਗਵਾਈ ਵਿਚ ਸਿੱਖਾਂ ਨੇ ਜ਼ਾਲਮਾਂ ਨੂੰ ਆਪਣੇ ਕਹਿਰ ਦਾ ਨਿਸ਼ਾਨਾ ਬਣਾਇਆ ਅਤੇ ਪੰਜਾਬ 'ਤੇ ਹਮਲਾ ਕਰਨ ਵਾਲੇ ਕਹਿੰਦੇ ਕਹਾਉਂਦੇ ਜਰਵਾਣਿਆ ਦੇ ਗਰੂਰ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ ਸੀ। ਸਿੱਖਾਂ ਨੇ ਆਪਣੀ ਅਣਖ ਅਤੇ ਹੋਂਦ ਵਿਖਾਉਂਣ ਲਈ ਉਸਦੀ ਅਗਵਾਈ ਵਿਚ ਜੋ ਜਿੱਤਾਂ ਪ੍ਰਾਪਤ ਕੀਤੀਆਂ ਹਨ ਉਨ੍ਹਾਂ ਨਾਲ ਸਿੱਖ ਭਾਈਚਾਰਾ ਮਾਨਸਿਕ ਅਤੇ ਸਮਾਜਕ ਪੱਖ ਤੋਂ ਬਲਵਾਨ ਹੋਇਆ ਹੈ। ਸਿੱਖਾਂ ਦੇ ਮਨੋਬਲ ਨੂੰ ਉਚਾ ਚੁੱਕਣ ਲਈ ਉਸਦਾ ਰੋਲ ਇਤਿਹਾਸਕ ਮੰਨਿਆ ਜਾਂਦਾ ਹੈ। ਸਿੱਖ ਇਤਿਹਾਸ ਦਾ ਇਕ ਦਿਲਚਸਪ ਤੱਥ ਇਹ ਵੀ ਹੈ ਕਿ ਉਸਦੀ ਲੀਡਰਸ਼ਿਪ ਵਿਚ ਸਿੱਖ ਫੌਜ ਵਲੋਂ ਵਿਖਾਈ ਬਹਾਦਰੀ ਅਤੇ ਯੁੱਧਨੀਤੀ ਇਤਿਹਾਸਕਾਰਾਂ ਲਈ ਅੱਜ ਵੀ ਇਕ ਬੁਝਾਰਤ ਬਣੀ ਹੋਈ ਹੈ।



ਉਨ੍ਹਾਂ ਨੇ ਜਵਾਨੀ ਦੀ ਉਮਰ ਵਿਚ ਪੈਰ ਧਰਦਿਆਂ ਹੀ ਸ਼ਸਤਰਾਂ ਦੇ ਕਿੱਤੇ ਨੂੰ ਅਪਣਾਇਆ ਅਤੇ ਸਿੱਖਾਂ ਦੇ ਇਕ ਜੰਗਜੂ ਆਗੂ ਦੇ ਰੂਪ ਵਿਚ ਸਾਹਮਣੇ ਆਏ। ਇਤਿਹਾਸ ਗਵਾਹੀ ਭਰਦਾ ਹੈ ਕਿ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੇ 1734 ਤਕ ਸਿੱਖਾਂ ਨੂੰ ਤਸੀਹੇ ਦੇ ਕੇ ਮਾਰਨ ਦੀ ਨੀਤੀ ਅਪਣਾਈ ਰੱਖੀ, ਇਸ ਨਾਲ ਉਸ ਨੇ ਸਿੱਖਾਂ ਨੂੰ ਵੀ ਆਪਣੇ ਪੱਖ ਵਿਚ ਕਰਨ ਦੇ ਯਤਨ ਕੀਤੇ ਤਾਂ ਕਿ ਉਹ ਵੀ ਬਾਕੀ ਨਾਗਰਿਕਾਂ ਦੀ ਤਰ੍ਹਾਂ ਉਸ ਦਾ ਸਾਥ ਦੇਣ। ਇਸੇ ਦੌਰਾਨ ਸ. ਰਾਮਗੜ੍ਹੀਆ ਨੂੰ ਮੁਗਲਾਂ ਨਾਲ ਸੁਲਾਹ ਸਫ਼ਾਈ ਦੀ ਨੀਤੀ ਅਪਣਾਉਣ ਲਈ ਪ੍ਰੇਰਿਆ ਗਿਆ। ਭਾਵੇਂ ਕਿ ਇਸ ਪਹੁੰਚ ਦਾ ਸਿੱਖਾਂ ਲਈ ਕੋਈ ਲਾਭਕਾਰੀ ਸਿੱਟਾ ਨਾ ਨਿਕਲਿਆ, ਬਾਅਦ ਵਿਚ ਉਨ੍ਹਾਂ ਅਦੀਨਾ ਬੇਗ ਦਾ ਸਾਥ ਵੀ ਦਿੱਤਾ ਅਤੇ 1748 ਵਿਚ ਅੰਮ੍ਰਿਤਸਰ ਵਿੱਚ ਰਾਮਰੌਣੀ ਦੇ ਕਿਲ੍ਹੇ 'ਤੇ ਹੱਲਾ ਬੋਲ ਦਿੱਤਾ। ਇਸ ਦੌਰਾਨ ਸਿੱਖਾਂ ਨੂੰ ਅਦੀਨਾ ਬੇਗ ਨੇ ਚਾਰ ਮਹੀਨੇ ਘੇਰੀ ਰੱਖਿਆ ਤੇ ਸਿੱਖਾਂ ਦਾ ਭਾਰੀ ਜਾਨੀ ਨੁਕਸਾਨ ਹੋ ਚੁੱਕਾ ਸੀ। ਇਸ ਅਹਿਮ ਜੰਗ ਦੌਰਾਨ ਸਿੱਖਾਂ ਨੇ ਅਹਿਮ ਮਤਾ ਕਰਕੇ ਜੱਸਾ ਸਿੰਘ ਰਾਮਗੜ੍ਹੀਆਂ ਨੂੰ ਚਿੱਠੀ ਰਾਹੀਂ ਖਾਲਸਾ ਪੰਥ 'ਚ ਮੁੜ ਪਰਤਣ ਦੀ ਪੇਸ਼ਕਸ਼ ਕੀਤੀ।

ਇਸ ਮੌਕੇ ਸ. ਰਾਮਗੜ੍ਹੀਆ ਦੇ ਦਿਲ ਵਿਚਲੇ ਸਿੱਖੀ ਲਈ ਭਰਪੂਰ ਪਿਆਰ ਨੇ ਉਨ੍ਹਾਂ ਨੂੰ ਮੌਤ ਦੇ ਮੂੰਹ ਪੈਂਦਿਆਂ ਵੇਖ ਕੇ ਸਿੰਘਾਂ ਦਾ ਸਾਥ ਦੇਣਾ ਮੰਨ ਲਿਆ ਅਤੇ ਇਸ ਤਰ੍ਹਾਂ ਪੰਥਕ ਏਕਤਾ ਹੋ ਜਾਣ ਨਾਲ ਲੜਾਈ ਦਾ ਪਾਸਾ ਹੀ ਪਲਟ ਗਿਆ ਤੇ ਖ਼ਾਲਸਾ ਪੰਥ ਦੀ ਜਿੱਤ ਹੋਈ। ਇਹ ਜਿੱਤ ਸਿੱਖ ਇਤਿਹਾਸ ਵਿੱਚ ਇਕ ਅਹਿਮ ਜਿੱਤ ਵਜੋਂ ਦਰਜ ਹੈ। ਇਸ ਮਗਰੋਂ ਮੁੜ ਪੰਥ ਦੀ ਸ਼ਰਨ ਵਿੱਚ ਆਏ ਜੱਸਾ ਸਿੰਘ ਕਾਰਨ ਮੀਰ ਮੰਨੂ ਨੂੰ ਸਿੱਖਾਂ ਨਾਲ ਸੁਲਾਹ ਕਰਨੀ ਪਈ ਅਤੇ ਉਧਰ ਰਾਮਰੌਣੀ ਦੇ ਕਿਲ੍ਹੇ ਵਿੱਚ ਘਿਰੇ ਸਿੱਖ ਯੋਧਿਆਂ ਦੀ ਜਾਨ ਬਚ ਗਈ। ਇਸੇ ਦੌਰਾਨ ਖਾਲਸਾ ਪੰਥ ਨੇ ਜੱਸਾ ਸਿੰਘ ਨੂੰ ਰਾਮਗੜ੍ਹ ਦਾ ਕਿਲ੍ਹਾ ਪੱਕੇ ਤੌਰ 'ਤੇ ਸੌਂਪ ਦਿੱਤਾ।

18ਵੀਂ ਸਦੀ ਵਿਚ ਬਲਵਾਨ ਮੁਗ਼ਲ ਹਕੂਮਤ ਅਤੇ ਪਠਾਣ ਹਮਲਾਵਰਾਂ 'ਤੇ ਸ਼ਾਨਦਾਰ ਜਿੱਤਾਂ ਲਈ ਸਰਦਾਰ ਰਾਮਗੜ੍ਹੀਆ ਦੀ ਸਿਆਣਪ ਅਤੇ ਸੂਝ-ਬੂਝ ਦਾ ਵਿਸ਼ੇਸ਼ ਯੋਗਦਾਨ ਰਿਹਾ। ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੱਖ ਸਰਦਾਰਾਂ ਵਿਚ ਸਭ ਤੋਂ ਪਹਿਲਾਂ ਪਹਾੜੀ ਰਿਆਸਤਾਂ ਵਿਚ ਸਿੱਖ ਰਾਜ ਦੀ ਨੀਂਹ ਰੱਖੀ ਅਤੇ ਬਾਕੀ ਸਿੱਖ ਸਰਦਾਰਾਂ ਨੂੰ ਵੀ ਉਧਰ ਦਾ ਰਸਤਾ ਵਿਖਾਇਆ। ਰਾਮਗੜ੍ਹੀਆ ਸਰਦਾਰ ਨੇ ਮਹੱਤਵਪੂਰਨ ਥਾਵਾਂ 'ਤੇ ਕਿਲ੍ਹੇ ਉਸਾਰਨ ਦੀ ਨੀਤੀ ਨੂੰ ਵੱਡੇ ਪੈਮਾਨੇ 'ਤੇ ਅਪਣਾਇਆ। ਉਹ ਕਸੂਰ ਸਰਹੰਦ ਆਦਿ ਅਨੇਕਾਂ ਲੜਾਈਆਂ ਵਿਚ ਅੱਗੇ ਹੋ ਖਾਲਸਾ ਪੰਥ ਨਾਲ ਸ਼ਾਮਲ ਹੋ ਕੇ ਲੜੇ।

9 ਮਾਰਚ 1763 ਨੂੰ ਦਲ ਖਾਲਸਾ ਨੇ ਜਦੋਂ ਦਿੱਲੀ ਫਤਹਿ ਕੀਤੀ ਤਾਂ ਇਸ ਸਮੇਂ ਦੌਰਾਨ ਇਸ ਜਥੇ ਵਿੱਚ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨਾਲ ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਜਥੇਦਾਰ ਬਘੇਲ ਸਿੰਘ ਨਾਮੀ ਸਿੱਖ ਮਿਸਲਦਾਰ ਸ਼ਾਮਲ ਸਨ। ਇਸ ਮੌਕੇ ਜਥੇਦਾਰ ਰਾਮਗੜ੍ਹੀਆ ਨੂੰ ਮੁਗ਼ਲ ਤਖ਼ਤ ਉਤੇ ਬਿਰਾਜਮਾਨ ਕਰ ਦਿੱਤਾ ਗਿਆ ਅਤੇ ਤਕਰੀਬਨ ਇਕ ਮਹੀਨੇ ਤੋਂ ਵੱਧ ਸਮਾਂ ਦਿੱਲੀ ਦੇ ਤਖ਼ਤ 'ਤੇ ਸਿੱਖ ਕੌਮ ਦਾ ਕਬਜ਼ਾ ਰਿਹਾ। ਇਸ ਨਾਲ ਮੁਹੰਮਦ ਗੌਰੀ ਵੱਲੋਂ ਸਥਾਪਿਤ ਕੀਤਾ ਦਿੱਲੀ ਤਖ਼ਤ 'ਤੇ ਕਬਜ਼ਾ ਅਤੇ ਇਸਲਾਮੀ ਰਾਜ ਸਮਾਪਤ ਹੋਇਆ। ਇਸ ਖ਼ਾਲਸਾ ਪੰਥ ਦੇ ਅਚੰਭੇ ਕਾਰਨ ਸਰਦਾਰ ਰਾਮਗੜ੍ਹੀਆ ਨੂੰ ਮਹਾਰਾਜਾ ਦਾ ਖ਼ਿਤਾਬ ਦਿੱਤਾ ਗਿਆ। ਸ. ਰਾਮਗੜ੍ਹੀਆ ਨੇ ਆਪਣੀ ਰਾਜਨੀਤਕ ਸੂਝ ਬੂਝ ਸਦਕਾ ਜਲੰਧਰ ਦੁਆਬੇ ਵਿਚਲੇ ਇਲਾਕਿਆਂ ਮਕਣਾਂਪੁਰ, ਮੇਘਵਾਲ, ਮਿਆਨੀ, ਉੜਮੁੜਟਾਂਡਾ, ਪਹਾੜੀ ਇਲਾਕਿਆਂ ਵਿਚ ਪਟੌਦੀ, ਚੰਭਾ, ਹਰੀਪੁਰ ਵੀ ਆਪਣੇ ਕਬਜ਼ੇ ਵਿਚ ਕੀਤੇ। ਉਨ੍ਹਾਂ ਅੰਮ੍ਰਿਤਸਰ ਤੋਂ ਲੈ ਕੇ ਹਾਂਸੀ, ਹਿਸਾਰ, ਪਾਣੀਪਤ, ਕਰਨਾਲ, ਆਗਰਾ, ਮੇਰਠ, ਮਥੁਰਾ ਅਤੇ ਦਿੱਲੀ ਤੱਕ ਬੇਖ਼ੌਫ ਹੋ ਕੇ ਮੁਗ਼ਲ ਹਾਕਮਾਂ ਤੋਂ ਨਜ਼ਰਾਨੇ ਵਸੂਲ ਕੀਤੇ ਅਤੇ ਆਪਣਾ ਪ੍ਰਭਾਵ ਕਾਇਮ ਰੱਖਿਆ। ਜਦੋਂ ਖ਼ਾਲਸੇ ਨੇ ਅਹਿਮਦਸ਼ਾਹ ਅਬਦਾਲੀ ਦੀ ਸ਼ਕਤੀ ਨੂੰ 1767 ਤੱਕ ਖ਼ਤਮ ਕਰ ਦਿੱਤਾ ਤੇ ਮੁਗਲ ਸਰਕਾਰ ਦਾ ਦੀਵਾ ਡਗਮਗਾ ਰਿਹਾ ਸੀ ਤਾਂ ਸਰਦਾਰ ਰਾਮਗੜ੍ਹੀਆ ਨੇ ਉਸ ਵੇਲੇ ਸੱਤ ਲੱਖ ਰੁਪਏ ਦੇ ਕਰ ਵਾਲੇ ਇਲਾਕੇ 'ਤੇ ਕਬਜ਼ਾ ਜਮਾਇਆ। 1762 ਦੇ ਵੱਡੇ ਘੱਲੂਘਾਰੇ ਵਿਚ ਜਦੋਂ ਜੱਸਾ ਸਿੰਘ ਆਹਲੂਵਾਲੀਆ ਨੂੰ ਕਾਫੀ ਸੱਟਾਂ ਲੱਗੀਆਂ ਤਾਂ ਉਨ੍ਹਾਂ ਨੇ ਬਾਕੀ ਸਰਦਾਰਾਂ ਨਾਲ ਸਲਾਹ ਮਸ਼ਵਰਾ ਕਰਕੇ ਸਰਦਾਰ ਆਹਲੂਵਾਲੀਆ ਨੂੰ ਜੰਗ ਵਿਚੋਂ ਨਿਕਲ ਜਾਣ ਦੀ ਵੀ ਸਲਾਹ ਦਿੱਤੀ। ਕਿਉਂਕਿ ਉਹ ਨਹੀਂ ਸਨ ਚਾਹੁੰਦੇ ਕਿ ਸਿੱਖ ਕੌਮ ਇਕ ਵੱਡੇ ਸਰਦਾਰ ਤੋਂ ਵਿਹੂਣੀ ਹੋ ਜਾਵੇ। ਭਾਵੇਂ ਕਿ ਉਸ ਸਮੇਂ ਸਿੱਖ ਮਿਸਲਾਂ ਦੇ ਸਰਦਾਰ ਆਪਸ ਵਿਚ ਉਲਝੇ ਹੋਏ ਸਨ, ਪਰ ਉਨ੍ਹਾਂ ਨੇ ਕੌਮੀ ਪਿਆਰ ਅਤੇ ਪੰਥਕ ਭਲਾਈ ਦਾ ਸਬੂਤ ਦਿੰਦਿਆਂ ਪੰਥਕ ਏਕਤਾ ਨੂੰ ਹਮੇਸ਼ਾਂ ਪਹਿਲ ਦਿੱਤੀ। ਇਸੇ ਤਰ੍ਹਾਂ ਦੀ ਮਿਲਦੀ ਜੁਲਦੀ ਘਟਨਾ ਇਹ ਵੀ ਸਾਹਮਣੇ ਆਉਂਦੀ ਹੈ, ਕਿ ਜਦੋਂ ਉਨ੍ਹਾਂ ਦੇ ਭਰਾ ਮਾਲੀ ਸਿੰਘ ਨੇ ਸ. ਆਹਲੂਵਾਲੀਆ ਨੂੰ ਕੈਦ ਕਰ ਲਿਆ ਸੀ ਤਾਂ ਰਾਮਗੜ੍ਹੀਆ ਸਰਦਾਰ ਨੇ ਖੁਦ ਆਪਣੇ ਭਰਾ ਦੀ ਗ਼ਲਤੀ ਦੀ ਮੁਆਫੀ ਮੰਗਦਿਆਂ ਉਨ੍ਹਾਂ ਨੂੰ ਖਿੱਲਤ ਅਤੇ ਪਾਲਕੀ ਦੇ ਕੇ ਨਿਵਾਜਿਆ ਸੀ। ਬੇਦਾਗ਼ ਆਚਰਣ ਵਾਲੇ ਇਸ ਸਿੱਖ ਸਰਦਾਰ ਦੇ ਆਦਰਸ਼ ਵਿਚ ਪਰਾਈਆਂ ਇਸਤਰੀਆਂ ਦੀ ਇੱਜ਼ਤ ਨੂੰ ਬਚਾਉਣਾ ਸਦਾ ਸ਼ਾਮਲ ਰਿਹਾ ਸੀ। ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਦੀ ਰਖਵਾਲੀ ਲਈ ਬਣਾਏ ਗਏ ਪਹਿਲੇ ਸਿੱਖ ਕਿਲ੍ਹੇ 'ਰਾਮਗੜ੍ਹ' ਦੀ ਹਿਫ਼ਾਜਤ ਲਈ ਉਹ ਕਈ ਸਾਲ ਜੂਝਦਾ ਰਿਹਾ ਅਤੇ ਉਸ ਨੇ ਇਸ ਕਿਲ੍ਹੇ ਨੂੰ ਕਈ ਵਾਰ ਉਸਾਰਿਆ। ਉਸ ਦੇ ਰਾਮਗੜ੍ਹ ਕਿਲ੍ਹੇ ਲਈ ਅਦੁੱਤੇ ਪਿਆਰ ਸਦਕਾ ਉਸ ਨੂੰ 'ਰਾਮਗੜ੍ਹੀਆ' ਦੀ ਫ਼ਖ਼ਰਯੋਗ ਪਦਵੀ ਮਿਲੀ। ਜੱਸਾ ਸਿੰਘ ਨੇ ਆਪਣੇ ਹੱਥੀ ਹਾਸਲ ਕੀਤੀ ਹਕੂਮਤ ਨੂੰ ਗੁਰੂ ਦੀ ਮਿਹਰ ਸਮਝ ਕੇ ਗੁਰੂ ਦੇ ਨਾਂ 'ਤੇ ਆਪਣੀ ਹਕੂਮਤ ਚਲਾਈ। ਉਸਦੀ ਇਹ ਹਕੂਮਤ ਭਾਵੇਂ ਥੋੜ੍ਹਾ ਚਿਰ ਹੀ ਰਹਿ ਸਕੀ ਪਰੰਤੂ ਇਹ ਦੁਨਿਆਵੀ ਹਕੂਮਤ ਦੇ ਬਰਾਬਰ ਨਵੀਂ ਉਸਰਨ ਵਾਲੀ ਸਿੱਖ ਹਕੂਮਤ ਦਾ ਇਕ ਛੋਟਾ ਜਿਹਾ ਨਮੂਨਾ ਸੀ ਜੋ ਅਗੋਂ ਸਿੱਖ ਰਾਜ ਦੇ ਰੂਪ ਵਿਚ ਵਿਕਸਤ ਹੋਇਆ ਜਿਸਨੇ ਭਵਿੱਖ ਵਿਚ ਹੋਰ ਨਿਖਰਵੇਂ ਰੂਪ ਵਿਚ ਦੁਨੀਆਂ ਦੇ ਸਾਹਮਣੇ ਪੇਸ਼ ਹੋਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਜ ਦੇ ਸੰਕਲਪ ਨੂੰ ਵਿਹਾਰ ਵਿਚ ਲਾਗੂ ਕਰਨ ਲਈ ਸਿੱਖਾਂ ਨੂੰ ਉਸ ਸੁਪਨੇ ਦੇ ਹਾਣ ਦਾ ਹੋਣਾ ਪਵੇਗਾ। ਇਸ ਪਾਸੇ ਵੱਲ ਜੱਸਾ ਸਿੰਘ ਰਾਮਗੜ੍ਹੀਆ ਨੇ ਕੁਝ ਪਹਿਲਕਦਮੀਆਂ ਕੀਤੀਆਂ ਸਨ ਜਿਸ ਕਰਕੇ ਉਹ ਸਿੱਖਾਂ ਦਾ ਸਤਿਕਾਰਤ ਆਗੂ ਬਣ ਗਿਆ ਸੀ।

# ਨਿਊਜ਼ੀਲੈਂਡ ਵਿਚ ਮਸਜਿਦ 'ਤੇ ਹਮਲਾ : ਕੁਝ ਸਵਾਲ, ਕੁਝ ਸੁਨੇਹੇ

ਡਾ. ਸ਼ਿਆਮ ਸੁੰਦਰ ਦੀਪਤੀ

ਨਿਊਜ਼ੀਲੈਂਡ ਦੇ ਸ਼ਹਿਰ ਕਰਾਈਸਟਚਰਚ ਵਿੱਚ ਮਸਜਿਦ 'ਤੇ ਹੋਇਆ ਹਮਲਾ ਕਈ ਸਵਾਲ ਤਾਂ ਖੜ੍ਹੇ ਕਰ ਹੀ ਰਿਹਾ ਹੈ, ਨਾਲ ਹੀ ਸਾਨੂੰ ਕਈ ਸੁਨੇਹੇ ਵੀ ਦੇ ਰਿਹਾ ਹੈ। ਇਸ ਹਾਦਸੇ ਨੂੰ ਅੰਜਾਮ ਦੇਣ ਲਈ ਕੋਈ ਕਿੱਥੋਂ ਆਇਆ ਤੇ ਉਹ ਕੌਣ ਸੀ? ਇਸ ਤਰ੍ਹਾਂ ਅੰਨ੍ਹੇਵਾਹ ਗੋਲੀਆਂ ਚਲਾਉਣਾ, ਸੰਸਾਰ ਭਰ ਵਿਚ ਉਮਡ ਰਹੀ ਅਰਾਜਕਤਾ ਵਾਲੀ ਵਿਵਸਥਾ 'ਤੇ ਸਵਾਲ ਖੜ੍ਹੇ ਕਰਦਾ ਹੈ। ਭਾਵੇਂ ਨਿਊਜ਼ੀਲੈਂਡ ਦੀ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਨੇ ਇਸ ਤਰ੍ਹਾਂ ਦੀ ਵਾਰਦਾਤ ਬਾਰੇ ਕਦੇ ਸੋਚਿਆ ਵੀ ਨਹੀਂ ਸੀ ਤੇ ਇਸੇ ਲਈ ਅਜਿਹੇ ਹਾਦਸੇ ਨਾਲ ਨਿਪਟਣ ਲਈ ਸਾਡੀ ਪੁਲਸ ਜਾਂ ਕੋਈ ਹੋਰ ਵਿਸ਼ੇਸ਼ ਏਜੰਸੀ ਤਿਆਰ ਨਹੀਂ ਸੀ। ਦੇਸ਼ ਦੀ ਪ੍ਰਧਾਨ ਮੰਤਰੀ ਜੈਸਿੰਡਾ ਨੇ ਫੌਰੀ ਹਰਕਤ ਵਿੱਚ ਆ ਕੇ ਦੇਸ਼ ਨੂੰ ਸੰਭਾਲਿਆ ਤੇ ਲੋਕਾਂ ਨੂੰ ਵਿਸ਼ਵਾਸ ਵਿਚ ਲਿਆ ਕਿ ਤੁਸੀਂ ਇਕੱਲੇ ਤੇ ਵੱਖਰੇ ਨਹੀਂ ਹੋ। ਇਹੀ ਭਾਵ ਦੇਸ਼ ਦੇ ਲੋਕਾਂ ਨੇ ਵੀ ਦਰਸਾਏ, ਜਿਨ੍ਹਾਂ ਨੇ ਘਰੋਂ ਨਿਕਲ ਕੇ ਲੋਕਾਂ ਨੂੰ ਗਲਵਕੜੀ ਵਿੱਚ ਲਿਆ ਤੇ ਆਪਣੇਪਣ ਦਾ ਅਹਿਸਾਸ ਕਰਵਾਇਆ।

ਨਿਊਜ਼ੀਲੈਂਡ, ਇੱਕ ਦੇਸ਼ ਦੇ ਤੌਰ 'ਤੇ ਇੱਕ ਟਾਪੂ ਹੈ, ਜੋ ਕਿ ਬਹੁਤ ਵੱਡੀ ਉਮਰ ਦਾ ਨਹੀਂ ਹੈ। ਜਵਾਰਭਾਟੇ ਵਿੱਚੋਂ ਨਿਕਲੇ ਲਾਵੇ ਦੇ ਠੰਢੇ ਹੋਣ ਤੋਂ ਬਣਿਆ ਇਹ ਟਾਪੂ ਕੋਈ ਸੱਤ-ਅੱਠ ਸੌ ਸਾਲ ਪੁਰਾਣਾ ਹੈ। ਦੇਸ਼ ਅੰਦਰ ਅੱਜ ਵੀ ਝਟਕੇ ਲੱਗਦੇ ਰਹਿੰਦੇ ਹਨ ਤੇ ਇਥੋਂ ਦੀਆਂ ਇਮਾਰਤਾਂ ਦੀ ਬਣਤਰ ਅਜਿਹੀ ਪ੍ਰਵਾਨ ਹੁੰਦੀ ਹੈ ਕਿ ਅਜਿਹੇ ਹਾਦਸਿਆਂ ਨਾਲ ਕੋਈ ਜਾਨੀ ਨੁਕਸਾਨ ਨਾ ਹੀ ਹੋਵੇ। ਦੇਸ਼ ਦੇ ਨੈਸ਼ਨਲ ਮਿਊਜ਼ੀਅਮ ਵਿੱਚ ਦੇਸ਼ ਦੇ ਬਣਨ ਅਤੇ ਅਜਿਹੇ ਝਟਕਿਆਂ ਦੇ ਅਹਿਸਾਸ ਨੂੰ ਲੈ ਕੇ ਡੈਮੋਸ਼ਟਰੇਸ਼ਨ ਦਿੱਤੀ ਜਾਂਦੀ ਹੈ ਕਿ ਲੋਕ ਸਮਝਣ ਤੇ ਸੁਚੇਤ ਰਹਿਣ। ਸਾਲ 2018 ਵਿੱਚ ਦੇਸ਼ ਅੰਦਰ ਅੱਠ ਅਜਿਹੇ ਝਟਕੇ ਲੱਗੇ। ਕਿਸੇ ਨੇ ਵੀ ਇਸ ਨੂੰ ਹੋਣੀ ਨਹੀਂ ਮੰਨਿਆ ਤੇ ਕਿਸੇ ਨੇ ਵੀ ਇਸ ਨੂੰ ਮਾੜੀ ਕਿਸਮਤ, ਦੇਸ਼ ਪਰਿਵਾਰਾਂ 'ਤੇ ਚੱਲ ਰਹੇ 'ਮਾੜੇ ਵਕਤ' ਦੀ ਬਾਤ ਨਹੀਂ ਪਾਈ।

ਦੋ ਸਾਲ ਪਹਿਲਾਂ ਮੈਂ ਨਿਊਜ਼ੀਲੈਂਡ ਫੇਰੀ 'ਤੇ ਗਿਆ ਸੀ। ਉੱਥੇ ਦੇ ਕੁਝ ਕੁ ਤਰਕਸ਼ੀਲ ਸੋਚ ਵਾਲੇ ਸਾਥੀਆਂ ਨੇ ਸੱਦਾ ਭੇਜਿਆ ਸੀ, ਜੋ ਸ਼ਹੀਦ ਭਗਤ ਸਿੰਘ ਚੈਰੀਟੇਬਲ ਨਾਂ ਦੀ ਸੰਸਥਾ ਚਲਾਉਂਦੇ ਹਨ। ਜੇਕਰ ਅਬਾਦੀ ਦੇ ਪੱਖ ਤੋਂ ਦੇਸ ਦੇ ਲੋਕਾਂ ਦੀ ਬਣਤਰ ਦੇਖੀਏ ਤਾਂ ਬਹੁਤ ਦੇਸ਼ਾਂ ਤੋਂ ਲੋਕ ਉੱਥੇ ਵਸਦੇ ਹਨ। ਅਜਿਹੇ ਦੇਸ਼ਾਂ ਨੂੰ ਕਾਮਿਆਂ ਦੀ ਲੋੜ ਵੀ ਹੁੰਦੀ ਹੈ। ਧਰਮ ਦੇ ਪਹਿਲੂ ਤੋਂ ਦੇਖੀਏ ਤਾਂ ਇਸ ਵੇਲੇ ਤਕਰੀਬਨ 55 ਫ਼ੀਸਦੀ ਈਸਾਈ ਹਨ ਤੇ ਕੁਝ ਹਿੰਦੂ, ਸਿੱਖ ਅਤੇ ਮੁਸਲਮਾਨ ਆਦਿ। ਬਹੁਗਿਣਤੀ ਦੁਨੀਆ ਦੇ ਲਿਹਾਜ਼ ਨਾਲ ਨਾਸਤਿਕ ਹੈ। ਦੋ ਕੁ ਦਹਾਕੇ ਪਹਿਲਾਂ ਹੀ ਇਕ ਕਾਲਮ ਜਨਗਣਨਾ ਵਿੱਚ ਆਇਆ। ਜੇਕਰ ਉਸ ਦਾ ਵਿਸ਼ਲੇਸ਼ਣ ਕਰੀਏ ਤਾਂ ਉਨ੍ਹਾਂ ਨੇ ਲਿਖਿਆ ਕਿ ਉਹ ਰੱਬ ਨੂੰ ਨਹੀਂ ਮੰਨਦੇ। ਇਸ ਦੇ ਸਪਸ਼ਟ ਮਤਲਬ ਹਨ ਕਿ ਉਹ ਆਪਣੀ ਹੋਣੀ, ਕਿਸਮਤ ਲਈ ਕਿਸੇ ਅਜਿਹੀ ਅਦ੍ਰਿਸ਼ ਕਾਲਪਨਿਕ ਚੀਜ਼ ਨੂੰ ਵਿਚ ਨਹੀਂ ਲਿਆਉਂਦੇ। ਸਕੂਲ ਵਿੱਚ ਅਧਿਆਪਕਾਂ ਨੇ ਬੱਚਿਆਂ ਨੂੰ ਉਨ੍ਹਾਂ ਦੀ ਉਮਰ ਮੁਤਾਬਕ ਇਸ ਹਾਦਸੇ ਬਾਰੇ ਦੱਸਿਆ। ਲੋਕਾਂ ਨੇ ਫੁੱਲ ਲੈ ਕੇ ਉਨ੍ਹਾਂ ਥਾਂਵਾਂ 'ਤੇ ਰੱਖੇ ਅਤੇ ਪੀੜਤ ਪਰਿਵਾਰਾਂ ਦੀ ਮਦਦ ਲਈ ਪੈਸੇ ਇਕੱਠੇ ਕੀਤੇ। ਪ੍ਰਧਾਨ ਮੰਤਰੀ ਨੇ ਦਸ ਦਿਨਾਂ ਦੇ ਅੰਦਰ, ਦੇਸ਼ ਦੇ 'ਹਥਿਆਰ ਕਾਨੂੰਨ' ਨੂੰ ਬਦਲਣ ਦੀ ਗੱਲ ਕੀਤੀ ਅਤੇ ਇਹ ਕਾਨੂੰਨ ਛੇਵੇਂ ਦਿਨ ਪਾਸ ਵੀ ਹੋ ਗਿਆ ਕਿ ਦੇਸ਼ ਵਿਚ ਕੋਈ ਆਪਣੇ ਲਈ ਨਿੱਜੀ ਤੌਰ 'ਤੇ ਫੌਜਾਂ ਜਾਂ ਪੁਲਸ ਲਈ ਰੱਖੀ ਗਈ ਸੈਮੀ ਆਟੋਮੈਟਿਕ ਗੰਨ ਨਹੀਂ ਰੱਖ ਸਕੇਗਾ ਤੇ ਨਾਲ ਹੀ ਇਹ ਵੀ ਕਿ ਸਥਾਨਕ ਪੱਧਰ 'ਤੇ ਅਜਿਹੇ ਹਥਿਆਰ ਬਣਾ ਸਕਣ ਵਾਲੇ ਸਮਾਨ ਉੱਤੇ ਵੀ ਪਾਬੰਦੀ ਹੋਵੇਗੀ। ਇਸੇ ਤਰ੍ਹਾਂ ਸੋਸ਼ਲ ਮੀਡੀਆ ਉੱਤੇ ਕਿਸੇ ਵੀ ਤਰ੍ਹਾਂ ਦੇ 'ਨਫ਼ਰਤ ਵਾਲੇ ਸੰਦੇਸ਼' ਭੇਜਣ 'ਤੇ ਰੋਕ ਲਗਾਉਣ ਲਈ ਵੀ ਕਦਮ ਪੁੱਟੇ ਜਾਣਗੇ।

ਅਜਿਹੇ ਹਾਦਸੇ ਵਾਪਰਨੇ ਅਤੇ ਉਨ੍ਹਾਂ ਪ੍ਰਤੀ ਕੁਝ ਨਿਵੇਕਲਾ ਅਤੇ ਸੰਤੋਸ਼ਜਨਕ ਹੁੰਦਾ ਦੇਖਣਾ ਜਾਂ ਸੁਣਨਾ, ਆਪਣੇ ਆਪ ਹੀ ਦਿਮਾਗ ਵਿੱਚ ਇੱਕ ਤੁਲਨਾਤਮਕ ਅਧਿਐਨ ਤਾਂ ਕਰ ਹੀ ਜਾਂਦਾ ਹੈ। ਜਿਥੋਂ ਤਕ ਭਾਰਤੀਆਂ ਦਾ ਸਬੰਧ ਹੈ, ਅਸੀਂ ਅਜਿਹੇ ਹਾਦਸੇ ਦੇਖਣ, ਸਹਿਣ ਦੇ ਆਦੀ ਹਾਂ। ਅਸੀਂ ਅਜਿਹੇ ਹਾਦਸਿਆਂ ਤੋਂ ਸਬਕ ਨਹੀਂ ਸਿੱਖਦੇ। ਅਸੀਂ ਦੇਖਿਆ ਹੈ ਕਿ ਹਾਦਸਾ ਹੋਣ ਮਗਰੋਂ ਲੋਕ ਵੀ ਪਹੁੰਚਦੇ ਹਨ, ਜੋ ਕਿ ਤਮਾਸ਼ਬੀਨ ਵੱਧ ਹੁੰਦੇ ਹਨ। ਨੇਤਾ ਪਹੁੰਚਦੇ ਹਨ, ਐਂਬੂਲੈਂਸਾਂ, ਮਦਦ-ਟੀਮਾਂ ਉੱਤੇ ਕੈਮਰਾ ਘੁੰਮਦਾ ਹੈ। ਮਰਨ ਵਾਲਿਆਂ, ਜ਼ਖ਼ਮੀਆਂ ਦੀ ਗਿਣਤੀ ਬਦਲ ਬਦਲ ਕੇ ਦੱਸਦੇ ਹਨ ਤੇ ਨਾਲ ਹੀ ਸੱਤਾ ਅਤੇ ਵਿਰੋਧੀ ਧਿਰ ਦੀ ਬਿਆਨਬਾਜ਼ੀ ਸ਼ੁਰੂ ਹੋ ਜਾਂਦੀ ਹੈ। ਸਵਾਲ ਖੜ੍ਹੇ ਹੁੰਦੇ ਹਨ ਤੇ ਮਿਹਣੋ-ਮਿਹਣੀ ਹੋਇਆ ਜਾਂਦਾ ਹੈ। ਮੀਡੀਆ ਵੀ ਆਪਣੀ ਬੇਸ਼ਰਮੀ ਦੀ ਹੱਦ ਤੱਕ ਪਹੁੰਚ ਜਾਂਦਾ ਹੈ। ਦਰਅਸਲ ਮੀਡੀਆ ਨੂੰ ਹਿੰਮਤ ਕਿੱਥੋਂ ਮਿਲਦੀ ਹੈ? ਉਨ੍ਹਾਂ ਨੂੰ ਬੇਢੰਗੇ ਸਵਾਲ ਪੁੱਛਣ ਦੀ ਜੁਰਅਤ ਕਿਵੇਂ ਹੁੰਦੀ ਹੈ? ਜੇਕਰ ਦੂਸਰਾ ਪਾਸਾ ਦੇਖੀਏ ਤਾਂ ਸਾਡੇ ਲੀਡਰ ਅਜਿਹੇ ਬਿਆਨ ਦੇਣ ਦੇ ਚਾਹਵਾਨ ਵੀ ਹੁੰਦੇ ਹਨ।



ਨਿਊਜ਼ੀਲੈਂਡ ਵਿੱਚ ਜਿੱਥੇ ਮੀਡੀਆ ਨੇ ਉਸਾਰੂ ਭੂਮਿਕਾ ਅਦਾ ਕੀਤੀ, ਉੱਥੇ ਨੇਤਾਵਾਂ ਨੇ ਵੀ ਬਿਆਨਬਾਜ਼ੀ ਨਹੀਂ ਕੀਤੀ। ਜੇਕਰ ਭਾਰਤ ਵਿੱਚ ਅਜਿਹੇ ਹਾਦਸੇ ਵਾਪਰਦੇ ਹਨ ਤਾਂ ਉਨ੍ਹਾਂ ਦਾ ਭਵਿੱਖ ਲਈ ਕੋਈ ਬੰਦੋਬਸਤ ਹੋਵੇ, ਸੋਚਿਆ ਹੀ ਨਹੀਂ ਜਾਂਦਾ, ਸਗੋਂ ਅਜਿਹੇ ਅਮਾਨਵੀ ਵਰਤਾਰਿਆਂ ਨੂੰ ਸਾਂਭ ਕੇ ਰੱਖਿਆ ਜਾਂਦਾ ਹੈ ਕਿ ਮੌਕਾ ਪੈਣ 'ਤੇ ਵਰਤਾਂਗੇ। ਅਜੇ ਤਕ ਅਸੀਂ ਦੇਸ਼ ਦੀ ਵੰਡ ਵਾਲੇ ਸੰਨ 1947 ਦੇ ਹਾਦਸੇ ਨੂੰ ਰਾਜਨੀਤਕ ਬਣਾ ਕੇ ਲਾਹਾ ਲੈ ਰਹੇ ਹਾਂ। ਬਾਕੀ ਸੰਨ 1984, 1992, 2007 ਵਰਗੇ ਕਤਲੇਆਮ ਤਾਂ ਜਿਵੇਂ ਕੱਲ੍ਹ ਦੀ ਗੱਲ ਹੋਣ। ਕਸ਼ਮੀਰ ਦੇ ਮੁੱਦੇ ਨੂੰ ਕਦੇ ਵੀ ਦੋਹਾਂ ਦੇਸ਼ਾਂ ਨੇ ਗੰਭੀਰਤਾ ਨਾਲ ਨਿਪਟਾਉਣ ਦੀ ਕੋਸ਼ਿਸ਼ ਨਹੀਂ ਕੀਤੀ।

'ਨਿਊਜ਼ੀਲੈਂਡ ਵਿੱਚ ਅਗਲੇ ਸਾਲ ਚੋਣਾਂ ਹਨ, ਇਸ ਲਈ ਇਹ ਹਾਦਸਾ ਹੋਇਆ ਹੈ' ਅਜਿਹਾ ਸੁਨੇਹਾ ਸੋਸ਼ਲ ਮੀਡੀਆ 'ਤੇ ਸਾਡੇ ਦੇਸ਼ ਵਿੱਚ ਚਲਿਆ ਜੋ ਕਿ ਸਾਡੀ ਆਪਣੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਪਰ ਉਨ੍ਹਾਂ ਨੂੰ ਨਮੋਸ਼ੀ ਹੋਈ, ਜਦੋਂ ਸਾਰਾ ਦੇਸ਼, ਪ੍ਰਧਾਨ ਮੰਤਰੀ ਤੋਂ ਲੈ ਕੇ, ਆਖ਼ਰੀ ਆਦਮੀ ਤਕ, ਉਨ੍ਹਾਂ ਗਮਗੀਨ ਪਰਿਵਾਰਾਂ ਨਾਲ ਖੜ੍ਹਾ ਦਿਸਿਆ।

ਜੇਕਰ ਨੇਤਾਵਾਂ (ਸੱਤਾ ਅਤੇ ਵਿਰੋਧੀ), ਮੀਡੀਆ ਅਤੇ ਰਾਜਨੀਤਕ ਪਾਰਟੀਆਂ ਦੇ ਆਈ ਟੀ ਸੈੱਲ (ਜੋ ਝੂਠੀਆਂ ਖ਼ਬਰਾਂ ਦੇ ਪ੍ਰਚਾਰ ਦਾ ਇੱਕ ਵਿਸ਼ੇਸ਼ ਵਿਭਾਗ ਬਣ ਗਿਆ ਹੈ) ਦੇ ਵਿਵਹਾਰ ਵੱਲ ਜਾਈਏ ਤਾਂ ਲੱਗਦਾ ਹੈ, ਜਿਵੇਂ ਸਾਨੂੰ ਹੌਲੀ-ਹੌਲੀ ਇੱਕ ਦੂਸਰੇ ਉੱਤੇ ਵਿਸ਼ਵਾਸ ਕਰਨ ਤੋਂ ਮਨ੍ਹਾਂ ਕੀਤਾ ਜਾ ਰਿਹਾ ਹੈ। ਸਾਡੇ ਸਮਾਜਿਕ ਜੀਵਨ ਵਿੱਚ ਅਵਿਸ਼ਵਾਸ ਦੀ ਸੁਰ ਭਾਰੂ ਹੈ। ਅਸੀਂ ਭਾਰਤ ਅੰਦਰ ਕਦੇ ਵੀ ਇਸ ਗੱਲ ਦਾ ਧਿਆਨ ਨਹੀਂ ਕੀਤਾ ਕਿ ਸਾਡੇ ਲੋਕ ਕਿੰਨੇ ਸੁਰੱਖਿਅਤ ਹਨ।ਪਿਛਲੇ ਦਿਨੀਂ, ਯੂਐੱਨ ਦੀ ਇੱਕ ਰਿਪੋਰਟ ਆਈ ਹੈ ਜਿਸ ਵਿੱਚ ਖੁਸ਼ੀ ਦੇ ਸੂਚਨਾ ਅੰਕ ਮੁਤਾਬਕ, 156 ਦੇਸ਼ਾਂ ਵਿੱਚੋਂ ਸਾਡਾ ਮੁਲਕ 140ਵੇਂ ਥਾਂ 'ਤੇ ਹੈ ਅਤੇ ਇਸ ਗੱਲ ਨੇ ਵੱਧ ਤਵੱਜੋਂ ਖਿੱਚੀ ਹੈ ਕਿ ਪਾਕਿਸਤਾਨ ਸਾਡੇ ਤੋਂ ਵੱਧ ਖੁਸ਼ ਹੈ, ਪਾਕਿਸਤਾਨ 67ਵੇਂ ਨੰਬਰ 'ਤੇ ਹੈ। ਸੋਸ਼ਲ ਮੀਡੀਆ ਤੇ ਕਈਆਂ ਨੇ ਇਸ ਨੂੰ ਫੇਕ (ਮਜ਼ਾਕ) ਕਿਹਾ, ਕਿਉਂ ਜੋ ਅਸੀਂ ਜੋ ਉਸ ਦੇਸ਼ ਬਾਰੇ ਸੁਣਦੇ ਹਾਂ, ਉਸ ਮੁਤਾਬਕ ਇਹ ਸੱਚ ਨਹੀਂ ਲਗਦਾ। ਦਰਅਸਲ ਆਰਥਿਕ ਹਾਲਤ ਮਾੜੀ ਹੋਣਾ 'ਤੇ ਖੁਸ਼ ਹੋਣਾ, ਦੋ ਵੱਖਰੇ ਪਹਿਲੂ ਹਨ। ਅਸੀਂ ਪੈਸਿਆਂ ਦੇ ਅੰਬਾਰ ਲਗਾ ਕੇ ਵੀ ਦੇਖੇ ਹਨ ਪਰ ਖੁਸ਼ੀ ਨਹੀਂ ਆਈ। ਖੁਸ਼ੀ ਦਾ ਪੈਮਾਨਾ, ਜੋ ਯੂਐਨ ਵੱਲੋਂ ਨਿਰਧਾਰਤ ਹੋਇਆ ਹੈ, ਉਸ ਵਿੱਚ ਸੱਤ ਪੱਖ ਸ਼ਾਮਲ ਕੀਤੇ ਗਏ ਹਨ। ਉਹ ਹਨ, ਪ੍ਰਤੀ ਵਿਅਕਤੀ ਆਮਦਨ, ਆਪਸੀ ਵਿਸ਼ਵਾਸ, ਸਿਹਤ, ਸਮਾਜਿਕ ਮਦਦ, ਉਦਾਰਤਾ (ਕੁਝ ਦੇਣ ਵਿਚ ਖੁਸ਼ੀ ਮਹਿਸੂਸ ਕਰਨਾ), ਦੇਸ਼ ਦੀ ਕੁੱਲ ਆਮਦਨ ਤੇ ਸਮਾਜਿਕ ਸੁਰੱਖਿਆ। ਅੱਗੋਂ ਇਨ੍ਹਾਂ ਨੂੰ ਮਾਪਣ ਦੇ ਕੀ ਪੈਮਾਨੇ ਹਨ, ਇਹ ਬਰੀਕੀ ਦਾ ਵਿਸ਼ਾ ਹੈ ਪਰ ਕੁਝ ਕੁ ਗੱਲਾਂ ਸਪਸ਼ਟ ਹੋ ਜਾਂਦੀਆਂ ਹਨ, ਜਦੋਂ ਅਸੀਂ ਭਾਰਤ ਵਿੱਚ ਮੌਜੂਦ ਇਨ੍ਹਾਂ ਪੱਖਾਂ ਤੋਂ ਨਜ਼ਰ ਮਾਰਦੇ ਹਾਂ।

ਨਿਊਜ਼ੀਲੈਂਡ ਪਹਿਲੇ ਦਸਾਂ ਦੇਸ਼ਾਂ ਵਿੱਚੋਂ ਹੈ। ਪਹਿਲੇ ਨੰਬਰਾਂ 'ਤੇ ਫਿਨਲੈਂਡ, ਸਵਿਟਜ਼ਰਲੈਂਡ, ਨੀਦਰਲੈਂਡ, ਯੂਰਪ ਦੇ ਦੇਸ਼ ਹਨ ਤੇ 2018 ਦੇ ਪੈਮਾਨੇ ਮੁਤਾਬਕ ਨਿਊਜ਼ੀਲੈਂਡ ਅੱਠਵੇਂ ਨੰਬਰ 'ਤੇ ਹੈ। ਜਿਸ ਤਰ੍ਹਾਂ ਇਸ ਦੇਸ਼ ਨੇ ਇਸ ਹਾਦਸੇ ਨਾਲ ਨਜਿੱਠਣ ਲਈ ਕਦਮ ਚੁੱਕੇ ਹਨ ਤਾਂ ਘੱਟੋ ਘੱਟ ਇਹ ਯਕੀਨ ਹੋ ਜਾਂਦਾ ਹੈ ਕਿ ਨਿਊਜ਼ੀਲੈਂਡ ਅੱਠਵੇਂ ਨੰਬਰ 'ਤੇ ਹੀ ਹੋਵੇਗਾ। ਅਸੀਂ ਭਾਰਤ ਦੇ 140ਵੇਂ ਨੰਬਰ 'ਤੇ ਹੋਣ ਬਾਰੇ ਸਵਾਲ ਕਰ ਸਕਦੇ ਹਾਂ। ਹਾਂ, ਜੇ ਸਾਡੇ ਮਨ ਵਿੱਚ ਸਹੀ ਉੱਤਰ ਤਲਾਸ਼ਣ ਅਤੇ ਕੁਝ ਕਰਨ ਦੀ ਤਾਂਘ ਹੈ ਤਾਂ।



# ਰੂਸ ਅਤੇ ਚੀਨ ਨੇ ਨਸ਼ਾਖੋਰੀ ਦਾ ਖਾਤਮਾ ਕਿਵੇਂ ਕੀਤਾ ?

**ਤਜਿੰਦਰ**

ਨਸ਼ਾਖੋਰੀ ਇੱਕ ਅਲਾਮਤ ਦੇ ਰੂਪ ਵਿੱਚ ਲੰਬੇ ਸਮੇਂ ਤੋਂ ਸਾਡੇ ਸਮਾਜ ਵਿੱਚ ਮੌਜੂਦ ਰਹੀ ਹੈ। ਅੱਜ ਇਹ ਇਕ ਕੋਹੜ ਦੀ ਤਰਾਂ ਇੱਕ ਪੂਰੀ ਪੀੜੀ ਨੂੰ ਨਿਗਲ਼ ਰਹੀ ਹੈ। ਪੰਜਾਬ ਦੀ ਲਗਭਗ 73.5% ਨੌਜਵਾਨ ਅਬਾਦੀ ਨਸ਼ਿਆ ਦੀ ਆਦੀ ਹੈ। ਪੰਜਾਬ ਦੇ ਪਿੰਡਾਂ ਦੇ ਲਗਭਗ 76.47% ਲੋਕ ਹਰ ਰੋਜ਼ ਸ਼ਰਾਬ ਪੀਂਦੇ ਹਨ। ਵਿਸ਼ਵ ਸਿਹਤ ਸੰਸਥਾ ਦੀ ਰਿਪੋਰਟ ਅਨੁਸਾਰ ਹਰ ਸਾਲ ਸੰਸਾਰ ਵਿੱਚ 30 ਲੱਖ ਤੋਂ ਉੱਪਰ ਲੋਕ ਸ਼ਰਾਬ ਦੀ ਵਰਤੋਂ ਕਾਰਨ ਮਰ ਜਾਂਦੇ ਹਨ। ਨਸ਼ਾਖੋਰੀ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਵੱਖ-ਵੱਖ ਸਮੇਂ ‘ਤੇ ਕੀਤੀਆਂ ਜਾਂਦੀਆਂ ਰਹੀਆਂ ਹਨ। ਪਰ ਸਮਾਜ ਲਗਾਤਾਰ ਇਸ ਜਿੱਲਣ ਵਿੱਚ ਡੂੰਘੇ ਤੋਂ ਡੂੰਘਾ ਧਸਦਾ ਜਾ ਰਿਹਾ ਹੈ। ਵੱਖ-ਵੱਖ ਦੇਸ਼ ਦੀਆਂ ਸਰਕਾਰਾਂ, ਸਮਾਜਸੇਵੀ ਸੰਸਥਾਂਵਾ ਅਤੇ ਮੁਨਾਫੇ ‘ਤੇ ਟਿਕੇ ਮੌਜੂਦਾ ਢਾਂਚੇ ਦੀ ਸੇਵਾ ਵਿੱਚ ਲੱਗੇ ਬੁੱਧੀਜੀਵੀਆਂ ਦੁਆਰਾ ਇਸ ਸਮੱਸਿਆ ਦੇ ਹੱਲ ਲਈ ਇਸ ਢਾਂਚੇ ਦੇ ਅੰਦਰ ਰਹਿੰਦੇ ਹੋਏ ਹਰ ਸੰਭਵ ਤਰੀਕਾ ਸੁਝਾਇਆ ਅਤੇ ਅਪਣਾਇਆ ਜਾ ਚੁੱਕਾ ਹੈ, ਪਰ ਇਹ ਸਾਰੇ ਤਰੀਕੇ ਅਸਫਲ ਰਹੇ ਹਨ।

ਪਰ ਇਤਿਹਾਸ ਦਾ ਅਜਿਹਾ ਸੁਨਿਹਰਾ ਦੌਰ ਵੀ ਰਿਹਾ ਹੈ ਜਦ ਨਸ਼ਾਖੋਰੀ ਅਤੇ ਵੇਸ਼ਵਾਗਮਨੀ ਵਰਗੀਆਂ ਸਮਾਜਿਕ ਅਲਾਮਤਾਂ ਨੂੰ ਪੂਰੀ ਤਰ੍ਹਾਂ ਜੜ੍ਹ ਤੋਂ ਪੁੱਟ ਦਿੱਤਾ ਗਿਆ ਸੀ। ਇਹ ਦੌਰ ਸੀ ਰੂਸ ਅਤੇ ਚੀਨ ਦਾ ਸਮਾਜਵਾਦੀ ਦੌਰ। ਮਨੁੱਖੀ ਇਤਿਹਾਸ ਦਾ ਉਹ ਸਮਾਂ ਜਦ ਸਦੀਆਂ ਤੋਂ ਲਿਤਾੜੀ ਕਿਰਤੀ ਲੋਕਾਈ ਦੀ ਸੱਤਾ ਕਾਇਮ ਹੋਈ। ਜਿਸ ਨੇ ਨਾ ਸਿਰਫ ਆਰਥਿਕ ਤਰੱਕੀ ਦੀਆਂ ਨਵੀਆਂ ਤੋਂ ਨਵੀਆਂ ਸਿਖਰਾਂ ਨੂੰ ਛੋਹਿਆ ਸਗੋਂ ਲੁੱਟ ਅਤੇ ਮੁਨਾਫੇ ‘ਤੇ ਟਿਕੇ ਢਾਂਚੇ ਦੁਆਰਾ ਪੈਦਾ ਕੀਤੀਆਂ ਸਮਾਜਿਕ ਅਲਾਮਤਾਂ ਨੂੰ ਵੀ ਜੜ੍ਹੋਂ ਪੁੱਟ ਸੁੱਟਿਆ। ਇਸ ਲੇਖ ਵਿੱਚ ਅਸੀ ਰੂਸ ਅਤੇ ਚੀਨ ਦੇ ਸਮਾਜਵਾਦੀ ਸਮੇਂ ਦੌਰਾਨ ਚਲਾਈ ਨਸ਼ਾ ਵਿਰੋਧੀ ਲਹਿਰ ਦੀ ਚਰਚਾ ਕਰਾਂਗੇ, ਤਾਂ ਜੋ ਅਸੀ ਅੱਜ ਇਸ ਸਮੱਸਿਆ ਦੇ ਆਲ਼ੇ-ਦੁਆਲ਼ੇ ਸਰਕਾਰਾਂ ਦੀ ਦੋਗਲੀ ਨੀਤੀ, ਸਾਮਰਾਜੀ ਫੰਡ ‘ਤੇ ਚੱਲਣ ਵਾਲ਼ੀਆਂ ਐਨਜੀਓ ਅਤੇ ਨਸ਼ੇ ਦੇ ਆਦੀ ਅਤੇ ਵੇਚਣ ਵਾਲ਼ਿਆਂ ਨੂੰ ਦਿੱਤੇ ਜਾ ਰਹੇ ਨੈਤਿਕ ਉਪਦੇਸ਼ਾਂ ਦੀ ਧੁੰਦ ਨੂੰ ਸਾਫ ਕਰ ਸਕੀਏ।

## ਰੂਸ ਵਿੱਚ ਸ਼ਰਾਬਖੋਰੀ ਵਿਰੁੱਧ ਲਹਿਰ

ਰੂਸ ਵਿਚ ਅਕਤੂਬਰ 1917 ਇਨਕਲਾਬ ਤੋਂ ਪਹਿਲਾਂ ਅਤੇ ਬਾਅਦ ਵਿੱਚ ਸ਼ਰਾਬਖੋਰੀ, ਵੇਸ਼ਵਾਗਮਨੀ, ਔਰਤਾਂ ਦੀ ਖਰੀਦੋ ਫਰੋਖਤ, ਭਰੂਣ ਹੱਤਿਆ ਅਦਿ ਵਿਰੋਧੀ ਲਹਿਰ ਦੀ ਚਰਚਾ ਅਮਰੀਕੀ ਪੱਤਰਕਾਰ ਡਾਈਸਨ ਕਾਰਟਰ ਦੀ ਕਿਤਾਬ ‘ਪਾਪ ਅਤੇ ਵਿਗਿਆਨ’ ਵਿੱਚ ਮਿਲਦੀ ਹੈ। ਡਾਇਸਨ ਕਾਰਟਰ ਨੇ ਖੁਦ ਇਨਕਲਾਬ ਤੋਂ ਬਾਅਦ ਰੂਸ ਵਿਚ ਜਾ ਕੇ ਬਦਲੀਆਂ ਹੋਈਆਂ ਹਾਲਤਾਂ ਦਾ ਅਧਿਐਨ ਕੀਤਾ ਅਤੇ ਨਾਲ਼ ਹੀ ਉਸ ਸਮੇਂ ਅਮਰੀਕਾ ਅਤੇ ਯੂਰਪ ਵਿੱਚ ਇਹਨਾਂ ਸਮੱਸਿਆਵਾਂ ਦੇ ਹੱਲ ਲਈ ਅਪਣਾਏ ਜਾ ਰਹੇ (ਅਸਫਲ) ਤਰੀਕਿਆਂ ਦੀ ਵੀ ਚਰਚਾ ਕੀਤੀ ਹੈ। ਅਸੀ ਆਪਣੀ ਚਰਚਾ ਸ਼ਰਾਬਖੋਰੀ ਵਿਰੁੱਧ ਲਹਿਰ ਤਕ ਹੀ ਸੀਮਤ ਰੱਖਾਂਗੇ।

## ਇਨਕਲਾਬ ਤੋਂ ਪਹਿਲਾਂ ਦਾ ਦੌਰ

ਅਕਤੂਬਰ ਇਨਕਲਾਬ ਤੋਂ ਪਹਿਲਾਂ ਰੂਸ ਵਿੱਚ ਸ਼ਰਾਬ ਆਮ ਜੀਵਨ ਦਾ ਹਿੱਸਾ ਸੀ। ਲਗਭਗ ਪੂਰਾ ਰੂਸ ਹੀ ਸ਼ਰਾਬ ਪੀਂਦਾ ਸੀ। ਸੜਕਾਂ ਉੱਪਰ ਸ਼ਾਰਬ ਨਾਲ਼ ਲੜਖੜਾਉਂਦਾ ਹੋਏ ਲੋਕਾਂ ਨੂੰ ਆਮ ਹੀ ਦੇਖਿਆ ਜਾ ਸਕਦਾ ਸੀ। ਸ਼ਰਾਬਖੋਰੀ ਨੂੰ ਰੋਕਣ ਦੀਆਂ ਕੋਸ਼ਿਸ਼ਾ ਦਾ ਸਿਲਸਿਲਾ 1819 ਵਿਚ ਸ਼ੁਰੂ ਹੁੰਦਾ ਹੈ। ਜ਼ਾਰ ਸਰਕਾਰ ਵੱਲੋਂ ਜੋ ਕਦਮ ਚੁੱਕੇ ਗਏ ਸਨ, ਉਹ ਸਨ :

ਸ਼ਰਾਬ ਨੂੰ ਸਰਕਾਰੀ ਕੰਟਰੋਲ ਵਿਚ ਰੱਖਣਾ : ਇਸ ਨਾਲ ਸ਼ਰਾਬ ਦੀ ਵਿੱਕਰੀ ਵਿਚ ਤਾਂ ਕੋਈ ਕਮੀ ਨਹੀ ਆਈ ਪਰ ਇਸ ਨਾਲ਼ ਜ਼ਾਰ ਸਰਕਾਰ ਦੀ ਆਮਦਨ ਵਿਚ ਜਰੂਰ ਵਾਧਾ ਹੋ ਗਿਆ। ਇਹ ਢਾਂਚਾ ਅੱਠ ਸਾਲ ਤਕ ਕਾਇਮ ਰਿਹਾ, ਇਸ ‘ਤੇ ਅਮਲ ਕਰਨਾ ਮੁਸ਼ਕਿਲ ਹੋਣ ਕਰਕੇ ਇਸ ਨੂੰ ਦੁਬਾਰਾ ਨਿੱਜੀ ਹੱਥਾਂ ਵਿਚ ਸੌਂਪ ਦਿੱਤਾ ਗਿਆ।

**ਸ਼ਰਾਬ ‘ਤੇ ਟੈਕਸ** : ਇਸ ਪਿੱਛੇ ਜ਼ਾਰ ਸਰਕਾਰ ਦਾ ਮਕਸਦ ਸੀ ਕਿ ਆਮ ਨਾਗਰਿਕਾਂ ਲਈ ਸ਼ਰਾਬ ਮਹਿੰਗੀ ਹੋ ਜਾਵੇ ਪਰ ਇਸ ਨਾਲ਼ ਮੁਨਾਫਾ ਜ਼ਰੂਰ ਆਉਂਦਾ ਰਹੇ। ਇਸ ਤਰੀਕੇ ਨਾਲ਼ ਵੀ ਸ਼ਰਾਬ ਦੀ ਵਿੱਕਰੀ ਵਿੱਚ ਕੋਈ ਫਰਕ ਨਹੀ ਪਿਆ, ਕਿਉਂਕਿ ਲੋਕਾਂ ਨੇ ਰੋਟੀ ‘ਤੇ ਖਰਚ ਘਟਾ ਕੇ ਸ਼ਰਾਬ ਉੱਪਰ ਕਰਨਾ ਸ਼ੁਰੂ ਕਰ ਦਿੱਤਾ।

**ਲਾਇਸੰਸ ਪ੍ਰਬੰਧ** : ਤੀਹ ਸਾਲ ਤਕ ਰੂਸ ਵਿਚ ਸ਼ਰਾਬਖੋਰੀ ਲਗਾਤਾਰ ਵਧਦੀ ਰਹੀ। ਪਾਦਰੀਆਂ ਦੇ ਉਪਦੇਸ਼ਾਂ ਦੇ ਬਾਵਜੂਦ ਰੂਸ ਦੇ ਲੋਕਾਂ ਨੇ ਸ਼ਰਾਬ ਪੀਣਾ ਜਾਰੀ ਰੱਖਿਆ। ਬਾਅਦ ਵਿੱਚ ਲਾਇਸੰਸ ਪ੍ਰਬੰਧ ਲਾਗੂ ਕਰ ਦਿੱਤਾ ਤਾਂ ਜੋ ਦੁਕਾਨਾਂ ਦੀ ਸੰਖਿਆ ਘਟਾਈ ਜਾ ਸਕੇ। ਬਾਅਦ ਦੇ ਸਾਲਾਂ ਵਿੱਚ ਰੂਸ ਵਿਚ ਸ਼ਰਾਬ ਦੀਆਂ ਦੁਕਾਨਾਂ ਦੀ ਗਿਣਤੀ ਤਾਂ 2,50,000 ਤੋਂ ਘਟ ਕੇ 1,15,000 ਹੋ ਗਈ ਪਰ ਇਸ ਨਾਲ ਸ਼ਰਾਬ ਦੀ ਵਿੱਕਰੀ ਹੋਰ ਵੀ ਵਧ ਗਈ।

**ਨਸ਼ਾ ਰੋਕੂ ਜਥੇਬੰਦੀ** : ਜ਼ਾਰ ਸਰਕਾਰ ਦੁਆਰਾ ਨਸ਼ਾਖੋਰੀ ਨੂੰ ਰੋਕਣ ਲਈ ਜੋ ਕਦਮ ਚੁੱਕੇ ਜਾ ਰਹੇ ਸਨ, ਉਹਨਾਂ ਪਿੱਛੇ ਚਾਲਕ ਸ਼ਕਤੀ ਰੂਸ ਦੇ ਸਨਅਤਕਾਰ ਸਨ। ਕਿਉਂਕਿ ਨਸ਼ੇ ਦੀ ਹਾਲਤ ਵਿਚ ਮਜ਼ਦੂਰ ਫੈਕਟਰੀਆਂ ਵਿਚ ਕੰਮ ਨਹੀਂ ਕਰਦੇ ਜਿਸ ਨਾਲ ਪੈਦਾਵਾਰ ਨੂੰ ਭਾਰੀ ਨੁਕਸਾਨ ਹੁੰਦਾ ਸੀ। ਦੂਸਰੇ ਪਾਸੇ ਜਗੀਰਦਾਰਾਂ ਦੇ ਹਮਾਇਤੀ ਜ਼ਾਰ ਦੇ ਚਚੇਰੇ ਭਰਾ ਪ੍ਰਿੰਸ ਐਲਕਸਾਂਦਰ (ਜੋ ਖੁਦ ਵੀ ਇਕ ਅਮੀਰ ਜਗੀਰਦਾਰ ਸੀ।) ਦਾ ਮੰਨਣਾ ਸੀ ਕਿ ਨਸ਼ੇ ਦੀ ਹਾਲਤ ਵਿੱਚ ਕਿਸਾਨ ਵੀ ਖੇਤੀ ਪੈਦਾਵਾਰ ਨੂੰ ਭਾਰੀ ਨੁਕਸਾਨ ਪਹੁੰਚਾਉਂਦੇ ਸਨ। ਇਸ ਮਸਲੇ ਨੂੰ ਲੈ ਕੇ ਉਹ ਜ਼ਾਰ ਤੋਂ ਵੱਖ ਹੋ ਗਿਆ ਅਤੇ ਉਸ ਨੇ ਇੱਕ ਨਸ਼ਾ ਰੋਕੂ ਜਥੇਬੰਦੀ ਬਣਾਈ। ਨਸ਼ਾਖੋਰੀ ਨੂੰ ਰੋਕਣ ਲਈ ਇਸ ਜਥੇਬੰਦੀ ਨੇ ਜੋ ਤਰੀਕੇ ਅਪਣਾਏ ਉਹ ਸਨ :

ਇਸ ਜਥੇਬੰਦੀ ਨੇ ਵੱਡੇ ਪੱਧਰ ‘ਤੇ ਪਾਰਕਾਂ, ਬਾਗ, ਅਰਾਮ ਘਰਾਂ ਦਾ ਪ੍ਰਬੰਧ ਕੀਤਾ। ਮਨੋਰੰਜਨ ਕੇਂਦਰ, ਨਾਟਕ ਘਰ ਅਦਿ ਬਣਾਏ। ਅਜਿਹੀਆਂ ਜ਼ਿਆਦਾਤਰ ਥਾਵਾਂ ‘ਤੇ ਲੋਕਾਂ ਦਾ ਕੋਈ ਪੈਸਾ ਨਹੀ ਖਰਚ ਹੁੰਦਾ ਸੀ। ਇਹਨਾ ਥਾਵਾਂ ‘ਤੇ ਭਾਸ਼ਣ ਦਿੱਤੇ ਜਾਂਦੇ ਜਿਹਨਾ ਵਿੱਚ ਸ਼ਰਾਬ ਦੇ ਨੁਕਸਾਨ ਸਬੰਧੀ ਵਿਗਿਆਨਕ ਦਲੀਲਾਂ ਦਿੱਤੀਆਂ ਜਾਂਦੀਆਂ। ਸੰਨ 1903 ਤਕ ਇਸ ਜਥੇਬੰਦੀ ਦੀਆਂ ਸਰਗਰਮੀਆਂ ਸਿਖਰ ‘ਤੇ ਸਨ। ਪਰ ਇਸ ਸਭ ਦਾ ਜੋ ਨਤੀਜਾ ਨਿਕਲ਼ਿਆ ਉਹ ਇਹ ਸੀ ਕਿ ਲੋਕ ਮੁਫਤ ਵਿਚ ਇਹਨਾਂ ਥਾਂਵਾ ‘ਤੇ ਜਾਂਦੇ ਖਾਦੇ-ਪੀਂਦੇ, ਨਾਟਕ ਦੇਖਦੇ ਅਤੇ ਬਚੇ ਹੋਏ ਪੈਸਿਆਂ ਨੂੰ ਸ਼ਰਾਬ ‘ਤੇ ਖਰਚ ਕਰ ਦਿੰਦੇ।

ਸ਼ਰਾਬ ‘ਤੇ ਮੁਕੰਮਲ ਪਬੰਦੀ ਨਸ਼ਾ ਵਿਰੋਧੀ ਲਹਿਰ ਦੇ ਸ਼ੁਰੂ ਹੋਣ ਤੋਂ 1914 ਤੱਕ ਰੂਸ ਵਿੱਚ ਵੋਦਕਾ ਦੀ ਵਰਤੋਂ 500% ਤੋਂ ਵੀ ਜ਼ਿਆਦਾ ਵੱਧ ਗਈ। ਸਕੂਲਾਂ ਵਿੱਚ 80% ਤੋਂ ਵੱਧ ਬੱਚੇ ਵੋਦਕਾ ਪੀਂਦੇ ਸਨ। ਇਸੇ ਸਮੇਂ ਇੱਕ ਪਾਸੇ ਰੂਸ ਦੇ ਪੂਰਬੀ ਮੋਰਚੇ ‘ਤੇ ਜੰਗ ਛਿੜ ਗਈ ਅਤੇ ਦੂਸਰੇ ਪਾਸੇ ਫੈਕਟਰੀਆਂ ਅਤੇ ਖੇਤਾ ਦੀ ਪੈਦਾਵਾਰ ਥੱਲੇ ਡਿੱਗ ਰਹੀ ਸੀ। ਰੂਸ ਦੇ ਸੱਨਅਤਕਾਰਾਂ ਨੇ ਜ਼ਾਰ ਸਰਕਾਰ ‘ਤੇ ਨਸ਼ਾਖੋਰੀ ਨੂੰ ਰੋਕਣ ਲਈ ਦਬਾਅ ਹੋਰ ਵਧਾ ਦਿੱਤਾ। ਅੰਤ 1916 ਵਿੱਚ ਜ਼ਾਰ ਸਰਕਾਰ ਨੇ ਇਸ ਸਮੱਸਿਆ ਨਾਲ ਸਿੱਝਣ ਲਈ ਰਾਤੋ-ਰਾਤ ਸ਼ਰਾਬ ‘ਤੇ ਮੁਕੰਮਲ ਪਾਬੰਦੀ ਲਗਾ ਦਿੱਤੀ। ਸ਼ਰਾਬ ਵੇਚਣ ਅਤੇ ਬਣਾਉਣ ਦੀਆਂ ਥਾਵਾਂ ਨੂੰ ਬਰਬਾਦ ਕਰ ਦਿੱਤਾ ਗਿਆ।

ਇਸ ਦਾ ਸਿੱਟਾ ਇਹ ਨਿਕਲਿਆ ਕਿ ਸੰਨ 1916 ਦੇ ਸ਼ੁਰੂਆਤੀ ਮਹੀਨਿਆਂ ਵਿੱਚ ਤਾਂ ਲੋਕਾਂ ਨੇ ਸ਼ਰਾਬ ਨੂੰ ਹੱਥ ਨਹੀ ਲਗਾਇਆ, ਪਰ ਅਚਾਨਕ ਹੀ ਪੂਰੇ ਦਾ ਪੂਰਾ ਰੂਸ ਸ਼ਰਾਬ ਵਿੱਚ ਡੁੱਬ ਗਿਆ। ਇਕ ਪਾਸੇ ਜੰਗ ਵਿੱਚ ਹੋ ਰਹੀਆਂ ਮੌਤਾਂ ਅਤੇ ਦੂਸਰੇ ਪਾਸੇ ਗਰੀਬੀ, ਬਦਹਾਲੀ ਤੇ ਭੁੱਖਮਰੀ। ਇਸ ਸਭ ਤੋਂ ਬਚਣ ਲਈ ਸਾਰੇ ਲੋਕ ਸ਼ਰਾਬ ਵੱਲ ਭੱਜੇ। ਰੂਸ ਦੇ ਘਰ-ਘਰ ਵਿੱਚ ਗੈਰ-ਕਾਨੂੰਨੀ ਸ਼ਰਾਬ ਬਣਾਈ ਜਾਣ ਲੱਗੀ। ਲੋਕਾਂ ਨੇ ਅਨਾਜ ਨੂੰ ਸ਼ਰਾਬ ਵਿੱਚ ਤਬਦੀਲ ਕਰਨਾ ਸ਼ੁਰੂ ਕੀਤੀ ਤਾਂ ਜੋ ਇਸ ਨੂੰ ਵੇਚ ਕੇ ਕੁਝ ਪੈਸੇ ਕਮਾਏ ਜਾ ਸਕਣ।

ਅਸੀਂ ਉੱਪਰ ਦੇਖਿਆ ਕਿ ਜ਼ਾਰ ਸਰਕਾਰ ਦੁਆਰਾ ਨਸ਼ਾਖੋਰੀ ਨੂੰ ਰੋਕਣ ਲਈ ਅਪਣਾਏ ਗਏ ਢੰਗ ਤਰੀਕਿਆਂ ਦਾ ਉਲਟ ਨਤੀਜਾ ਹੀ ਨਿੱਕਲ਼ਿਆ। ਹੁਣ ਅਸੀ ਅਕਤੂਬਰ 1917 ਤੋਂ ਬਾਅਦ ਦੇ ਸੋਵੀਅਤ ਸਮਾਜਵਾਦੀ ਸਮੇਂ ਦੌਰਾਂਨ ਅਪਣਾਏ ਗਏ ਢੰਗ ਤਰੀਕਿਆ ਦੀ ਗੱਲ ਕਰਾਂਗੇ ਤਾਂ ਜੋ ਇਹਨਾਂ ਦੋਵਾਂ ਹਲਾਤਾਂ ਵਿੱਚ ਫਰਕ ਕਰਦੇ ਹੌਏ ਨਸ਼ਾਖੋਰੀ ਦੀ ਸਮੱਸਿਆ ਨੂੰ ਜੜ੍ਹ ਤੋਂ ਸਮਝਿਆ ਜਾ ਸਕੇ।

## ਇਨਕਲਾਬ ਤੋਂ ਬਾਅਦ ਦਾ ਦੌਰ

ਅਕਤੂਬਰ 1917 ਇਨਕਲਾਬ ਤੋਂ ਬਾਅਦ ਰੂਸ ਵਿਚ ਮਜ਼ਦੂਰਾਂ ਦੀ ਸੱਤਾ ਕਾਇਮ ਹੋਈ, ਪਰ ਉਸ ਵੇਲੇ ਰੂਸ ਵਿੱਚ ਅਕਾਲ ਦੀ ਹਾਲਤ ਸੀ। ਲੋਕ ਅਨਾਜ ਨੂੰ ਮੰਡੀ ਵਿੱਚ ਪਹੁੰਚਾਉਣ ਦੀ ਥਾਂ ਸ਼ਰਾਬ ਬਣਾਉਣ ਲਈ ਇਸਤੇਮਾਲ ਕਰ ਰਹੇ ਸਨ। ਦੂਸਰਾ ਇਸ ਤਰ੍ਹਾਂ ਬਣਾਈ ਜਾ ਰਹੀ ਸ਼ਰਾਬ ਬਹੁਤ ਜ਼ਹਿਰੀਲੀ ਸੀ। ਸੋਵੀਅਤ ਸਰਕਾਰ ਲਈ ਸਭ ਤੋਂ ਪਹਿਲਾਂ ਇਹ ਜ਼ਰੂਰੀ ਸੀ ਕਿ ਜ਼ਹਰੀਲੀ ਸ਼ਰਾਬ ਦੀ ਵਿੱਕਰੀ ਨੂੰ ਰੋਕਿਆ ਜਾਵੇ ਅਤੇ ਅਨਾਜ ਦੀ ਸਮੱਸਿਆ ਨੂੰ ਹੱਲ ਕੀਤਾ ਜਾਵੇ। ਸੋਵੀਅਤ ਅਧਿਕਾਰੀਆਂ ਨੇ ਸਭ ਤੋਂ ਪਹਿਲਾਂ ਇਹ ਕੀਤਾ ਕਿ ਆਲੂ ਤੋਂ ਸ਼ਰਾਬ ਬਣਾਉਣਾ ਕਨੂੰਨੀ ਐਲਾਨ ਦਿੱਤਾ।

ਸੋਵੀਅਤ ਸਰਕਾਰ ਨੇ ਹੁਣ ਤੱਕ ਸ਼ਰਾਬਖੋਰੀ ਵਿਰੁੱਧ ਚੱਲੀਆਂ ਲਹਿਰਾਂ ਦੀਆਂ ਮੌਜੂਦਾ ਰਿਪੋਰਟਾਂ ਅਤੇ ਜਾਣਕਾਰੀਆਂ ਦਾ ਅਧਿਐਨ ਕੀਤਾ। ਇਹਨਾਂ ਤੱਥਾਂ ਦੀ ਛਾਣਬੀਣ ਤੋਂ ਬਾਅਦ ਸੋਵੀਅਤ ਅਧਿਕਾਰੀਆਂ ਨੇ ਸ਼ਰਾਬਖੋਰੀ ਦੀ ਸਮੱਸਿਆ ਦੀ ਜਾਂਚ ਪੜਤਾਲ ਦਾ ਕੰਮ ਨਵੇਂ ਸਿਰੇ ਤੋਂ ਆਪਣੇ ਹੱਥ ਵਿੱਚ ਲਿਆ। ਇਸ ਜਾਂਚ ਪੜਤਾਲ ਦੌਰਾਨ ਇਹ ਸਾਹਮਣੇ ਆਇਆ ਕਿ ਰੂਸ ਵਿੱਚ ਸ਼ਰਾਬਖੋਰੀ ਦੀ ਸਮੱਸਿਆ ਸਮਾਜਿਕ ਅਤੇ ਆਰਥਿਕ ਸਮੱਸਿਆ ਨਾਲ ਜੁੜੀ ਹੋਈ ਹੈ। ਲੋਕ ਸ਼ਰਾਬ ਵੱਲ ਉਸ ਸਮੇਂ ਦੌੜਦੇ ਹਨ ਜਦ ਉਹ ਆਪਣੇ ਆਪ ਨੂੰ ਗਰੀਬੀ, ਭੁੱਖਮਰੀ, ਬੇਕਾਰੀ ਵਰਗੀਆਂ ਸਮੱਸਿਆਵਾਂ ਨਾਲ ਘਿਰਿਆ ਹੋਇਆ ਦੇਖਦੇ ਹਨ। ਉਹਨਾਂ ਕੋਲ਼ ਆਪਣੇ ਦੁੱਖ ਤਕਲੀਫਾਂ ਨੂੰ ਭੁੱਲਣ ਦਾ ਇੱਕੋ ਹੱਲ ਨਜ਼ਰ ਆਉਂਦਾ ਸੀ- ਸ਼ਰਾਬ। ਦੂਸਰਾ ਇਸ ਨੂੰ ਹੱਲਾਸ਼ੇਰੀ ਇਸ ਲਈ ਦਿੱਤੀ ਜਾਂਦੀ ਸੀ ਕਿ ਸਰਕਾਰ ਇਸ ਤੋਂ ਕਰਾਂ ਰਾਹੀਂ ਭਾਰੀ ਮੁਨਾਫਾ ਕਮਾ ਸਕੇ। ਜ਼ਾਰ ਸਰਕਾਰ ਦੀ ਕੁਲ ਆਮਦਨ ਦਾ ਚੌਥਾ ਹਿੱਸਾ ਸ਼ਰਾਬ ਤੋਂ ਆਉਂਦਾ ਸੀ।

ਇਸ ਪੂਰੀ ਸਮੱਸਿਆ ਨਾਲ ਨਜਿੱਠਣ ਲਈ ਸੋਵੀਅਤ ਸਰਕਾਰ ਨੇ ਜੋ ਅਮਲੀ ਕਦਮ ਚੁੱਕੇ ਉਹ ਸਨ-

**ਘਰੇਲੂ ਅਤੇ ਜ਼ਹਰੀਲੀ ਸ਼ਰਾਬ ਬਣਾਉਣ ਵਾਲ਼ਿਆਂ ਦਾ ਸਫਾਇਆ** : ਸੋਵੀਅਤ ਅਧਿਕਾਰੀਆਂ ਨੇ ਘਰੇਲੂ ਸ਼ਰਾਬ ਬਣਾਉਣ ਵਾਲ਼ਿਆਂ ਨੂੰ ਮੰਡੀ ਵਿੱਚੋਂ ਬਾਹਰ ਕਰਨ ਲਈ ਸ਼ਰਾਬ ਉੱਤੋਂ ਟੈਕਸ ਹਟਾ ਦਿੱਤਾ ਅਤੇ ਪ੍ਰਚੂਨ ਸ਼ਰਾਬ ਦੀ ਕੀਮਤ ਘਟਾ ਦਿੱਤੀ। ਇਸ ਦੇ ਨਾਲ਼ ਹੀ ਜ਼ਾਰ ਸਰਕਾਰ ਦੇ ਸ਼ਰਾਬ ਦੇ ਵਪਾਰ ਵਿਚ ਹਿੱਸੇ ਸਬੰਧੀ ਤੱਥ ਵੀ ਪ੍ਰਕਾਸ਼ਿਤ ਕੀਤੇ ਗਏ। ਇਸ ਨਾਲ਼ ਲੋਕ ਇਹ ਸਮਝ ਗਏ ਕਿ ਨਵੀਂ ਬਣੀ ਸੋਵੀਅਤ ਸਰਕਾਰ ਸ਼ਰਾਬ ਤੋਂ ਮੁਨਾਫਾ ਨਹੀ ਕਮਾਉਣਾ ਚਾਹੁੰਦੀ। ਸ਼ਰਾਬ ਦੀਆਂ ਕੀਮਤਾਂ ਵਿੱਚ ਕਮੀ ਕਾਰਨ ਲੋਕਾਂ ਵਿੱਚ ਖ਼ੁਸ਼ੀ ਦੀ ਲਹਿਰ ਸੀ। ਡਾਇਸਨ ਕਾਰਟਰ ਦੇ ਸ਼ਬਦਾਂ ਵਿੱਚ: ਉਹ ਦਿਨ ਖੁਦ-ਬ-ਖੁਦ ਕੌਮੀ ਤਿਉਹਾਰ ਦਾ ਦਿਨ ਬਣ ਗਿਆ ਸੀ। ਉਸ ਦਿਨ ਲੋਕਾਂ ਨੇ ਜੀ ਭਰ ਕੇ ਨਵੀ, ਸਸਤੀ, ਵਧੀਆ ਕਿਸਮ ਦੀ ਵੋਦਕਾ ਪੀਤੀ। ਪਰ ਇਸ ਨਾਲ ਹੋਇਆ ਇਹ ਕਿ ਘਰੇਲੂ ਅਤੇ ਗੈਰਕਨੂੰਨੀ ਸ਼ਰਾਬ ਬਣਾਉਣ ਵਾਲ਼ਿਆਂ ਦਾ ਮੁਕੰਮਲ ਸਫਾਇਆ ਹੋ ਗਿਆ।

**ਸ਼ਰਾਬ ਦੀ ਵਿੱਕਰੀ ਸਬੰਧੀ ਨਿਯਮ** : ਸ਼ਰਾਬ ਨੂੰ ਸਸਤੀ ਕਰਨ ਤੋਂ ਬਾਅਦ ਸੋਵੀਅਤ ਅਧਿਕਾਰੀਆਂ ਨੇ ਇਸ ਦੀ ਵਿੱਕਰੀ ਸਬੰਧੀ ਕੁਝ ਨਿਯਮ ਬਣਾਏ ਸਨ। ਇਹ ਨਿਯਮ ਸਨ : ਫੈਕਟਰੀਆਂ ਦੇ ਗੁਆਂਢ ਵਿੱਚ ਸ਼ਰਾਬ ਨਹੀ ਵੇਚੀ ਜਾਵੇਗੀ, ਛੁੱਟੀਆਂ ਅਤੇ ਤਨਖਾਹ ਵਾਲ਼ੇ ਦਿਨ ਵੀ ਉੱਥੇ ਸ਼ਰਾਬ ਨਹੀ ਵਿਕੇਗੀ, ਕੋਈ ਵੀ ਨੌਜਵਾਨਾਂ ਜਾਂ ਨਸ਼ਾ ਕੀਤੇ ਲੋਕਾਂ ਨੂੰ ਸ਼ਰਾਬ ਵੇਚੇਗਾ ਤਾਂ ਉਸ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ।

**ਸ਼ਰਾਬਖੋਰੀ ਵਿਰੁੱਧ ਪ੍ਰਚਾਰ ਮੁਹਿੰਮ** : ਰੂਸ ਦੇ ਇੱਕ ਕੋਨੇ ਤੋਂ ਦੂਸਰੇ ਕੋਨ ਤੱਕ ਨਸ਼ਾਖੋਰੀ ਵਿਰੁੱਧ ਪ੍ਰਚਾਰ ਮੁਹਿੰਮ ਚਲਾਈ ਗਈ। ਸ਼ਰਾਬਖੋਰੀ ਵਿਰੁੱਧ ਇਸ ਨਵੀਂ ਵਿਗਿਆਨਕ ਲਹਿਰ ਦੌਰਾਨ ਲੋਕਾਂ ਨੂੰ ਅਲਕੋਹਲ ਸਬੰਧੀ ਬੜੇ ਸਪੱਸ਼ਟ ਤਰੀਕੇ ਨਾਲ਼ ਵਿਗਿਆਨਕ ਤੱਥ ਦੱਸੇ ਗਏ। ਉਹਨਾਂ ਨੂੰ ਦੱਸਿਆ ਗਿਆ ਕਿ ਜ਼ਿਆਦਾ ਸ਼ਰਾਬ ਪੀਣ ਨਾਲ਼ ਦਿਮਾਗ ਦੀਆਂ ਨਸਾਂ ਨੂੰ ਡੂੰਘਾ ਨੁਕਸਾਨ ਪਹੁੰਚਦਾ ਹੈ। ਲੋਕਾਂ ਨੂੰ ਦੱਸਿਆ ਗਿਆ ਕਿ ਸ਼ਰਾਬ ਪੀਣ ਕੋਈ ਜ਼ਰੂਰੀ ਨਹੀ। ਰੂਸ ਦੇ ਲੋਕਾਂ ਤੱਕ ਇਹਨਾਂ ਤੱਥਾਂ ਨੂੰ ਨਾਟਕ-ਘਰਾਂ ਅਤੇ ਟੈਲੀਵਿਜ਼ਨ ਵਰਗੇ ਨਵੇਂ-ਨਵੇਂ ਤਰੀਕਿਆ ਨਾਲ਼ ਪਹੁੰਚਾਇਆ ਗਿਆ। ਇਹ ਤੱਥ ਲੋਕਾਂ ਲਈ ਸਿਰਫ ਭਾਸ਼ਣ ਮਾਤਰ ਹੀ ਨਹੀ ਸਨ। ਕਿਉਕਿ ਰੂਸ ਵਿੱਚ ਹੁਣ ਹਾਲਾਤ ਬਦਲ ਚੁੱਕੇ ਸਨ। ਹੁਣ ਰੂਸ ਦੇ ਲੋਕਾਂ ਨੂੰ ਪਤਾ ਸੀ ਕਿ ਉਹਨਾਂ ਦੀ ਆਪਣੀ ਸੱਤਾ ਕਾਇਮ ਹੋ ਚੁੱਕੀ ਹੈ ਅਤੇ ਉਹਨਾਂ ਦੁਆਰਾ ਕੀਤੀ ਗਈ ਪੈਦਾਵਾਰ ਜਗੀਰਦਾਰਾਂ ਅਤੇ ਸਨਅਤਕਾਰਾਂ ਦੇ ਮੁਨਾਫੇ ਲਈ ਨਹੀਂ ਸਗੋਂ ਪੂਰੇ ਸਮਾਜ ਦੇ ਸਾਂਝੇ ਹਿੱਤਾਂ ਲਈ ਹੋ ਰਹੀ ਹੈ। ਇਸ ਲਈ ਸਰੀਰ ਉੱਪਰ ਅਲਕੋਹਲ ਦੇ ਪ੍ਰਭਾਵ ਦੇ ਨਾਲ਼-ਨਾਲ਼ ਲੋਕਾਂ ਨੂੰ ਇਹ ਵੀ ਦੱਸਿਆ ਗਿਆ ਕਿ ਉਹਨਾਂ ਦੇ ਸ਼ਰਾਬ ਪੀਣ ਨਾਲ਼ ਦੇਸ਼ ਦੀ ਉਸਾਰੀ ‘ਤੇ ਕੀ ਪ੍ਰਭਾਵ ਪੈਂਦਾ ਹੈ। ਖੇਤਾਂ, ਕਾਰਖਾਨਿਆਂ ਅਤੇ ਖਾਣਾ ਵਿੱਚ ਕੰਮ ਕਰਨ ਵਾਲ਼ਿਆਂ ਨੂੰ ਦੱਸਿਆ ਗਿਆ ਕਿ ਸ਼ਰਾਬ

ਪੀਣ ਨਾਲ਼ ਉਹਨਾਂ ਦੇ ਕੰਮ ‘ਤੇ ਕੀ ਪ੍ਰਭਾਵ ਪੈਂਦਾ ਹੈ। ਲੋਕਾਂ ਨੂੰ ਸ਼ਰਾਬ ਛੱਡਣ ਲਈ ਨਾ ਤਾਂ ਕੋਈ ਨੈਤਿਕ ਉਪਦੇਸ਼ ਦਿੱਤੇ ਗਏ ਅਤੇ ਨਾ ਹੀ ਸ਼ਾਰਾਬ ਪੀਣ ਵਾਲ਼ਿਆਂ ਨੂੰ ਪਾਪੀ ਦੇ ਰੂਪ ਵਿੱਚ ਦੇਖਿਆ ਗਿਆ। ਹਾਂ, ਉਹਨਾਂ ਨੂੰ ਸਮਾਜ ਨੂੰ ਨੁਕਸਾਨ ਪਹੁੰਚਾਉਣ ਵਾਲ਼ਿਆਂ ਦੇ ਰੂਪ ਵਿੱਚ ਜ਼ਰੂਰ ਪੇਸ਼ ਕੀਤਾ ਜਾਂਦਾ ਸੀ।

ਸਮਾਜਿਕ ਦਬਾਅ : ਰੂਸ ਵਿੱਚ ਅਜਿਹੇ ਪਿਆਕੜ ਵੀ ਸਨ ਜਿਹਨਾਂ ਨੇ ਵੋਦਕਾ ਦੀ 9 ਆਨੇ ਦੀ ਬੋਤਲ ਲਈ ਸ਼ਰਾਬਖੋਰੀ ਵਿਰੁੱਧ ਪ੍ਰਚਾਰ ਤੋਂ ਕੰਨ ਬੰਦ ਕੀਤੇ ਹੋਏ ਸਨ। ਇਹਨਾਂ ਪਿਆਕੜਾਂ ਲਈ ਸੋਵੀਅਤ ਅਧਿਕਾਰੀਆਂ ਨੇ ਵੱਖਰਾ ਤਰੀਕਾ ਅਪਣਾਇਆ। ਇਹ ਤਰੀਕ ਸੀ ਸਮਾਜਿਕ ਦਬਾਅ ਦਾ। ਜਿਹਨਾਂ ਥਾਂਵਾ ‘ਤੇ ਸ਼ਰਾਬਖੋਰੀ ਦੀ ਸਮੱਸਿਆ ਗੰਭੀਰ ਸੀ ਉਹਨਾਂ ਥਾਂਵਾ ‘ਤੇ ਸ਼ਰਾਬ-ਵਿਰੋਧੀ ਕੇਂਦਰ ਕਾਇਮ ਕੀਤੇ ਗਏ। ਜਦ ਵੀ ਕੋਈ ਅਜਿਹਾ ਪਿਆਕੜ ਮਿਲ਼ਦਾ ਤਾਂ ਉਸ ਨੂੰ ਇਸ ਕੇਂਦਰ ਵਿੱਚ ਪਹੁੰਚਾਇਆ ਜਾਂਦਾ। ਚੰਗੀ ਤਰ੍ਹਾਂ ਨੁਹਾ ਕੇ ਕੁਝ ਦਿਨ ਤੱਕ ਉਸ ਦੀ ਦੇਖ ਭਾਲ਼ ਕੀਤੀ ਜਾਂਦੀ ਅਤੇ ਫਿਰ ਉਸ ਦਾ ਨਾਮ ਪਤਾ ਅਤੇ ਕੰਮ ਦੀ ਜਗ੍ਹਾ ਬਾਰੇ ਜਾਣਕਾਰੀ ਲੈਣ ਤੋਂ ਬਾਅਦ ਛੱਡ ਦਿੱਤਾ ਜਾਂਦਾ। ਫਿਰ ਜਿੱਥੇ ਉਹ ਕੰਮ ਕਰਦਾ ਹੁੰਦਾ ਉੱਥੇ ਦੀ ਮਜ਼ਦੂਰ ਸਭਾ ਨੂੰ ਉਸ ਦੀ ਪੂਰੀ ਰਿਪੋਰਟ ਭੇਜ ਦਿੱਤੀ ਜਾਂਦੀ। ਅਜਿਹੇ ਲੋਕਾਂ ਨਾਲ਼ ਨਿੱਬੜਬਨ ਲਈ ਖਾਸ ਕਮੇਟੀਆਂ ਬਣਾਈਆਂ ਹੋਈਆਂ ਸਨ। ਜਦ ਉਹ ਸ਼ਰਾਬੀ ਦੁਬਾਰਾ ਕੰਮ ‘ਤੇ ਪਹੁੰਚਦਾ ਤਾਂ ਉਸ ਨੂੰ ਸਵਾਗਤ ਕਰ ਰਹੇ ਕਮੇਟੀ ਦੇ ਲੋਕ ਮਿਲ਼ਦੇ ਜਿਹਨਾਂ ਕੋਲ਼ ਸ਼ਰਾਬ ਦੀ ਬੋਤਲ ਨਾਲ਼ ਉਸ ਸ਼ਰਾਬੀ ਦਾ ਵਿਅੰਗ ਚਿੱਤਰ ਹੁੰਦਾ। ਸ਼ਰਾਬੀ ਜੇ ਦੁਬਾਰਾ ਆਪਣੀ ਹਰਕਤ ਦੁਹਰਾਉਂਦਾ ਤਾਂ ਉਸ ਦੀ ਹੋਰ ਵੀ ਬੇਇੱਜ਼ਤੀ ਕੀਤੀ ਜਾਂਦੀ। ਕੁਝ ਜ਼ਿਆਦਾ ਹੀ ਢੀਠ ਸ਼ਰਾਬੀਆਂ ਵਿਰੁੱਧ ਸਖਤ ਅਨੁਸ਼ਾਸਨ ਵੀ ਲਗਾਇਆ ਜਾਂਦਾ।

ਇਹ ਤਰੀਕਾ ਬਹੁਤ ਕਾਰਗਰ ਸਿੱਧ ਹੋਇਆ ਕਿਉਂਕਿ ਹੁਣ ਸ਼ਰਾਬੀਆਂ ‘ਤੇ ਪੂਰਾ ਸਮਾਜਿਕ ਦਬਾਅ ਸੀ। ਉਹਨਾਂ ਨੂੰ ਡਰ ਸੀ ਕਿ ਲੋਕ ਉਸ ਨੂੰ ਦੇਸ਼ ਦੀ ਉੱਨਤੀ ਦੇ ਰਾਹ ਵਿਚ ਰੋੜਾ ਕਹਿਣਗੇ।

**ਖਾਣ-ਪੀਣ ਦੀਆਂ ਥਾਵਾਂ ‘ਤੇ ਸ਼ਰਾਬ:** ਸੋਵੀਅਤ ਮਨੋਵਿਗਿਆਨੀਆਂ ਦੁਆਰਾ ਸੁਝਾਏ ਗਏ ਢੰਗ ਦੇ ਅਧਾਰ ‘ਤੇ ਖਾਣ-ਪੀਣ ਵਾਲ਼ੀਆਂ ਥਾਂਵਾ ਵਿਚ ਸ਼ਰਾਬ ਦੀ ਵਰਤੋਂ ਵਧਾਉਣ ਲਈ ਇੱਕ ਲਹਿਰ ਚਲਾਈ ਗਈ। ਵੇਖਣ ਨੂੰ ਇਹ ਸ਼ਰਾਬ ਨੂੰ ਹੱਲਾਸ਼ੇਰੀ ਦੇਣ ਵਾਲ਼ਾ ਕਦਮ ਲੱਗਦਾ ਹੈ ਪਰ ਇਸ ਪਿੱਛੇ ਵਿਗਿਆਨਕ ਕਾਰਨ ਸਨ। ਇੱਕ ਇਹ ਕਿ ਲੋਕ ਉਹਨਾਂ ਸ਼ਰਾਬ ਦੇ ਅੱਡਿਆਂ ‘ਤੇ ਸ਼ਰਾਬ ਪੀਣਾ ਛੱਡਣ ਜਿੱਥੇ ਸਿਰਫ ਸ਼ਰਾਬ ਹੀ ਮਿਲ਼ਦੀ ਸੀ, ਕਿਉਂਕਿ ਇਕੱਲੀ ਸ਼ਰਾਬ ਪੀਣਾ ਹਾਨੀਕਾਰਕ ਹੁੰਦਾ ਹੈ। ਦੂਸਰਾ ਪੁਰਾਣੇ ਤਜਰਬਿਆਂ ਤੋਂ ਇਹ ਸਾਬਿਤ ਹੋ ਚੁੱਕਾ ਸੀ ਕਿ ਲੋਕ ਗਰੀਬੀ ਕਾਰਨ ਹੀ ਸ਼ਰਾਬ ਵੱਲ ਭੱਜਦੇ ਸਨ। ਉਹਨਾਂ



ਨੂੰ ਸ਼ਰਾਬ ਅਤੇ ਖਾਣੇ ਵਿੱਚੋਂ ਕਿਸੇ ਇੱਕ ਨੂੰ ਚੁਣਨਾ ਪੈਂਦਾ ਸੀ ਤੇ ਉਹ ਅਕਸਰ ਸ਼ਰਾਬ ਨੂੰ ਪਹਿਲ ਦਿੰਦੇ ਸਨ।

ਸੋਵੀਅਤ ਸਰਕਾਰ ਦੁਆਰਾ ਬਣਾਏ ਗਏ ਨਵੇਂ ਕਨੂੰਨ ਦੇ ਤਹਿਤ ਸ਼ਰਾਬ ਸਿਰਫ ਅਜਿਹੇ ਖਾਣ ਪੀਣ ਘਰਾਂ ਵਿੱਚ ਹੀ ਮਿਲ਼ਦੀ ਸੀ ਜਿੱਥੇ ਪਰਿਵਾਰ ਭੋਜਨ ਕਰਦੇ ਸਨ ਅਤੇ ਪੂਰਾ ਘਰੇਲੂ ਵਾਤਾਵਰਣ ਹੁੰਦਾ ਸੀ। ਇਸ ਨਾਲ਼ ਲੋਕਾਂ ਦੇ ਵਿਹਾਰ ਅਤੇ ਆਦਤਾਂ ਵਿੱਚ ਸੁਧਾਰ ਹੋਇਆ। ਲੋਕ ਹੁਣ ਸ਼ਰਾਬ ਘੱਟ ਪੀਂਦੇ ਸਨ ਕਿਉਕਿ ਨਾਲ਼ ਖਾਣਾ ਵੀ ਖਾਣਾ ਹੁੰਦਾ ਸੀ। ਇਸ ਤਰੀਕੇ ਨਾਲ਼ ਸੋਵੀਅਤ ਰੂਸ ਵਿਚ ਸ਼ਰਾਬਖੋਰੀ ਕਾਫੀ ਤੇਜ਼ੀ ਨਾਲ ਘਟੀ।

**ਸੋਵੀਅਤ ਰੂਸ ਦੀ ਨਸ਼ਾਖੋਰੀ ਵਿਰੋਧੀ ਲਹਿਰ ਤੋਂ 20 ਸਾਲ ਬਾਅਦ ਦੇ ਹਾਲਾਤ-** ਡਾਇਸਨ ਕਾਰਟਰ ਅਤੇ ਉਸ ਦੀ ਪਤਨੀ ਸੋਵੀਅਤ ਰੂਸ ਵਿੱਚ ਸ਼ਰਾਬਖੋਰੀ ਸਬੰਧੀ ਤੱਥਾਂ ਦਾ ਅਧਿਐਨ ਕਰਨ ਗਏ ਤਾਂ ਉਹਨਾਂ ਨੇ ਸ਼ਰਾਬਖੋਰੀ ਵਿਰੁੱਧ ਲਹਿਰ ਤੋਂ ਬਾਅਦ ਦੀਆਂ ਹਾਲਤਾਂ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ-

“ਅਸੀ ਦੇਖਿਆ ਕਿ ਮਹਿਮਾਨ ਦਾ ਸਵਾਗਤ ਕਰਨ ਲਈ ਆਮ ਤੌਰ ‘ਤੇ ਜਿਹੜੇ ਲੋਕ ਖੜੇ ਹੁੰਦੇ ਉਹ ਪਾਣੀ ਦਾ ਗਿਲਾਸ ਜਾਂ ਫਲ਼ਾਂ ਦੇ ਰਸ ਦਾ ਗਿਲਾਸ ਹੱਥ ਵਿਚ ਲੈ ਲੈਂਦੇ। ਬਾਅਦ ਵਿਚ ਜਦੋਂ ਖਾਣਾ ਪਰੋਸਣ ਵਾਲ਼ੇ ਵੱਖ-ਵੱਖ ਕਿਸਮ ਦੇ ਪਾਣੀ ਵਾਲ਼ੇ ਪਦਾਰਥ ਲਿਆਉਂਦੇ ਤਾਂ ਲੋਕ ਸਾਫ਼ ਇਸ਼ਾਰਾ ਕਰ ਦਿੰਦੇ ਕਿ ਉਹ ਜਾਂ ਤਾਂ ਬੀਅਰ ਜਾਂ ਹਲਕੀ ਕਿਸਮ ਦੀ ਸ਼ਰਾਬ ਪੀਣਗੇ। ਅਸੀਂ ਖਾਣ-ਪੀਣ ਘਰਾਂ ਅਤੇ ਛੋਟੇ-ਵੱਡੇ ਹੋਟਲਾਂ ਵਿਚ ਭੋਜਨ ਕੀਤਾ। ਇਹਨਾਂ ਵਿੱਚੋਂ ਲਗਭਗ ਅੱਧਿਆ ਵਿਚ ਸ਼ਰਾਬ ਪੇਸ਼ ਕੀਤੀ ਗਈ। ਅਸੀਂ ਤਰ੍ਹਾਂ-ਤਰ੍ਹਾਂ ਦੇ ਹਜ਼ਾਰਾਂ ਸੋਵੀਅਤ ਨਾਗਰਿਕਾਂ ਨੂੰ ਖਾਂਦੇ ਪੀਂਦੇ ਦੇਖਿਆ। ਪਰ, ਇੱਕ ਵਾਰ ਵੀ ਅਸੀਂ ਖਾਣਾ ਖਾਂਦੇ ਵੇਲ਼ੇ ਜਾਂ ਸੜਕਾਂ ‘ਤੇ ਚੱਲਦੇ ਵੇਲ਼ੇ ਕਿਸੇ ਵਿਅਕਤੀ ਨੂੰ ਨਸ਼ੇ ਵਿੱਚ ਝੂਲਦੇ ਨਹੀਂ ਦੇਖਿਆ।

ਵੀਹ ਤੀਹ ਸਾਲ ਦੀ ਉਮਰ ਦੇ ਜ਼ਿਆਦਾਤਰ ਲੋਕ ਉੱਥੇ ਕਿਸੇ ਖਾਸ ਮੌਕੇ ‘ਤੇ ਹੀ ਸ਼ਰਾਬ ਪੀਂਦੇ ਹਨ। ਬਹੁਤ ਸਾਰੇ ਤਾਂ ਕਦੇ ਅਲਕੋਹਲ ਨੂੰ ਛੂੰਹਦੇ ਵੀ ਨਹੀਂ।

ਚੀਨ ਨੇ ਨਸ਼ਾਖੋਰੀ ਦਾ ਖਾਤਮਾ ਕਿਵੇਂ ਕੀਤਾ ?

ਸੰਨ 1949 ਦੇ ਇਨਕਲਾਬ ਤੋਂ ਪਹਿਲਾਂ ਚੀਨ ਦੇ ਲੋਕ ਗਰੀਬੀ ਬਦਹਾਲੀ ਵਿਚ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਸਨ। ਮੁੱਠੀਭਰ ਜਗੀਰਦਾਰਾਂ, ਜੰਗੀ ਸਰਦਾਰਾਂ ਅਤੇ ਬਸਤੀਵਾਦੀਆਂ ਦੁਆਰਾ ਚੀਨ ਦੇ ਲੋਕਾਂ ਨੂੰ ਬੁਰੀ ਤਰ੍ਹਾਂ ਲੁੱਟਿਆ ਜਾਂਦਾ ਸੀ। ਇਨਕਲਾਬ ਤੋਂ ਪਹਿਲਾਂ ਨਸ਼ਾਖੋਰੀ ਦੀ ਹਾਲਤ ਇਹ ਸੀ ਕਿ 7 ਕਰੋੜ ਲੋਕ ਅਫੀਮ, ਮੌਰਫਿਨ ਅਤੇ ਹੈਰੋਇਨ ਦੇ ਆਦੀ ਸਨ। ਭੁੱਖੇ ਗਰੀਬ ਲੋਕ ਆਪਣੇ ਦੁੱਖ ਤਕਲੀਫਾਂ ਤੋਂ ਨਿਜ਼ਾਤ ਪਾਉਣ ਲਈ ਅਫੀਮ ਦਾ ਸਹਾਰਾ ਲੈਂਦੇ ਸਨ। ਦੂਜੇ ਪਾਸੇ ਅਮੀਰ ਅਤੇ ਵਿਹਲੇ ਜਗੀਰਦਾਰ ਆਪਣਾ ਖਾਲੀ ਸਮਾਂ ਬਿਤਾਉਣ ਲਈ ਨਸ਼ਾ ਕਰਦੇ ਸਨ। ਹਾਲਤ ਇਹ ਸੀ ਕਿ ਨਸ਼ੇ ਦੀਆਂ ਛੋਟੀਆਂ-ਛੋਟੀਆਂ ਬੋਤਲਾਂ ਭਰ ਕੇ ਸ਼ਹਿਰ ਵਿਚ ਹਰ ਨੁੱਕਰ ‘ਤੇ ਆਈਸ ਕਰੀਮ ਦੀ ਤਰ੍ਹਾਂ ਵੇਚੀਆਂ ਜਾਂਦੀਆਂ ਸਨ। ਇਸ ਸਭ ਦਾ ਨਤੀਜਾ ਇਹ ਸੀ ਕਿ ਲੋਕ ਨਸ਼ੇ ਖਾਤਰ ਆਪਣੇ ਬੱਚਿਆਂ ਤਕ ਨੂੰ ਵੇਚ ਰਹੇ ਸਨ, ਔਰਤਾਂ ਨੂੰ ਵੇਸਵਾਗਮਨੀ ਲਈ ਮਜ਼ਬੂਰ ਕੀਤਾ ਜਾਂਦਾ ਸੀ।

**ਚੀਨ ਵਿਚ ਨਸ਼ਾਖੋਰੀ ਕਿਵੇਂ ਸ਼ੁਰੂ ਹੋਈ-** ਚੀਨ ਉੱਪਰ ਨਸ਼ਾ ਯੂਰਪ ਅਤੇ ਅਮਰੀਕਾ ਦੇ ਬਸਤੀਵਾਦੀਆਂ ਦੁਆਰਾ ਥੋਪਿਆ ਗਿਆ ਸੀ। ਬਰਤਾਨੀਆਂ ਦੀ ਸਰਕਾਰ ਦੁਆਰਾ ਤਾਂ ਚੀਨ ਨੂੰ ਅਫੀਮ ਦੀ ਬਰਾਮਦ ਜਬਰਨ ਕਬੂਲਣ ਅਤੇ ਚੀਨ ਵਿਚ ਅਫੀਮ ਨੂੰ ਕਾਨੂੰਨੀ ਕਰਨ ਲਈ ਸੰਨ 1839 ਵਿੱਚ ਜੰਗ ਵੀ ਥੋਪੀ ਗਈ ਜਿਸ ਨੂੰ ਪ੍ਰਸਿੱਧ ਅਫੀਮ ਜੰਗ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਬਰਤਾਨੀਆ ਵੱਲੋਂ ਵੱਡੇ ਪੱਧਰ ‘ਤੇ ਚੀਨ ਵਿਚ ਅਫੀਮ ਦੀ ਬਰਾਮਦ ਕੀਤੀ ਗਈ ਤਾਂ ਜੋ ਚੀਨ ਵਿੱਚੋਂ ਸਰਮਾਇਆ ਬਾਹਰ ਕੱਢਿਆ ਜਾ ਸਕੇ। ਚੀਨ ਦੇ ਲੋਕਾਂ ਨੂੰ ਅਫੀਮ ਦੇ ਆਦੀ ਬਣਾਇਆ ਗਿਆ ਤਾਂ ਜੋ ਅਫੀਮ ਤੋਂ ਪੈਦਾ ਹੋਏ ਮੁਨਾਫੇ ਨੂੰ ਦੁਬਾਰਾ ਚੀਨ ਦੇ ਲੋਕਾਂ ਨੂੰ ਗੁਲਾਮ ਕਰਨ ਲਈ ਇਸਤੇਮਾਲ ਕੀਤਾ ਜਾਵੇ। ਇਹ ਉਸ ਤਰ੍ਹਾਂ ਹੀ ਸੀ ਜਿਵੇਂ ਅਮਰੀਕਾ ਵਿਚ ਰਾਸ਼ਟਰਪਤੀ ਰੀਗਨ ਕਾਲ ਦੌਰਾਨ ਸੀਆਈਏ ਦੁਆਰਾ ਕਈ ਟਨ ਕੋਕੀਨ ਅਮਰੀਕਾ ਵਿੱਚ ਲਿਆਂਦੀ ਗਈ। ਅਮਰੀਕਾ ਦੀ ਗਰੀਬ ਬੇਰੁਜ਼ਗਾਰ ਅਬਾਦੀ, ਜਿਸ ਲਈ ਜਿਊਂਦੇ ਰਹਿਣ ਅਤੇ ਲੋੜਾਂ ਪੂਰੀਆਂ ਕਰਨ ਲਈ ਕੋਈ ਰਸਤਾ ਨਹੀ ਬਚਿਆ ਸੀ, ਕੋਕੀਨ ਦੇ ਹੜ੍ਹ ਵਿਚ ਵਹਿ ਤੁਰੇ। ਬਾਅਦ ਵਿਚ ਅਮਰੀਕੀ ਸਰਕਾਰ ਨੇ ਨਸ਼ੇ ਵਿਰੁੱਧ ਜੰਗ ਦੇ ਨਾਮ ‘ਤੇ ਇਹਨਾਂ ਲੋਕਾਂ, ਖਾਸ ਤੌਰ ‘ਤੇ ਕਾਲ਼ੇ ਲੋਕਾਂ ‘ਤੇ ਤਸ਼ੱਦਦ ਦਾ ਕਹਿਰ ਢਾਹੁਣਾ ਸ਼ੁਰੂ ਕਰ ਦਿੱਤਾ ਜਿਸ ਨੂੰ ਕਰੈਕ ਕੋਕੀਨ ਮਹਾਂਮਾਰੀਵੀ ਕਿਹਾ ਜਾਂਦਾ ਹੈ। ਦੂਸਰੇ ਪਾਸੇ ਅਮਰੀਕੀ ਸਰਕਾਰ ਕੋਕੀਨ ਤੋਂ ਹੋ ਰਹੇ ਮੁਨਾਫੇ ਨੂੰ ਨਿਕਾਰਾਗੁਆ ਦੀ ਕਮਿਊਨਿਸਟ ਸਰਕਾਰ ਵਿਰੁੱਧ ਗੁਪਤ ਜੰਗ ਨੂੰ ਆਰਥਿਕ ਮਦਦ ਦੇਣ ਲਈ ਇਸਤੇਮਾਲ ਕਰ ਰਹੀ ਸੀ।

ਉੱਪਰ ਦਿੱਤੇ ਤੱਥਾਂ ਤੋਂ ਇਹ ਸੱਚ ਵੀ ਦਿਨ ਦੇ ਵਾਂਗ ਸਾਫ ਹੈ ਕਿ ਮੌਜੂਦਾ ਢਾਂਚਾ ਨਸ਼ਾਖੋਰੀ ਨੂੰ ਖਤਮ ਨਹੀ ਕਰ ਸਕਦਾ।

**ਚੀਨ ਵਿਚ ਨਸ਼ਾਖੋਰੀ ਵਿਰੁੱਧ ਲਹਿਰ-** ਚੀਨ ਵਿਚ ਨਸ਼ੇ ਦੀ ਪੈਦਾਵਾਰ, ਵਿੱਕਰੀ ਅਤੇ ਵਰਤੋਂ ਰੋਕਣ ਲਈ ਲੋਕ ਸ਼ਮੂਲੀਅਤ ਦਾ ਤਰੀਕਾ ਅਪਣਾਇਆ ਗਿਆ। ਨਸ਼ੇ ਦੇ ਆਦੀ ਲੋਕਾਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਆ ਗਿਆ ਨਸ਼ਾ ਛੱਡ ਚੁੱਕੇ ਲੋਕਾਂ, ਉਹਨਾਂ ਦੇ ਪਰਿਵਾਰ ਵਾਲ਼ਿਆਂ, ਸਕੂਲ ਦੇ ਬੱਚਿਆਂ ਅਤੇ ਅਖ਼ਬਾਰ, ਰੇਡਿਓ ਇਹਨਾਂ ਸਭ ਨੂੰ ਨਸ਼ਾ-ਵਿਰੋਧੀ ਲਹਿਰ ਲਈ ਲਾਮਬੰਦ ਕੀਤਾ ਗਿਆ।

ਦੂਜੇ ਪਾਸੇ ਇਨਕਲਾਬੀਆਂ ਦੁਆਰਾ ਲੋਕਾਂ ਨੂੰ ਨਸ਼ੇ ਦਾ ਵਪਾਰ ਖਤਮ ਕਰਨ ਲਈ ਜਥੇਬੰਦ ਕੀਤਾ ਗਿਆ ਤਾਂ ਜੋ ਇਸ ਦੀ ਪੂਰਤੀ ਘਟਾਈ ਜਾ ਸਕੇ। ਨਸ਼ੇ ਦੀ ਪੂਰਤੀ ਘਟਣ ਨਾਲ ਇਸ ਦੇ ਆਦੀ ਲੋਕਾਂ ਲਈ ਹਮੇਸ਼ਾ ਨਸ਼ੇ ਵਿਚ ਰਹਿਣਾ ਮੁਸ਼ਕਿਲ ਹੋ ਗਿਆ। ਨਸ਼ਾਖੋਰੀ ਖਿਲਾਫ ਚੱਲੀ ਇਹ ਲਹਿਰ ਜਿਸ ਵਿਚ ਹਰ ਤਬਕੇ ਦੇ ਲੋਕਾਂ ਦੀ ਸਰਗਰਮ ਭੂਮਿਕਾ ਸੀ। ਉਹ ਪੁਰਾਣੇ ਢਾਂਚੇ ਦੁਆਰਾ ਪੈਦਾ ਕੀਤੀ ਗਈ ਅਲਾਮਤ ਨੂੰ ਜੜ੍ਹ ਤੋਂ ਪੁੱਟਣ ਲਈ ਇਕਜੁੱਟ ਹੋ ਗਏ ਸਨ । ਨਸ਼ਾਖੋਰੀ ਖਿਲਾਫ ਇਸ ਸੰਘਰਸ਼ ਨੇ ਇੱਕ ਜਨਤਕ ਲਹਿਰ ਦਾ ਰੂਪ ਧਾਰ ਲਿਆ ਸੀ।

ਚੀਨ ਦੀ ਸਰਕਾਰ ਨੇ ਨਸ਼ਾਖੋਰੀ ਨਾਲ਼ ਨਜਿੱਠਣ ਲਈ ਦੋ ਤਰ੍ਹਾਂ ਦੀ ਨੀਤੀ ਅਪਣਾਈ : ਲੋਕਾਂ ਨੂੰ ਦੱਸਿਆ ਗਿਆ ਕਿ ਨਸ਼ੇ ਦੇ ਆਦੀ ਪੁਰਾਣੇ ਲੁੱਟ ਅਧਾਰਤ ਢਾਂਚੇ ਦੇ ਸ਼ਿਕਾਰ ਹਨ, ਇਸ ਲਈ ਉਹਨਾਂ ਦੀ ਨਸ਼ੇ ਦੇ ਜਾਲ਼ ਵਿੱਚੋਂ ਨਿਕਲਣ ਲਈ ਮਦਦ ਕੀਤੀ ਜਾਵੇ। ਨਸ਼ਾ ਵੇਚਣ ਦੇ ਧੰਦੇ ਵਿੱਚ ਲੱਗੇ ਗਰੀਬ ਲੋਕਾਂ ਨੂੰ ਵੀ ਇਸ ਵਪਾਰ ਵਿੱਚੋਂ ਨਿਕਲਣ ਲਈ ਬਿਹਤਰ ਬਦਲ ਦਿੱਤਾ ਗਿਆ ਅਤੇ ਨਸ਼ਾ-ਵਿਰੋਧੀ ਲਹਿਰ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਆ ਗਿਆ। ਕਿਸੇ ਵੀ ਵਿਅਕਤੀ ਨਾਲ਼ ਨਸ਼ਾ ਛੁਡਾਉਣ ਲਈ ਨਾ ਜ਼ਬਰਦਸਤੀ ਕੀਤੀ ਗਈ ਅਤੇ ਨਾ ਸਜ਼ਾ ਦਿੱਤੀ ਗਈ। ਲੋਕਾਂ ਨੂੰ ਨਸ਼ਾ ਛੱਡਣ ਲਈ ਪੂਰਾ ਸਮਾਂ ਦਿੱਤਾ। ਨਸ਼ਾ ਛੱਡਣ ਲਈ ਉਸ ਨੂੰ ਪਰਿਵਾਰ ਦੇ ਨਾਲ਼-ਨਾਲ਼ ਪੂਰੇ ਸਮੂਹ ਦਾ ਸਹਿਯੋਗ ਮਿਲਦਾ ਸੀ।

ਨਸ਼ਾ ਵੇਚਣ ਵਾਲ਼ੇ ਵੱਡੇ ਵਪਾਰੀਆਂ, ਜੋ ਲੋਕਾਂ ਦੇ ਦੁੱਖ ਤਕਲੀਫਾਂ ਤੋਂ ਮੁਨਾਫਾ ਕਮਾ-ਕਮਾ ਅਮੀਰ ਬਣ ਰਹੇ ਸਨ, ਵੱਲ ਇਨਕਲਾਬੀਆਂ ਦੁਆਰਾ ਵੱਖਰੀ ਨੀਤੀ ਅਪਣਾਈ ਗਈ। ਉਹਨਾਂ ਨੂੰ ਲੋਕਾਂ ਦੇ ਦੁਸ਼ਮਣ ਦੀ ਸੂਚੀ ਵਿੱਚ ਰੱਖਿਆ ਗਿਆ। ਉਹਨਾਂ ਨੂੰ ਹਜ਼ਾਰਾ ਲੋਕਾਂ ਦੇ ਸਾਹਮਣੇ ਪੇਸ਼ ਕੀਤੀ ਗਿਆ ਜਿਹਨਾਂ ਲੋਕਾਂ ਦੀ ਜ਼ਿੰਦਗੀ ਅਜਿਹੇ ਲੋਕਾਂ ਨੇ ਤਬਾਹ ਕੀਤੀ ਸੀ। ਜ਼ਿਆਦਾਤਰ ਅਪਰਾਧੀਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਅਤੇ ਕੁਝ ਅਜਿਹੇ ਅਪਰਾਧੀ ਜਿਹਨਾਂ ਦੇ ਅਪਰਾਧ ਨਾ-ਬਖਸ਼ਣਯੋਗ ਸਨ, ਨੂੰ ਮੌਤ ਦੀ ਸਜ਼ਾ ਦਿੱਤੀ ਗਈ।

ਸੰਨ 1951 ਆਉਂਦੇ-ਆਉਂਦੇ ਉੱਤਰੀ ਚੀਨ ਵਿਚ ਨਸ਼ਾਖੋਰੀ ਪੂਰੀ ਤਰ੍ਹਾਂ ਖਤਮ ਕਰ ਦਿੱਤੀ ਗਈ। ਦੱਖਣੀ ਚੀਨ ਵਿੱਚ ਇਸ ‘ਤੇ ਕਾਬੂ ਪਾਉਣ ਵਿਚ ਲਗਭਗ ਇੱਕ ਜਾਂ ਦੋ ਸਾਲ ਦਾ ਸਮਾਂ ਹੋਰ ਲੱਗਾ।

ਸੰਨ 1953 ਵਿਚ ਰੂਸ ਵਿਚ ਸਟਾਲਿਨ ਅਤੇ ਸੰਨ 1976 ਵਿਚ ਚੀਨ ਵਿਚ ਮਾਓ ਦੀ ਮੌਤ ਤੋਂ ਬਾਅਤ ਸਰਮਾਏਦਾਰੀ ਦੀ ਮੁੜ ਬਹਾਲੀ ਹੋ ਗਈ। ਲੁੱਟ ਅਧਾਰਿਤ ਢਾਂਚਾ ਫਿਰ ਤੋਂ ਕਾਇਮ ਹੋ ਗਿਆ। ਇਸ ਦੇ ਨਾਲ਼ ਹੀ ਇਹ ਢਾਂਚਾ ਨਸ਼ਾਖੋਰੀ ਵਰਗੀਆਂ ਆਪਣੀਆਂ ਪੁਰਾਣੀਆਂ ਅਲਾਮਤਾਂ ਨੂੰ ਵੀ ਲੈ ਆਇਆ। ਪਰ ਰੂਸ ਅਤੇ ਚੀਨ ਦੇ ਸਮਾਜਵਾਦੀ ਦੌਰ ਦੇ ਤਜਰਬੇ ਨੇ ਇਹ ਸਾਬਤ ਕੀਤਾ ਕਿ ਜੇਕਰ ਮੁਨਾਫੇ ‘ਤੇ ਟਿਕੇ ਢਾਂਚੇ ਨੂੰ ਖਤਮ ਕਰਕੇ ਇਨਕਲਾਬੀ ਢਾਂਚਾ ਖੜ੍ਹਾ ਕੀਤਾ ਜਾਵੇ, ਜਿਸ ਦੇ ਕੇਂਦਰ ਵਿਚ ਮਨੁੱਖ ਹੋਵੇ ਨਾ ਕਿ ਮੁਨਾਫਾ ਤਾਂ ਲੋਕ ਦੀ ਤਾਕਤ ਨੂੰ ਆਰਥਿਕ ਬੁਲੰਦੀਆਂ ਛੂੰਹਦੇ ਹੋਏ ਇੱਕ ਸਿਹਤਮੰਦ ਸਮਾਜ ਸਿਰਜਣ ਵੱਲ ਸੇਧਿਆ ਜਾ ਸਕਦਾ ਹੈ।

---

# ਪੰਜਾਬੀਆਂ ਲਈ ਸਾਦਗੀ ਵੱਲ ਪਰਤਣ ਦਾ ਸਮਾਂ

**ਡਾ. ਸਰਬਜੀਤ ਸਿੰਘ**
(ਪ੍ਰੋਫੈਸਰ, ਪੀਏਯੂ, ਲੁਧਿਆਣਾ)



ਸਮਾਜਿਕ ਬੁਰਾਈਆਂ ਦੀ ਸੂਚੀ ਬਹੁਤ ਲੰਮੀ ਹੈ। ਨਤੀਜਾ ਇਹ ਹੈ ਕਿ ਪੈਸੇ ਦੀ ਬਰਬਾਦੀ ਹੋ ਰਹੀ ਹੈ ਤੇ ਖ਼ਪਤਕਾਰੀ ਸੱਭਿਆਚਾਰ ਵਧ ਰਿਹਾ ਹੈ। ਲੋਕਾਂ ਦਾ ਬੱਚਤ ਖਾਤਾ ਘੱਟ ਰਿਹਾ ਹੈ ਤੇ ਬਹੁਤੇ ਤਾਂ ਕਰਜ਼ਾਈ ਵੀ ਹੋਈ ਜਾ ਰਹੇ ਹਨ। ਚਾਦਰ ਵੇਖ ਕੇ ਪੈਰ ਪਸਾਰਨ ਦੀ ਗੱਲ ਵਿਸਰ ਚੁੱਕੀ ਹੈ। ਅਮੀਰਾਂ ਦੀ ਨਕਲ ਕਰਦਿਆਂ ਮੱਧ ਵਰਗ ਆਪਣਾ ਝੁੱਗਾ ਚੌੜ ਕਰੀ ਜਾ ਰਿਹਾ ਹੈ। ਵਿਆਹਾਂ ‘ਤੇ ਫਜ਼ੂਲ ਖ਼ਰਚੀ ਦਾ ਸੱਭ ਤੋਂ ਵਧ ਪ੍ਰਗਟਾਵਾ ਹੁੰਦਾ ਹੈ। ਪੰਜਾਬ ਵਿੱਚ ਤਾਂ ਵਿਆਹ ਹੀ ਨਹੀਂ ਸਗੋਂ ਭੋਗ ਵੀ ਵਿਖਾਵਿਆਂ ਨਾਲ ਭਰਪੂਰ ਹੋ ਗਏ ਹਨ। ਸਾਦੇ ਵਿਆਹ ਦਾ ਮਤਲਬ ਇਹ ਨਹੀਂ ਕਿ ਬਿਲਕੁਲ ਬੇਰੌਣਕਾ ਵਿਆਹ, ਬਲਕਿ ਸਾਦੇ ਵਿਆਹ ਤੋਂ ਭਾਵ ਹੈ ਜਿੱਥੇ ਬੇਲੋੜਾ ਇਕੱਠ ਨਹੀਂ, ਵਾਧੂ ਸਜਾਵਟ ਨਹੀਂ, ਪੈਲੇਸਾਂ ਵਿੱਚ ਪਕਵਾਨਾਂ ਦਾ ਵਿਖਾਵਾ ਨਹੀਂ, ਵਾਧੂ ਸਮਾਗਮ ਨਹੀਂ, ਇੱਕੋ ਵਾਰੀ ਪਾਈ ਜਾਣ ਵਾਲੀ ਮਹਿੰਗੀ ਵਿਆਹ ਵਾਲੀ ਪੋਸ਼ਾਕ ਨਹੀਂ। ਸੰਖੇਪ ਵਿੱਚ ਜੇ ਕਹਿਣਾ ਹੋਵੇ ਤਾਂ ਸਾਦਾ ਵਿਆਹ ਹੈ ਘੱਟ ਸਮਾਗਮ, ਘੱਟ ਮਹਿਮਾਨ, ਘੱਟ ਪਕਵਾਨ, ਕੋਈ ਵਿਖਾਵਾ ਨਹੀਂ, ਪਰ ਵਧ ਹਾਸਾ-ਠੱਠਾ, ਵਧ ਦਾਨ ਤੇ ਵਧ ਮਾਣ।

ਪਿਛਲੇ ਦਿਨੀਂ ਲੁਧਿਆਣਾ ਦੇ ਇੱਕ ਵਿਦੇਸ਼ ਪੜ੍ਹੇ ਨੌਜਵਾਨ ਨੇ ਔਕਸਫੋਰਡ ਯੂਨੀਵਰਸਿਟੀ ਦੀ ਸਕਾਲਰ ਨਾਲ ਵਿਆਹ ਕਰਾਇਆ। ਇਹ ਵਿਆਹ ਮਿਸਾਲ ਹੋ ਨਿਬੜਿਆ। ਦੋਹਾਂ ਪਰਿਵਾਰਾਂ ਨੇ ਕੇਵਲ ਇੱਕ-ਇੱਕ ਸਮਾਗਮ ਹੀ ਕੀਤਾ, ਉਹ ਵੀ ਸਾਂਝਾ। ਦੋਹਾਂ ਸਮਾਗਮਾਂ ‘ਤੇ ਕੋਈ ਬੇਲੋੜੀ ਸਜਾਵਟ ਨਹੀਂ ਸੀ ਤੇ ਯਤਨ ਕੀਤਾ ਗਿਆ ਕਿ ਕੇਵਲ ਪੌਸ਼ਟਿਕ ਖਾਣਾ ਹੀ ਹੋਵੇ। ਜਿਵੇਂ ਕੋਲਡ ਡਰਿੰਕ ਦੀ ਥਾਂ ‘ਤੇ ਲੱਸੀ ਤੇ ਨਿੰਬੂ ਪਾਣੀ ਆਦਿ। ਇੱਕ ਮੁੰਦਰੀ ਤੋਂ ਇਲਾਵਾ ਕੋਈ ਗਹਿਣਾ ਨਹੀਂ ਖ਼ਰੀਦਿਆ। ਲੇਡੀਜ਼ ਸੰਗੀਤ ਭਰਪੂਰ ਆਨੰਦ ਵਾਲਾ ਸਮਾਗਮ ਸੀ, ਪਰ ਕੋਈ ਗਾਇਕ ਜਾਂ ਨੱਚਣ ਵਾਲੇ ਨਹੀਂ ਸਨ ਬੁਲਾਏ। ਸਗੋਂ ਦੋਹਾਂ ਪਰਿਵਾਰਾਂ ਦੇ ਬੱਚੇ ਤੋਂ ਲੈ ਕੇ ਵੱਡੀ ਉਮਰ ਵਾਲਿਆਂ ਨੇ ਆਪੋ ਆਪਣੇ ਗੁਣਾਂ ਦਾ ਪ੍ਰਗਟਾਵਾ ਕੀਤਾ। ਅੰਮ੍ਰਿਤ ਵੇਲੇ 6 ਤੋਂ 8 ਵਜੇ ਤਕ ਅਨੰਦ ਕਾਰਜ ਕੀਤਾ ਗਿਆ। ਨਾਸ਼ਤਾ ਕਰਨ ਤੋਂ ਬਾਅਦ ਦਸ ਵਜੇ ਤਕ ਦੋਵੇਂ ਪਰਿਵਾਰ ਆਪੋ ਆਪਣੇ ਘਰ ਵੀ ਪੁੱਜ ਗਏ ਸਨ। ਹਰ ਰਸਮ ਵਿੱਚ ਸਾਦਗੀ ਤੇ ਆਨੰਦ ਭਰਨ ਦੀ ਕੋਸ਼ਿਸ਼ ਕੀਤੀ ਗਈ।

ਜੇ ਸਮਾਜ ਦੇ ਇਨ੍ਹਾਂ ਪੜ੍ਹੇ ਲਿਖੇ ਨੌਜਵਾਨਾਂ ਦੇ ਦੋਵੇਂ ਪਰਿਵਾਰ ਜੋ ਚੰਗੇ ਸਰਦੇ ਪੁੱਜਦੇ ਹਨ, ਅਜਿਹਾ ਵਿਆਹ ਕਰ ਸਕਦੇ ਹਨ ਤਾਂ ਬਾਕੀ ਸਮਾਜ ਕਿਉਂ ਨਹੀਂ।

**ਬਾਕੀ ਸਫ਼ਾ 32 ’ਤੇ**

# ਜਲ੍ਹਿਆਂਵਾਲੇ ਬਾਗ ਦਾ ਸਾਕਾ

ਡਾ. ਗੁਰੁਮੇਲ ਸਿੱਧੂ

ਭਾਗ ਚੌਥਾ

## ਊਧਮ ਸਿੰਘ ਅਤੇ ਜਲਿਆਂਵਾਲ਼ਾ ਬਾ.ਗ ਦਾ ਕਤਲਾਮ

ਜਲਿਆਂਵਾਲ਼ਾ ਬਾ.ਗ ਦੇ ਕਤਲਾਮ ਤੋਂ ਬਾਅਦ ਇਕ 20 ਸਾਲ ਦਾ ਗੱਭਰੂ ਘਾਇਲ ਹੋਏ ਲੋਕਾਂ ਨੂੰ ਪਾਣੀ ਪਿਲ਼ਾ ਰਿਹਾ ਸੀ। ਇਸ ਮੁੰਡੇ ਦਾ ਨਾਂ ਸੀ ਸ਼ੇਰ ਸਿੰਘ ਅਤੇ ਕੇਂਦਰੀ ਸਿੱਖ ਯਤੀਮਖਾਨੇ ਵਿਚ ਪਲ਼ ਰਿਹਾ ਸੀ। ਸ਼ੇਰ ਸਿੰਘ ਨੂੰ ਪਾਲਣ ਪੋਸਣ ਦੀ ਤੰਗੀ ਕਰਕੇ ਉਸ ਦੇ ਪਿਤਾ, ਚੰਚਲ ਸਿੰਘ, ਨੇ 1907 ਵਿਚ ਯਤੀਮਖਾਨੇ ਛੱਡਿਆ ਸੀ। ਯਤੀਮਖਾਨਾ ਅਪ੍ਰੈਲ 11, 1904 ਵਿਚ ਸਰ ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਭਾਈ ਵੀਰ ਸਿੰਘ ਹੋਰਾਂ ਦੀ ਹਿੰਮਤ ਨਾਲ ਸ਼ੁਰੂ ਹੋਇਆ ਸੀ। ਦੁਰਘਟਨਾ ਤੋਂ ਬਾਅਦ ਸ਼ਹਿਰ ਵਿਚ ਕਰਫਿਊ ਲੱਗਿਆ ਹੋਇਆ ਸੀ, ਮਜੀਠੀਆ ਨੇ ਗੌਰਮਿੰਟ ਤੋਂ ਪਾਸ ਲੈ ਕੇ ਯਤੀਮਖਾਨੇ ਦੇ ਕੁਝ ਬੱਚਿਆਂ ਨੂੰ ਬਾਗ਼ ਵਿਚ ਪਹੁੰਚਾਇਆ ਤਾਂ ਕਿ ਉਹ ਘਾਇਲ ਹੋਏ ਬੰਦਿਆਂ ਨੂੰ ਹਸਪਤਾਲ ਲਿਜਾਣ ਅਤੇ ਮਰੇ ਹੋਇਆਂ ਨੂੰ ਸ਼ਮਸ਼ਾਨ ਘਾਟ ਪਹੁੰਚਾਉਣ ਵਿਚ ਮਦਦ ਕਰਨ। ਊਧਮ ਸਿੰਘ ਇਨ੍ਹਾਂ ਬੱਚਿਆਂ ਦਾ ਮੋਹਰੀ ਸੀ। ਉਸ ਨੇ ਔਰਤਾਂ ਦੇ ਵੈਣ ਅਤੇ ਮਾਸੂਮ ਬੱਚਿਆਂ ਦੀਆਂ ਚੀਕਾਂ ਸੁਣੀਆਂ। ਕਤਲਾਮ ਦੇ ਘਿਨੌਣੇ ਦ੍ਰਿਸ਼ ਦੇਖ ਕੇ ਉਸ ਦਾ ਕਾਲਜਾ ਪੱਛਿਆ ਗਿਆ ਤੇ ਦਿਲ ਵਲੂੰਧਰਿਆ ਗਿਆ। ਇਨ੍ਹਾਂ ਦ੍ਰਿਸ਼ਾਂ 'ਚੋਂ ਤਿੰਨ ਦਾ ਸੰਖੇਪ ਜਿਹਾ ਜ਼ਿਕਰ ਹੇਠ ਦਰਜ ਹੈ।

1. ਇਕ ਨਵ-ਵਿਆਹਿਆ ਜੋੜਾ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਇਆ ਤੇ ਚੌਂਕ ਬਾਬਾ ਅਟੱਲ ਸਾਹਿਬ ਵਿਚ ਠਹਿਰਿਆ। ਜਲਿਆਂਵਾਲ਼ਾ ਬਾਗ ਦੀ ਮੀਟਿੰਗ ਬਾਰੇ ਸੁਣ ਕੇ ਪਤੀ ਉਸ ਵਿਚ ਸ਼ਮਿਲ ਹੋਣ ਗਿਆ। ਜਦ ਉਹ ਨਾ ਮੁੜਿਆ ਤਾਂ ਪਤਨੀ, ਰਤਨਾ ਦੇਵੀ, ਉਸ ਨੂੰ ਭਾਲਣ ਗਈ। ਲਾਸ਼ਾਂ ਦੇ ਢੇਰ ਦੇਖ ਕੇ ਘਬਰਾਈ ਹੋਈ ਪਤਨੀ ਦੀ ਮਦਦ ਲਈ ਊਧਮ ਸਿੰਘ ਉਸ ਕੋਲ਼ ਗਿਆ। ਪਤਨੀ ਦੇ ਹਾੜੇ ਸੁਣ ਕੇ ਉਸ ਨੇ ਉਸ ਦੇ ਪਤੀ ਦੀ ਲਾਸ਼ ਲਾਸ਼ਾਂ ਦੇ ਹੇਠੋਂ ਕੱਢੀ ਤੇ ਪਿੱਠ ਉੱਤੇ ਉਠਾ ਕੇ ਬਾਬਾ ਅਟਲ ਸਾਹਿਬ ਪਹੁੰਚਾ ਦਿੱਤੀ। (Sikander Singh, 1998)।

2. ਨੌਜਵਾਨ ਔਰਤ, ਅਤਰ ਕੌਰ ਦਾ ਪਤੀ ਲੱਕੜਾਂ ਵੇਚਣ ਦਾ ਕੰਮ ਕਰਦਾ ਸੀ। ਉਹ 700 ਰੁਪਏ ਲੈ ਕੇ ਘਰੋਂ ਵਿਉਪਾਰ ਕਰਨ ਨਿਕਲਿਆ। ਜਾਂਦਾ ਹੋਇਆ ਦੱਸ ਗਿਆ ਕਿ ਉਹ ਜਲਿਆਂਵਾਲ਼ਾ ਬਾਗ਼ ਦੀ ਮੀਟਿੰਗ ਵਿਚ ਸ਼ਾਮਿਲ ਹੋਵੇਗਾ। ਜਦ ਉਹ ਘਰ ਨਾ ਮੁੜਿਆ ਤਾਂ ਪਤਨੀ ਨੂੰ ਫਿਕਰ ਲੱਗ ਗਿਆ। ਪਤੀ ਨੂੰ ਭਾਲਣ ਜਲਿਆਂਵਾਲ਼ਾ ਬਾਗ ਗਈ, ਦੇਖਿਆ ਕਿ ਲਾਸ਼ਾਂ ਦੇ ਢੇਰ ਲੱਗੇ ਹੋਏ ਹਨ। ਬੌਂਦਲੀ ਹੋਈ ਪਤੀ ਨੂੰ ਭਾਲਣ ਲੱਗ ਪਈ। ਪਤੀ ਕੰਧ ਦੇ ਲਾਗੇ ਪਿਆ ਸੀ, ਉਸ ਦੀਆਂ ਲੱਤਾਂ ਅਤੇ ਛਾਤੀ ਵਿਚ ਗੋਲੀਆਂ ਲੱਗੀਆਂ ਹੋਈਆਂ ਸਨ ਤੇ ਇਕ ਕੰਨ ਉਡਿਆ ਹੋਇਆ ਸੀ। ਅਤਰ ਕੌਰ ਨੇ ਉਸ ਦੇ ਹੱਥ-ਪੈਰ ਮਲਣੇ ਸ਼ੁਰੂ ਕੀਤੇ ਤਾਂ ਮਹਿਸੂਸ ਹੋਇਆ ਕਿ ਉਹ ਠੰਡੇ ਪੈ ਚੁੱਕੇ ਸਨ। ਲਾਸ਼ਾਂ 'ਚ ਘਿਰਿਆ ਊਧਮ ਸਿੰਘ, ਖਾਲੀ ਝਾਕਣੀ ਨਾਲ, ਏਧਰ-ਓਧਰ ਦੇਖ ਰਿਹਾ ਸੀ। ਅਤਰ ਕੌਰ ਦੀਆਂ ਚੀਕਾਂ ਸੁਣ ਕੇ ਨੇੜੇ ਪਹੁੰਚਿਆ। ਅਤਰ ਕੌਰ ਨੇ ਪਤੀ ਦੀ ਲਾਸ਼ ਵੱਲ ਇਸ਼ਾਰਾ ਕਰਕੇ ਕਿਹਾ, 'ਵੀਰਾ, ਧਿਆਨ ਰੱਖੀਂ ਮੈਂ ਚਾਰਪਾਈ ਲੈ ਆਵਾਂ'। ਊਧਮ ਸਿੰਘ ਨੇ ਲਾਸ਼ ਨੂੰ ਘਰ ਪਹੁੰਚਾਉਣ ਵਿਚ ਅਤਰ ਕੌਰ ਦੀ ਮਦਦ ਕੀਤੀ। (Sikander Singh, 1998)

3. ਲਾਸ਼ਾਂ ਵਿਚ ਬੈਠਾ 3-4 ਸਾਲ ਦਾ ਬੱਚਾ ਮਰੇ ਹੋਏ ਆਦਮੀ ਦੀ ਛਾਤੀ 'ਤੇ ਸਿਰ ਧਰ ਕੇ 'ਬਾਪੂ ਬਾਪੂ' ਪੁਕਾਰ ਰਿਹਾ ਸੀ। ਉਹ ਆਦਮੀ ਬੱਚੇ ਦਾ ਬਾਪ ਸੀ। ਪਿਉ ਦੇ ਖ਼ੂਨ ਨਾਲ ਲੱਥ-ਪੱਥ, ਬੱਚਾ ਉੱਚੀ ਉੱਚੀ ਰੋ ਰਿਹਾ ਸੀ। ਊਧਮ ਸਿੰਘ ਨੇ ਬੱਚੇ ਨੂੰ ਚੁੱਕ ਕੇ ਆਪਣੀ ਪਗੜੀ ਨਾਲ ਸਰੀਰ ਤੋਂ ਖ਼ੂਨ ਪੂੰਝਿਆ ਤੇ ਆਸ਼ਰਮ ਨੂੰ ਲੈ ਆਇਆ। ਆਸ਼ਰਮ ਪਹੁੰਚ ਕੇ ਬੱਚੇ ਨੇ ਪਾਣੀ ਮੰਗਿਆ, ਦੋ ਘੁੱਟ ਪੀ ਕੇ ਫੇਰ ਬਾਪੂ ਬਾਪੂ ਪੁਕਾਰਨ ਲੱਗ ਪਿਆ। ਆਸ਼ਰਮ ਦੇ ਮੁਖੀਆ ਨੇ ਬੱਚੇ ਨੂੰ ਗੋਦ ਵਿਚ ਲੈ ਕੇ ਪਿਆਰ ਕੀਤਾ, ਉਹ ਬਾਬੂ ਬਾਬੂ ਕਰਲਾਉਂਦਾ ਰਿਹਾ। ਊਧਮ ਸਿੰਘ ਹੋਰ ਲੋਕਾਂ ਦੀ ਮਦਦ ਕਰਨ ਚਲਾ ਗਿਆ। ਜਦ ਮੁੜਿਆ ਤਾਂ ਬੱਚੇ ਬਾਰੇ ਪੁੱਛਿਆ ਤਾਂ ਮੁਖੀਆ ਨੇ ਦੱਸਿਆ ਕਿ ਬੱਚੇ ਦਾ ਦਿਲ ਹੋਦਰੇ ਪਾਉਣ ਲਈ ਦਰਬਾਰ ਸਾਹਿਬ ਲੈ ਗਿਆ ਸੀ। ਓਥੇ ਬੱਚੇ ਦੇ ਪਿੰਡ ਦੀ ਇਕ ਔਰਤ ਨੇ ਪਹਿਚਾਣ ਲਿਆ ਤੇ ਪਤੀ ਦੀ ਲਾਸ਼ ਭਾਲਣ ਗਈ ਬੱਚੇ ਦੀ ਮਾਂ ਨੂੰ ਸੱਦ ਲਿਆਈ। ਦੇਖਦਿਆਂ ਸਾਰ ਬੱਚਾ ਧਾਹਾਂ ਮਾਰ ਕੇ ਮਾਂ ਦੇ ਗਲ਼ ਨਾਲ ਚਿੰਬੜ ਗਿਆ ਤੇ ਉਹ ਆਪਣੇ ਨਾਲ ਲੈ ਗਈ। (Kesar Singh, AIIC)।

ਉਪਰਲੀਆਂ ਘਟਨਾਵਾਂ ਤੋਂ ਭਾਸਦਾ ਹੈ ਕਿ ਜਲਿਆਂਵਾਲ਼ਾ ਬਾਗ਼ ਦੇ ਕਤਆਮ ਸਮੇਂ ਊਧਮ ਸਿੰਘ ਖ਼ੁਦ ਓਥੇ ਮੌਜੂਦ








ਨਹੀਂ ਸੀ, ਯਤੀਮਖਾਨੇ 'ਚੋਂ ਮੁਰਦਿਆਂ ਅਤੇ ਜ਼ਖ਼ਮੀਆਂ ਦੀ ਮਦਦ ਕਰਨ ਲਈ ਲਿਜਾਇਆ ਗਿਆ ਸੀ। ਲੇਕਿਨ ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਊਧਮ ਸਿੰਘ ਖੁਦ ਓਥੇ ਮੌਜੂਦ ਸੀ। ਉਸ ਦੇ ਪੱਟ ਵਿਚ ਗੋਲੀ ਲੱਗੀ ਹੋਈ ਸੀ। ਇਸ ਘਟਨਾ ਵਿਚ ਉਸ ਦਾ ਭਰਾ ਅਤੇ ਭੈਣ ਮਾਰੇ ਗਏ ਸਨ। ਆਓ ਵਿਚਾਰੀਏ ਕਿ ਜਲਿਆਂਵਾਲ਼ਾ ਬਾਗ਼ ਦੇ ਕਤਲਾਮ ਸਮੇਂ ਊਧਮ ਸਿੰਘ ਕਿੱਥੇ ਸੀ?

ਸੰਨ 1940 ਵਿਚ ਊਧਮ ਸਿੰਘ 'ਤੇ ਲੰਡਨ ਵਿਖੇ ਚੱਲੇ ਮੁਕੱਦਮੇ ਤੋਂ ਇਹ ਸਾਬਿਤ ਹੁੰਦਾ ਹੈ ਕਿ ਜਦ ਕਤਲਾਮ ਹੋ ਰਿਹਾ ਸੀ, ਊਧਮ ਸਿੰਘ ਓਥੇ ਨਹੀਂ ਸੀ। ਇਸ ਦੀ ਤਸਦੀਕ ਹੇਠਲੇ ਤੱਥਾਂ ਤੋਂ ਹੁੰਦੀ ਹੈ (ਦੇਖੋ, ਰਾਕੇਸ਼ ਕੁਮਾਰ, 2013)।

1. ਜੂਨ 5, 1940 ਵਿਚ ਮੁਕੱਦਮਾ ਸੁਣ ਰਹੇ ਜੱਜ, ਐਕਟਿਨਸਨ, ਦੇ ਇਕ ਸਵਾਲ ਦੇ ਉੱਤਰ ਵਿਚ ਊਧਮ ਸਿੰਘ ਨੇ ਕਿਹਾ ਕਿ ਉਹ 1919 ਵਿਚ ਪੂਰਬੀ ਅਫਰੀਕਾ ਵਿਚ ਸੀ।

2. ਮੁਕੱਦਮੇ ਦੇ ਫੈਸਲੇ ਤੋਂ ਬਾਅਦ ਊਧਮ ਸਿੰਘ ਬਰਿਕਸਟਨ ਜੇਲ ਵਿਚ ਕੈਦ ਸੀ। ਜੂਨ 11, 1940 ਨੂੰ ਜੇਲ ਦੇ ਕਰਮਚਾਰੀ, ਡਬਲਯੂ. ਈ. ਐਸ. ਹੈਲੌਂਡ, ਨੇ ਸਟੇਟ ਆਫ ਇੰਡਿਆ ਦੇ ਸਕੱਤਰ, ਮਿਸਟਰ ਐਮਰੀ, ਨੂੰ ਲਿਖਿਆ ਕਿ ਊਧਮ ਸਿੰਘ ਅਨੁਸਾਰ ਜਲਿਆਂਵਾਲ਼ਾ ਬਾਗ਼ ਦੇ ਹਾਦਸੇ ਵਿਚ ਉਸ ਦਾ ਭੈਣ ਤੇ ਭਰਾ ਮਰੇ ਨਹੀਂ ਸਨ। ਇਸ ਤੱਥ ਦੀ ਪੁਸ਼ਟੀ ਜੂਨ 20, 1940 ਵਿਚ ਹਿੰਦੋਸਤਾਨ ਦੇ ਗ੍ਰਹਿ ਵਿਭਾਗ ਨੇ ਕੀਤੀ ਅਤੇ ਅਫਸਰ, ਐਮ. ਜੇ. ਕਲਾਸਨ ਨੇ ਇਸ ਦੀ ਤਸਦੀਕ ਕੀਤੀ।

3. ਊਧਮ ਸਿੰਘ ਦੇ ਵਕੀਲ, ਵੀ. ਕੇ. ਕ੍ਰਿਸ਼ਨਾ ਮੈਨਨ, ਨੇ ਬੀ. ਐਸ. ਮੋਗੇਵਾਲੀਆ ਦੀ ਪੁਸਤਕ, "ਸਰਦਾਰ ਊਧਮ ਸਿੰਘ: ਏ ਪ੍ਰਿੰਸ ਅਮੰਗ ਪੈਟ੍ਰੀਆਰਕ ਆਫ ਇੰਡੀਆ (Sardar Udham Singh: A Patriach of India) ਦੇ ਮੁਖਬੰਦ ਵਿਚ ਲਿਖਿਆ ਕਿ ਊਧਮ ਸਿੰਘ ਮੁੱਢ ਤੋਂ ਹੀ ਹਿੰਦੋਸਤਾਨ ਦੀ ਆਜ਼ਾਦੀ ਖਾਤਰ ਰਾਸ਼ਟ੍ਰੀ ਲਹਿਰ ਨਾਲ ਜੁੜਿਆ ਹੋਇਆ ਸੀ। ਲਹਿਰ ਨਾਲ ਜੁੜਨ ਦਾ ਕਾਰਨ ਜਲਿਆਂਵਾਲ਼ਾ ਬਾਗ ਦਾ ਹਾਦਸਾ ਸੀ। ਜੇਕਰ ਊਧਮ ਸਿੰਘ ਜਲਿਆਂਵਾਲ਼ਾ ਬਾਗ ਵਿਚ ਹੋ ਰਹੇ ਕਲਤਾਮ ਸਮੇਂ ਖੁਦ ਓਥੇ ਮੌਜੂਦ ਹੁੰਦਾ ਤਾਂ ਮੈਨਨ ਇਸ ਦਾ ਜ਼ਿਕਰ ਜ਼ਰੂਰ ਕਰਦਾ।

ਇਸ ਬਾਰੇ ਦੋ ਰਾਵਾਂ ਨਹੀਂ ਕਿ ਜਲਿਆਂਵਾਲ਼ਾ ਬਾਗ ਦੇ ਹਾਦਸੇ ਨੇ ਊਧਮ ਸਿੰਘ ਦੇ ਜੀਵਨ ਵਿਚ ਮੋੜ ਲਿਆਂਦਾ। ਉਸ ਨੂੰ ਬ੍ਰਿਟਿਸ਼ ਸਰਕਾਰ ਨਾਲ ਸਖਤ ਨਫਰਤ ਹੋਈ ਤੇ ਕ੍ਰਾਂਤੀ ਦੀ ਭਾਵਨਾ ਜਾਗੀ। ਜਦ ਵੀ ਉਹ ਜਨਰਲ ਡਾਇਰ ਦਾ ਨਾਂ ਸੁਣਦਾ, ਉਸ ਦੀਆਂ ਅੱਖਾਂ ਵਿਚ ਖ਼ੂਨ ਉੱਤਰ ਆਉਂਦਾ, ਗੁੱਸੇ ਵਿਚ ਅੰਦਰ ਖੌਲਦਾ ਅਤੇ ਕਾਲਜਾ ਰਿੱਝਦਾ।

### ਇੰਗਲੈਂਡ ਪਹੁੰਚਣ ਲਈ ਨਾਵਾਂ ਵਿਚ ਬਦਲੀ-

ਊਧਮ ਸਿੰਘ ਨੇ ਮਾਈਕਲ ਓਡਵਾਇਰ ਤੋਂ ਬਦਲਾ ਲੈਣ ਦੀ ਠਾਣ ਲਈ। ਓਡਵਾਇਰ ਸੇਵਾ-ਮੁਕਤ ਹੋ ਕੇ ਇੰਗਲੈਂਡ ਪਹੁੰਚ ਗਿਆ। ਊਧਮ ਸਿੰਘ ਇੰਗਲੈਂਡ ਜਾਣ ਦੀਆਂ ਸਕੀਮਾਂ ਘੜਨ ਲੱਗ ਪਿਆ। ਟੀਚੇ 'ਤੇ ਪਹੁੰਚਣ ਅਤੇ ਮਕਸਦ ਨੂੰ ਪੂਰਾ ਕਰਨ ਲਈ ਉਸ ਨੇ ਕਈ ਨਾਂ ਬਦਲੇ। ਮਾਂ ਬਾਪ ਨੇ ਸ਼ੇਰ ਸਿੰਘ ਨਾਂ ਰੱਖਿਆ ਸੀ, ਲੇਕਿਨ ਮੌਕੇ ਅਨੁਸਾਰ ਉਹ ਕਦੇ ਉਦੇ ਸਿੰਘ, ਊਧਮ ਸਿੰਘ, ਫ੍ਰੈਂਕ (ਬ੍ਰਾਜ਼ੀਲ), ਰਾਮ ਮੁਹੰਮਦ ਸਿੰਘ ਆਜ਼ਾਦ, ਐਮ. ਐਸ. ਆਜ਼ਾਦ ਅਤੇ ਬਾਵਾ ਸਾਹਿਬ ਬਣਿਆ। ਨਾਵਾਂ ਵਿਚ ਅਦਲਾ ਬਦਲੀ, ਗੋਰਿਆਂ ਦੀ ਖੁਫੀਆ ਪੁਲਸ ਤੋਂ ਬਚਣ ਅਤੇ ਇਕ ਮੁਲਕ ਤੋਂ ਦੂਜੇ ਮੁਲਕ ਵਿਚ ਜਾਣ ਲਈ ਪਾਸਪੋਰਟ ਬਣਾਉਣ ਖਾਤਰ ਕੀਤੀ। ਘੁੰਮਦਾ ਘੁਮਾਉਂਦਾ ਕਈ ਮੁਲਕਾਂ ਥਾਣੀ ਹੁੰਦਾ ਇੰਗਲੈਂਡ ਪਹੁੰਚਣ ਵਿਚ ਕਾਮਯਾਬ ਹੋ ਗਿਆ। ਆਪਣੇ ਮਕਸਦ ਦੀ ਪੂਰਤੀ ਲਈ ਉਹ ਯੁਗਾਂਡਾ, ਫਰਾਂਸ, ਰੂਸ, ਮੈਕਸੀਕੋ, ਅਮਰੀਕਾ ਅਤੇ ਬ੍ਰਾਜ਼ੀਲ ਹੁੰਦਾ ਹੋਇਆ ਆਖੀਰ ਨੂੰ ਇੰਗਲੈਂਡ ਪਹੁੰਚ ਗਿਆ।

ਫਰਵਰੀ 2, 1922 ਨੂੰ ਅਮਰੀਕਾ ਦੇ ਪ੍ਰਾਂਤ ਕੈਲੀਫੋਰਨੀਆ ਵਿਚ ਦਾਖਲ ਹੋਇਆ। ਅਕਤੂਬਰ, 1923 ਨੂੰ, ਬੱਗਾ ਸਿੰਘ ਸੰਘਾ ਨਾਲ ਲਾਸ ਏਂਜਲਸ ਦੀ 'ਬਲਿੰਨ ਲੰਬਰ ਮਿੱਲ' ਵਿਚ ਕੰਮ ਕੀਤਾ। ਟੁੱਟੀ-ਫੁੱਟੀ ਅੰਗ੍ਰੇਜ਼ੀ ਵਿਚ ਲਿਖੀ ਬੱਗਾ ਸਿੰਘ ਸੰਘਾ ਦੀ ਅਣਛਪੀ ਸਵੈ-ਜੀਵਨੀ (ਜੋ ਮੇਰੇ ਪਾਸ ਹੈ) ਵਿਚ ਲਿਖਿਆ ਹੈ, "ਊਧਮ ਸਿੰਘ ਨੇ ਜਲਿਆਂਵਾਲੇ ਬਾਗ ਦੀ ਦਰਦ ਭਰੀ ਵਿਥਿਆ ਸੁਣਾਈ। ਉਸ ਨੇ ਸਾਡੇ ਨਾਲ ਦੋ ਹਫਤੇ ਕੰਮ ਕੀਤਾ। ਉਨ੍ਹਾਂ ਦਿਨਾਂ ਵਿਚ ਇਕ ਮਧਰੇ ਕੱਦ ਦਾ ਬੰਗਾਲੀ ਬਾਬੂ ਮਿਲਿਆ। ਉਸ ਨੇ ਸਾਨੂੰ ਸ਼ਿੱਪ ਯਾਰਡ ਵਿਚ ਕੰਮ ਲੈ ਦਿਤਾ। ਮੈਂ, ਊਧਮ ਸਿੰਘ ਅਤੇ ਸੁਦਾਗਰ ਸਿੰਘ, ਸ਼ਿੱਪ ਯਾਰਡ 'ਤੇ ਗਏ ਤਾਂ ਫੋਰਮੈਨ ਨੇ ਇਕ ਸ਼ਿੱਪ ਨੂੰ ਬਾਹਰੋਂ ਸਾਫ ਕਰਨ ਦੀ ਡਿਊਟੀ ਲਾ ਦਿੱਤੀ। ਲੱਕੜ ਦੇ ਫੱਟੇ 'ਤੇ ਬਿਠਾ ਕੇ 30 ਫੁੱਟ ਉਚਾਈ 'ਤੇ ਪਹੁੰਚਾ ਦਿੱਤਾ। ਹੇਠਾਂ ਡਿਗਣ ਤੋਂ ਡਰ ਲੱਗੇ ਤਾਂ ਮੈਂ ਸਿਰ ਦੁਖਣ ਦਾ ਬਹਾਨਾ ਲਾ ਕੇ ਥੱਲੇ ਆ ਗਿਆ, ਊਧਮ ਸਿੰਘ ਅਤੇ ਸੁਦਾਗਰ ਸਿੰਘ ਉੱਤੇ ਚੜ ਕੇ ਕੰਮ ਕਰਦੇ ਰਹੇ। ਅਚਾਨਕ ਫੱਟੇ ਦਾ ਰੱਸਾ ਟੁੱਟ ਗਿਆ ਤਾਂ ਦੋਵੇਂ ਪਾਣੀ ਵਿਚ ਆ ਡਿੱਗੇ। ਸੁਦਾਗਰ ਸਿੰਘ ਨੂੰ ਤੈਰਨਾ ਨਹੀਂ ਆਉਂਦਾ ਸੀ, ਊਧਮ ਸਿੰਘ ਨੇ ਡੁੱਬਣ ਤੋਂ ਬਚਾਇਆ। ਅਸੀਂ ਨੌਕਰੀ ਛੱਡ ਕੇ ਆ ਗਏ।" (ਬੱਗਾ ਸਿੰਘ, ਅਣਛਪੀ ਸਵੈ-ਜੀਵਨੀ, 1985)।

### ਇੰਗਲੈਂਡ ਵਿਚ ਕਾਰਵਾਈਆਂ-

ਊਧਮ ਸਿੰਘ ਅਮਰੀਕਾ ਤੋਂ ਇੰਗਲੈਂਡ 1934 ਵਿਚ ਪਹੁੰਚਿਆ ਤੇ ਐਡਲਰ ਸਟਰੀਟ, ਕਮੱਰਸ਼ਲ ਰੋਡ ਈਸਟ, ਲੰਡਨ ਵਿਚ ਵਸੇਬਾ ਕਰ ਲਿਆ। ਜੁਲਾਈ 5 ਨੂੰ ਜਰਮਨੀ, ਬੈਲਜ਼ੀਅਮ, ਪੋਲੈਂਡ, ਰੂਸ ਆਦਿ ਮੁਲਕਾਂ ਵਿਚ ਜਾਣ ਦਾ ਵੀਜ਼ਾ ਲੈਣ ਲਈ ਲੰਡਨ ਦੇ ਦਫਤਰ ਵਿਚ ਪਾਸਪੋਰਟ ਜਮਾ ਕਰਾਇਆ, ਜੋ ਲਾਹੌਰ ਵਿਚ ਬਣਿਆ ਸੀ। ਅਰਜ਼ੀ 'ਤੇ ਸਿਰਨਾਵਾਂ 4 ਬੈਸਟ ਲੇਨ, ਕੈਂਟਨਬਰੀ, ਕੈਂਟ ਲਿਖਿਆ। ਵੀਜ਼ਾ ਲੈਣ ਦਾ ਕਾਰਨ ਭਾਰਤ ਵਿਚ ਖੇਡਾਂ ਦਾ ਵਿਉਪਾਰ ਕਰਨਾ ਦੱਸਿਆ। ਹਿੰਦੋਸਤਾਨ ਪਹੁੰਚਣ ਦੇ ਜ਼ਰੀਏ ਬਾਰੇ ਲਿਖਿਆ ਕਿ, ਉਹ ਮੋਟਰ ਸਾਈਕਲ ਰਾਹੀਂ ਜਰਮਨੀ, ਬੈਲਜ਼ੀਅਮ, ਪੋਲੈਂਡ ਅਤੇ ਰੂਸ ਪਹੁੰਚੇਗਾ; ਰੂਸ ਤੋਂ ਓਡੇਸਾ ਤੇ ਓਥੋਂ ਪਾਣੀ ਵਾਲਾ ਜਹਾਜ਼ ਫੜ ਕੇ ਕੌਂਸਟੈਂਨੀਪੋਲ/ਇਸਤਨਬੁਲ (ਤੁਰਕੀ) ਹੁੰਦਾ ਹੋਇਆ ਹਿੰਦੋਸਤਾਨ ਪਹੁੰਚ ਜਾਵੇਗਾ। ਉਸ ਵੇਲੇ ਊਧਮ ਸਿੰਘ ਕ੍ਰਾਂਤੀਕਾਰੀਆਂ ਦੀ ਲਿਸਟ ਵਿਚ ਨਹੀਂ ਸੀ, ਇਸ ਲਈ ਰਾਹਦਾਰੀ ਮਨਜ਼ੂਰ ਹੋ ਗਈ। ਜਦ ਖਰਚੇ ਦੇ ਪ੍ਰਬੰਧ ਬਾਰੇ ਪੁੱਛਿਆ ਤਾਂ ਉਸ ਨੇ ਅਰਜ਼ੀ ਵਾਪਸ ਲੈ ਲਈ। ਉਹ ਫੇਰੀ ਵਾਲੇ ਦਾ ਕੰਮ ਕਰਦਾ ਸੀ, ਖਰਚਣ ਜੋਗੇ ਪੈਸੇ ਕਿੱਥੋਂ ਹੋਣੇ ਸਨ।

ਦੋ ਸਾਲ ਬਾਅਦ, ਮਈ 12, 1936 ਨੂੰ, ਦੁਬਾਰਾ ਲੰਡਨ ਤੋਂ ਹੌਲੈਂਡ, ਜਰਮਨੀ, ਪੋਲੈਂਡ, ਅਸਟਰੀਆ, ਹੰਗਰੀ ਅਤੇ ਇਟਲੀ ਜਾਣ ਲਈ ਅਰਜ਼ੀ ਦਿੱਤੀ। ਸਿਰਨਾਵਾਂ, 4 ਡਿਊਕ ਸਟਰੀਟ, ਸਪੀਟਲਫੀਲਡ ਈਸਟ, ਦਿੱਤਾ। ਅਰਜ਼ੀ ਮਨਜ਼ੂਰ ਹੋ ਗਈ ਤੇ ਜਰਮਨ ਪਹੁੰਚ ਗਿਆ। ਓਥੋਂ ਮਈ 16, 1936 ਨੂੰ ਪੂਰਬੀ ਯੂਰਪੀਅਨ ਦੇਸ਼ਾਂ ਅਤੇ ਰੂਸ ਵਿਚ ਜਾਣ ਲਈ ਅਰਜ਼ੀ ਦਿੱਤੀ। ਰਿਕਾਰਡ ਦੇਖਦਿਆਂ ਸਾਰ ਪਤਾ ਲੱਗਾ ਕਿ ਉਸ ਨੇ ਲੰਡਨ ਵਿਚ ਵੀ ਅਰਜ਼ੀ ਦਿੱਤੀ ਸੀ, ਇਸ ਲਈ ਸ਼ੱਕ ਪੈਦਾ ਹੋ ਗਿਆ। ਇੰਗਲੈਂਡ ਦੇ ਕੌਂਸਲ ਜਨਰਲ ਨੇ ਕਿਹਾ ਕਿ ਇਹ ਕੇਸ ਲੰਡਨ ਭੇਜਿਆ ਜਾਵੇਗਾ। ਊਧਮ ਸਿੰਘ ਨੇ ਫੇਰ ਅਰਜ਼ੀ ਵਾਪਸ ਲੈ ਲਈ।

ਊਧਮ ਸਿੰਘ ਨੇ ਵੱਖਰੇ ਵੱਖਰੇ ਸਿਰਨਾਵਿਆਂ ਹੇਠ ਦੂਸਰੇ ਮੁਲਕਾਂ ਨੂੰ ਜਾਣ ਲਈ ਕਈ ਥਾਵਾਂ ਤੇ ਪਾਸਪੋਰਟ ਜਮਾਂ ਕਰਾਇਆ। ਇਸ ਲਈ ਬ੍ਰਿਟਿਸ਼ ਅਧਿਕਾਰੀਆਂ ਨੂੰ ਸ਼ੱਕ ਹੋ ਗਿਆ। ਨਵੰਬਰ 11, 1937 ਵਿਚ ਪਤਾ ਲੱਗ ਗਿਆ ਕਿ ਉਹ ਇਕ ਕ੍ਰਾਂਤੀਕਾਰੀ ਹੈ ਅਤੇ ਗ਼ਦਰ ਪਾਰਟੀ ਦਾ ਮੈਂਬਰ ਹੈ। ਪਿਛਲੇ ਰਿਕਾਰਡ ਚੋਂ, ਪੰਜਾਬ ਵਿਚ ਪਿਸਤੌਲ ਰੱਖਣ ਦੇ ਇਲਜ਼ਾਮ ਵਿਚ ਫੜੇ ਜਾਣ ਅਤੇ ਪੰਜ ਸਾਲ ਦੀ ਕੈਦ ਕੱਟਣ ਦਾ ਵੀ ਪਤਾ ਲੱਗਿਆ। ਇਹ ਵੀ ਪਤਾ ਲੱਗ ਗਿਆ ਕਿ ਉਹ ਲਾਹੌਰ ਤੋਂ ਉਦੇ ਸਿੰਘ ਦੇ ਨਾਂ ਹੇਠ ਪਾਸਪੋਰਟ ਬਣਵਾ ਕੇ ਬਾਹਰੇ ਦੇਸ਼ਾਂ ਨੂੰ ਆਇਆ ਸੀ। ਫਲਸਰੂਪ, ਪੁਲਿਸ ਨੇ ਉਸ 'ਤੇ ਅੱਖ ਰੱਖਣੀ ਸ਼ੁਰੂ ਕਰ ਦਿੱਤੀ। ਸੰਨ 1939 ਵਿਚ ਪੁਲਿਸ ਦੇ ਹੱਥ ਇਕ ਖਤ ਲੱਗਿਆ ਜੋ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਹੇਠ ਇਕ ਇੰਡੀਅਨ ਰਾਜਨੀਤਕ ਪਾਰਟੀ ਕੋਲੋਂ ਬੈਜ ਲੈਣ ਖਾਤਰ ਲਿਖਿਆ ਸੀ। ਸੰਨ 1940 ਵਿਚ ਲੰਡਨ ਵਿਖੇ ਦੇਖਿਆ ਗਿਆ ਜਿੱਥੇ ਉਸ ਨੇ ਇਕ ਇੰਡੀਅਨ ਨੂੰ ਅਮਰੀਕਾ ਦੀ ਗ਼ਦਰ ਪਾਰਟੀ ਦਾ ਸਿਰਨਾਵਾਂ ਦਿੱਤਾ। ਬ੍ਰਿਟਿਸ਼ ਅਧਿਕਾਰੀਆਂ ਨੂੰ, ਮਾਰਚ 5, 1940 ਤੋਂ ਬਾਅਦ, ਉਸ ਦਾ ਕੋਈ ਥਹੁ ਪਤਾ ਨਾ ਲੱਗਿਆ।

ਲੰਡਨ ਵਿਚ ਊਧਮ ਸਿੰਘ ਦਾ 'ਸ਼੍ਰੀ ਗੁਰੂ ਗੋਬਿੰਦ ਸਿੰਘ ਸਭਾ ਗੁਰਦੁਆਰਾ' ਵਿਚ ਆਉਣ-ਜਾਣ ਰਹਿੰਦਾ ਸੀ। ਓਥੇ ਕੁਝ ਦੋਸਤ ਬਣ ਗਏ ਸਨ, ਪਰ ਉਨ੍ਹਾਂ ਨਾਲ ਆਪਣੇ ਟਿਕਾਣੇ ਅਤੇ ਟੀਚੇ ਬਾਰੇ ਕੁਝ ਵੀ ਸਾਂਝਾ ਨਹੀਂ ਸੀ ਕਰਦਾ। ਦੋਸਤ ਚਿੜਾਉਂਦੇ ਕਿ ਕੋਈ ਕੰਮ ਵੀ ਕਰਿਆ ਕਰ, ਵਿਹਲੀਆਂ ਖਾਈ ਜਾਂਦੈਂ। ਊਧਮ ਸਿੰਘ ਸੋਚਦਾ ਕਿ ਇਨ੍ਹਾਂ ਭਲਿਆਂ ਮਾਣਸਾਂ ਨੂੰ ਸਿਰਫ ਆਪਣੀ ਰੋਟੀ-ਰੋਜ਼ੀ ਦੀ ਪਈ ਹੋਈ ਹੈ, ਮੇਰਾ ਮਕਸਦ ਕੁਝ ਹੋਰ ਹੈ। ਊਧਮ ਸਿੰਘ ਨੂੰ ਉਹ 'ਬਾਵਾ' ਕਹਿ ਕੇ ਪੁਕਾਰਦੇ। ਉਨ੍ਹਾਂ ਨੂੰ ਐਨਾ ਕੁ ਜ਼ਰੂਰ ਭਾਸਦਾ ਸੀ ਕਿ ਊਧਮ ਸਿੰਘ ਕੋਈ ਖਾਸ ਬੰਦਾ ਹੈ ਅਤੇ ਕਿਸੇ ਮਕਸਦ ਦੀ ਤੜਪ ਆਪਣੇ ਨਾਲ ਲਈ ਫਿਰਦਾ ਹੈ। ਉਸ ਦੇ ਜਾਣਕਾਰ ਕੁਝ ਗੋਰੇ ਬੰਦੇ ਵੀ ਸਨ ਜਿਨ੍ਹਾਂ ਨੂੰ ਕਦੇ ਕਦੇ ਪੱਗ ਬੰਨ ਕੇ ਆਖਦਾ, ਉਹ ਰਾਜਿਆਂ ਦੇ ਪ੍ਰਵਾਰ ਨਾਲ ਸਬੰਧਿਤ ਹੈ ਅਤੇ ਆਪਣਾ ਨਾਂ ਯੂ. ਐਸ. ਸਿੱਧੂ ਦੱਸਦਾ। ਸਿੱਧੂ, ਸ਼ਾਇਦ ਇਸ ਲਈ ਦੱਸਦਾ ਕਿਉਂਕਿ ਮਹਾਂਰਾਜਾ ਪਟਿਆਲਾ ਦਾ ਗੋਤ ਸਿੱਧੂ ਹੈ। ਊਧਮ ਸਿੰਘ ਦੀ ਸ਼ਖ਼ਸੀਅਤ ਤੋਂ ਸ਼ਿਵ ਸਿੰਘ ਜੌਹਲ ਬਹੁਤ ਪ੍ਰਭਾਵਤ ਹੋਇਆ ਤੇ ਉਸ ਦਾ ਗੂੜਾ ਦੋਸਤ ਬਣ ਗਿਆ। ਜੌਹਲ ਖਾਲਸਾ ਜਥੇ ਦਾ ਸਕੱਤਰ ਸੀ ਅਤੇ ਗੁਰਦੁਆਰੇ ਨਾਲ ਸਬੰਧਤ ਸੀ। ਇਕ ਦਿਨ ਦੋਵੇਂ ਬੈਠੇ ਹਿੰਦੋਸਤਾਨ ਦੀ ਤਕਦੀਰ ਬਾਰੇ ਗੱਲਾਂ ਕਰ ਰਹੇ ਸਨ ਤਾਂ ਜੌਹਲ ਨੇ ਬਿਸਮਿਲ ਦਾ ਸ਼ਿਅਰ ਉਚਾਰਿਆ, ਪਰ ਇਕ ਸਤਰ ਭੁੱਲ ਗਿਆ। ਊਧਮ ਸਿੰਘ ਨੇ ਪੂਰਾ ਸ਼ਿਅਰ ਸੁਣਾਇਆ, 'ਸਰ ਫ਼ਿਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਿਲ ਮੇਂ ਹੈ,। ਸ਼ਿਅਰ ਸੁਣ ਕੇ ਜੌਹਲ, ਊਧਮ ਸਿੰਘ ਦਾ ਮੁਰੀਦ ਬਣ ਗਿਆ ਅਤੇ ਉਸ ਲਈ ਦਿਲੋਂ ਦੀਵਾਰ ਖੋਲ ਦਿੱਤੇ ਤੇ ਕਿਹਾ, "ਬਾਵਾ, ਜੋ ਵੀ ਤੂੰ ਕਰਨ ਦੀ ਸਕੀਮ ਬਣਾ ਰਿਹਾਂ ਏਂ, ਇਹ ਘਰ ਤੇਰੇ ਲਈ ਹਮੇਸ਼ਾ ਖੁੱਲਾ ਹੈ"। (Public and Judicial Department File, 1936)। ਉਸ ਨੇ ਸ਼ਿਵ ਸਿੰਘ ਨੂੰ ਭੇਦ ਭਰੀ ਗੱਲ ਦੱਸੀ ਕਿ ਉਹ ਕੁਝ ਖਾਸ ਕੰਮ ਕਰਨ ਵਾਲਾ ਹੈ। ਜਦ ਕਈ ਮਹੀਨੇ ਕੁਝ ਨਾ ਵਾਪਰਿਆ ਤਾਂ ਜੌਹਲ ਨੇ ਇਕ ਮੀਟਿੰਗ ਦੌਰਾਨ ਤਾਅਨਾ ਮਾਰਿਆ, "ਊਧਮ ਸਿੰਘ ਮਹਿਜ਼ ਗਾਲੜੀ ਹੈ"। ਊਧਮ ਸਿੰਘ ਨੇ ਤੁਰੰਤ ਉੱਤਰ ਦਿੱਤਾ, "ਉਹ ਮਾਈਕਲ ਓਡਵਾਇਰ ਅਤੇ ਜ਼ੈਟਲੈਂਡ ਨੂੰ ਮਾਰਨਾ ਚਾਹੁੰਦਾ ਹੈ। ਇਸ ਤੋਂ ਬਾਅਦ ਉਹ ਗੁਰਦੁਆਰੇ ਜਾਣੋਂ ਹਟ ਗਿਆ ਅਤੇ ਸ਼ਿਵ ਸਿੰਘ ਜੌਹਲ ਨੂੰ ਵੀ ਮਿਲਣਾ ਘੱਟ ਕਰ ਦਿੱਤਾ। ਊਧਮ ਸਿੰਘ ਨਹੀਂ ਚਾਹੁੰਦਾ ਸੀ ਕਿ ਉਸ ਦੇ ਕਾਰਿਆਂ ਕਰਕੇ ਪੁਲਿਸ ਕਿਸੇ ਹੋਰ ਨੂੰ ਸਤਾਵੇ। ਉਸ ਦਾ ਇਕ ਪੰਜਾਬੀ ਰੈਸਟੋਰੈਂਟ ਦੇ ਮਾਲਕ, ਗੁਰਬਚਨ ਸਿੰਘ ਨਾਲ ਮੋਹ ਪਿਆਰ ਪੈ ਗਿਆ। ਗੱਲਾਂ ਗੱਲਾਂ 'ਚ ਊਧਮ ਸਿੰਘ ਨੇ ਦੱਸਿਆ ਕਿ ਉਸ ਨੇ ਮਾਈਕਲ ਓਡਵਾਇਰ ਦੇ ਬੰਗਲੇ ਵਿਚ ਘਰੇਲੂ ਕੰਮਕਾਰਾਂ ਸਣੇ ਡਰਾਇਵਰੀ ਕੀਤੀ ਸੀ। ਨਾਲੇ ਦੱਸਿਆ ਕਿ ਉਹ ਗ਼ਦਰੀਆਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਦਾ ਅਭਿਲਾਸ਼ੀ ਹੈ।

(ਚਲਦਾ)

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਚਿੰਤਨ ਵਿਚ ਸੰਗਤ ਦਾ ਸੰਕਲਪ

**ਡਾ. ਦੀਵਾਨ ਸਿੰਘ**

ਭਾਈ ਗੁਰਦਾਸ ਅਨੁਸਾਰ ਇਕ ਹੋਵੇ ਤਾਂ ਸਿੱਖ, ਦੋ ਸਿੱਖ ਇਕੱਠੇ ਹੋ ਜਾਣ ਤਾਂ ਸੰਗਤ ਅਤੇ ਪੰਜ ਸਿੱਖ ਹੋਣ ਤਾਂ ਪਰਮੇਸ਼ਵਰ ਰੂਪ ਹੋ ਜਾਂਦੇ ਹਨ (ਇਕ ਸਿੱਖ ਦੋਇ ਸਾਧ ਸੰਗ ਪੰਸੀਂ ਪਰਮੇਸਰ)। ਇਸ ਕਥਨ ਅਨੁਸਾਰ ਸਿੱਖਾਂ ਦੇ ਇਕੱਠ ਨੂੰ ਸੰਗਤ ਕਿਹਾ ਜਾਂਦਾ ਹੈ। ਜਿਵੇਂ ਇਸਲਾਮ ਵਿੱਚ ਉਮੱਤ ਤੇ ਜਮਾਤ ਆਦਿ ਸ਼ਬਦ ਪ੍ਰਚਲਿਤ ਹਨ ਅਤੇ ਬੁੱਧ ਧਰਮ ਵਿੱਚ ਸਿੰਘ, ਤਿਵੇਂ ਸਿੱਖ ਧਰਮ ਵਿਚ ਸੰਗਤ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

ਮਨੁੱਖ ਮੁੱਢਲੇ ਤੌਰ 'ਤੇ ਇਕ ਸਮਾਜਿਕ ਜੀਵ ਹੈ, ਜਿਵੇਂ ਅਰਸਤੂ ਨੇ ਕਿਹਾ ਹੈ ਕਿ ਆਪਸ ਵਿੱਚ ਰਲ-ਮਿਲ ਕੇ ਤੇ ਇਕ ਦੂਜੇ ਦੀ ਸਹਾਇਤਾ ਕਰ ਕੇ ਹੀ ਮਨੁੱਖੀ ਕਾਰ-ਵਿਹਾਰ ਚਲਦਾ ਹੈ। ਇਕੱਲਾ ਮਨੁੱਖ ਤਾਂ ਕਿਸੇ ਸਰਾਪ ਜਾਂ ਬਿਪਤਾ ਦਾ ਹੀ ਲੱਛਣ ਮੰਨਿਆ ਜਾਂਦਾ ਹੈ। ਇਸ ਦੇ ਉਲਟ ਕਹਿੰਦੇ ਹਨ, ਏਕੇ ਭਾਵ ਇਕੱਠ ਵਿਚ ਬਰਕਤ ਹੁੰਦੀ ਹੈ। ਧਰਮ ਦੇ ਆਮ ਅਰਥ ਪੱਛਮੀ ਅਤੇ ਭਾਰਤੀ ਭਾਸ਼ਾਵਾਂ ਵਿਚ ਮਨੁੱਖਾਂ ਨੂੰ ਆਪਸ ਵਿਚ ਅਤੇ ਪਰਮਾਤਮਾ ਨਾਲ ਜੋੜਨ ਦੇ ਹੀ ਲਏ ਜਾਂਦੇ ਹਨ। ਸੰਗਤ ਸ਼ਬਦ ਦੇ ਸ਼ਬਦੀ ਅਰਥ ਵੀ ਸੰਗ ਸਾਥ ਦੇ ਹਨ ਸੰਗ ਸ਼ਬਦ ਵੀ ਸੰਗਤ ਦੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ ਜਿਵੇਂ ਗੁਰੂ ਅਰਜਨ ਸਾਹਿਬ ਦਾ ਕਥਨ ਹੈ :

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ।।
ਸਿਮਰਿ ਸਿਮਰਿ ਤਿਸੁ ਸਦਾ ਸਮਾਲੇ।।
(ਗੁਰੂ ਗ੍ਰੰਥ ਸਾਹਿਬ, ਅੰਗ 394)

ਜਦ ਤੋਂ ਮਨੁੱਖ ਜਾਤੀ ਹੋਂਦ ਵਿਚ ਆਈ ਹੈ, ਮਨੁੱਖ ਟੱਬਰ ਜਾਂ ਕਬੀਲੇ ਦੇ ਰੂਪ ਵਿਚ ਹੀ ਇਕੱਠੇ ਮਿਲ ਕੇ ਰਹਿੰਦੇ ਆਏ ਹਨ। ਆਦਿ ਕਾਲ ਤੋਂ ਪ੍ਰਕਿਰਤੀ ਦੇ ਮੁਕਾਬਲੇ ਵਿਚ ਆਪਣੀ ਹੋਂਦ ਨੂੰ ਸੁਰੱਖਿਅਤ ਕਰਨ ਲਈ ਜੀਵਨ ਨਿਰਬਾਹ ਦੇ ਸਾਧਨ ਇਕੱਠੇ ਕਰਨ ਲਈ ਇਹ ਮਿਲਜੁਲ ਕੇ ਰਹਿਣ ਦਾ ਪ੍ਰਬੰਧ ਜ਼ਰੂਰੀ ਸਮਝਿਆ ਗਿਆ। ਅਜਿਹੀ ਸੰਗਤ ਜਾਂ ਇਕੱਠੇ ਰਹਿਣ ਸਹਿਣ ਦੀ ਤਹਿ ਵਿਚ ਸਦਾ ਹੀ ਇਕ ਧਾਰਮਿਕ ਭਾਵਨਾ ਕੰਮ ਕਰਦੀ ਰਹੀ ਪ੍ਰਤੀਤ ਹੁੰਦੀ ਹੈ, ਭਾਵੇਂ ਉਹ ਧਰਮ ਕਿੰਨਾ ਹੀ ਮੁਢਲੀ ਅਵਸਥਾ ਵਿਚ ਸੀ ਜਿਸ ਵਿਚ ਕੇਵਲ ਪ੍ਰਕਿਰਤੀ ਦੀਆਂ ਸ਼ਕਤੀਆਂ ਸੂਰਜ, ਚੰਦ, ਬੱਦਲ ਆਦਿ ਨੂੰ ਹੀ ਦੈਵੀ ਸ਼ਕਤੀਆਂ ਮੰਨ ਕੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਸੀ। ਇਸ ਤਰ੍ਹਾਂ ਸਾਮਾਜਿਕ ਉਨਤੀ ਮਨੁੱਖ ਜਾਤੀ ਦੇ ਧਾਰਮਿਕ ਵਿਕਾਸ ਦੇ ਆਸ਼ੇ ਨਾਲ ਅਨਿੱਖੜ ਰੂਪ ਵਿਚ ਜੁੜੀ ਹੋਈ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਮਿਸ਼ਨ ਦੇ ਆਰੰਭ ਤੋਂ ਹੀ ਸੰਗਤ ਦੇ ਆਸ਼ੇ ਨੂੰ ਮੁੱਖ ਰੱਖਿਆ। ਜਦ ਆਪ ਉਦਾਸੀਆਂ ਤੇ ਚੱਲੇ ਤਾਂ ਇਕ ਸਾਥੀ ਮਰਦਾਨਾ ਆਪਣੇ ਨਾਲ ਰੱਖਿਆ। ਜਿਥੇ ਵੀ ਗੁਰੂ ਸਾਹਿਬ ਆਏ ਉਥੇ ਹੀ ਇਕ ਸੰਗਤ ਕਾਇਮ ਕੀਤੀ। ਸਿਖ ਇਤਿਹਾਸ ਤੋਂ ਇਹ ਜਾਣਕਾਰੀ ਭਲੀ-ਭਾਂਤ ਮਿਲ ਜਾਂਦੀ ਹੈ ਕਿ ਹਰ ਥਾਂ ਸਿਖ ਸੰਗਤ ਦੀ ਸਹੂਲਤ (ਸੁਖੈਨਤਾ) ਲਈ ਧਰਮਸਾਲ ਕਾਇਮ ਕੀਤੀ ਜਿਸ ਨੂੰ ਬਾਅਦ ਵਿੱਚ 'ਗੁਰਦੁਆਰਾ' ਦਾ ਨਾਂ ਦਿੱਤਾ ਗਿਆ :

ਘਰਿ ਘਰਿ ਅੰਦਰਿ ਧਰਮਸਾਲ ਹੋਵੈ
ਕੀਰਤਨੁ ਸਦਾ ਵਿਸੋਆ।
(ਗੁਰੂ ਗ੍ਰੰਥ ਸਾਹਿਬ, ਅੰਗ )

ਗੁਰੂ ਨਾਨਕ ਸਾਹਿਬ ਨੇ ਆਪਣੇ ਧਾਰਮਿਕ ਦਰਸ਼ਨ ਦੇ ਦੋ ਸਭ ਤੋਂ ਜ਼ਰੂਰੀ ਸਿਧਾਂਤ ਗੁਰਬਾਣੀ ਅਤੇ ਸੰਗਤ ਹੀ ਮੰਨੇ ਹਨ। ਜਦ ਅਚਲ ਵਟਾਲੇ ਵਿਚ ਗੁਰੂ ਸਾਹਿਬ ਦੀ ਜੋਗੀਆਂ ਨਾਲ ਗੋਸ਼ਟ ਹੋਈ ਤਾਂ ਜਗੀਆਂ ਨੇ ਗੁਰੂ ਸਾਹਿਬ ਨੂੰ ਕਰਾਮਾਤ ਦਿਖਾਣ ਲਈ ਕਿਹਾ ਤਾਂ ਗੁਰੂ ਜੀ ਨੇ ਉਤਰ ਦਿੱਤਾ ਕਿ ਸਾਡੇ ਪਾਸ ਕੇਵਲ ਦੋ ਹੀ ਕਰਾਮਾਤਾਂ ਹਨ, ਇਕ ਗੁਰਬਾਣੀ ਅਤੇ ਦੂਜੀ ਸੰਗਤ ਭਾਈ ਗੁਰਦਾਸ ਦੇ ਵਰਨਣ ਅਨੁਸਾਰ :

ਸਿਧਿ ਬੋਲਨਿ, 'ਸੁਣਿ ਨਾਨਕਾ!
ਤੁਹਿ ਜਗ ਨੋ ਕਰਾਮਾਤਿ ਦਿਖਾਈ।
ਕੁਝ ਵਿਖਾਲੇ ਅਸਾਂ ਨੋ
ਤੁਹਿ ਕਿਉਂ ਢਿਲ ਅਵੇਹੀ ਲਾਈ?
ਬਾਬਾ ਬੋਲੇ, 'ਨਾਥ ਜੀ!
ਅਸਿ ਵੇਖਣਿ ਜੋਗੀ ਵਸਤੁ ਨ ਕਾਈ।।
ਗੁਰੂ ਸੰਗਤਿ ਬਾਣੀ ਬਿਨਾ
ਦੂਜੀ ਓਟ ਨਹੀ ਹੈ ਰਾਈ।
(ਗੁਰੂ ਗ੍ਰੰਥ ਸਾਹਿਬ, ਅੰਗ 142)

ਗੁਰ ਸੰਗਤ ਅਤੇ ਗੁਰਬਾਣੀ, ਦੋਹਾਂ ਜ਼ਰੂਰੀ ਸਿਧਾਂਤਾਂ ਵਿਚ ਸ਼ਬਦ 'ਗੁਰੂ' ਅਗੇਤਰ ਵਜੋਂ ਸਾਂਝਾ ਵਰਤਿਆ ਗਿਆ ਹੈ। ਸਿਖ ਧਰਮ ਦੇ ਇਹ ਦੋ ਵੱਡੇ ਦਾਰਸ਼ਨਿਕ ਥੰਮ ਹਨ, ਇਕ ਸਰਗੁਣ ਅਤੇ ਦੂਜਾ ਨਿਰਗੁਣ, ਇਕ ਬਾਹਰਮੁਖੀ, ਦੂਜਾ ਅੰਦਰਮੁਖੀ। ਗੁਰ ਸੰਗਤ ਜਾਂ ਸਾਧ ਸੰਗਤ ਗੁਰੂ ਦੀ ਜ਼ਾਹਰੀ ਸ਼ਕਤੀ ਹੈ ਤੇ ਗੁਰਬਾਣੀ ਗੁਰੂ ਦੀ ਆਤਮਿਕ ਤਥਾ ਰਹੱਸਵਾਦੀ ਸ਼ਕਤੀ ਹੈ। ਗੁਰੂ ਨਾਨਕ ਸਾਹਿਬ ਨੇ ਜੋ ਸੰਗਤਾਂ ਕਾਇਮ ਕੀਤੀਆਂ, ਪਿਛੋਂ ਸਮੇਂ ਦੇ ਬੀਤਣ ਨਾਲ ਇਨ੍ਹਾਂ ਦੇ ਧਾਰਮਿਕ ਤੇ ਰਾਜਸੀ ਵਿਕਾਸ ਨਾਲ ਹੀ ਸਿਖ ਧਰਮ ਦਾ ਵਿਕਾਸ ਹੋਇਆ। ਸਿੱਖ ਇਤਿਹਾਸ ਇਸ ਸਚਾਈ ਦਾ ਗਵਾਹ ਹੈ। ਗੁਰੂ ਅਮਰਦਾਸ ਜੀ ਨੇ ਇਨ੍ਹਾਂ ਸੰਗਤਾਂ ਨੂੰ ਜਥੇਬੰਦ ਕਰਨ ਲਈ 'ਮੰਜੀਆਂ ਸਥਾਪਿਤ ਕੀਤੀਆਂ। ਪਿਛੋਂ ਗੁਰੂ ਅਰਜਨ ਸਾਹਿਬ ਨੇ ਸਿੱਖ ਸੰਗਤਾਂ ਨੂੰ ਹੋਰ ਪਕਿਆਈ ਨਾਲ ਸੰਗਠਿਤ ਕੀਤਾ। ਗੁਰੂ ਤੇਗ਼ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸਿਖ ਸੰਗਤਾਂ ਨੂੰ ਅੰਤਮ ਰੂਪ ਦੇ ਕੇ ਖਾਲਸਾ ਪੰਥ ਦਾ ਨਿਰਮਾਣ ਕੀਤਾ। ਅਠਾਰਵੀਂ ਤੇ ਉਨੀਂਵੀਂ ਸਦੀ ਵਿਚ ਇਨ੍ਹਾਂ ਜਥੇਬੰਦੀਆਂ ਨੇ ਰਾਜਸੀ ਸ਼ਕਤੀ ਧਾਰਨ ਕਰਕੇ



22 ਮਿਸਲਾਂ ਅਤੇ ਸਿਖ ਰਾਜ ਦੇ ਪ੍ਰਭਾਵਸ਼ਾਲੀ ਰੂਪ ਵਿਚ ਸੰਸਾਰ ਨੂੰ ਹੈਰਾਨ ਕੀਤਾ। ਜਿਵੇਂ ਉਪਰ ਜੋਗੀਆਂ ਨਾਲ ਬਹਿਸ ਦੇ ਪ੍ਰਸੰਗ ਵਿਚ ਦੱਸਿਆ ਗਿਆ ਹੈ ਸਿਖ ਧਰਮ ਵਿਚ ਸੰਗਤ ਇਕ ਵੱਡੀ ਕਰਾਮਤ ਵਜੋਂ ਹੋਂਦ ਵਿਚ ਆਈ। ਸਿਖ ਸੰਗਤ ਦਾ ਤਲ ਨਿਰੋਲ ਅਧਿਆਤਮਿਕ ਹੈ ਅਤੇ ਇਸ ਉਪਰ ਕੀਤੀ ਗਈ ਉਸਾਰੀ ਸਮਾਜਿਕ ਅਤੇ ਆਰਥਿਕ ਤੱਤਾਂ ਨਾਲ ਕੀਤੀ ਗਈ ਹੈ।। ਗੁਰੂ ਅਮਰਦਾਸ ਜੀ ਨੇ ਜਦ ਸੰਗਤ ਨਾਲ ਪੰਗਤ (ਅਰਥਾਤ ਲੰਗਰ) ਨੂੰ ਜੋੜ ਦਿੱਤਾ ਤਾਂ ਇਹ ਇਕ ਅਜਿਹਾ ਕਾਰਨਾਮਾ ਸੀ, ਜਿਸ ਦੀ ਮਿਸਾਲ ਦੁਨੀਆਂ ਭਰ ਵਿੱਚ ਨਹੀਂ ਮਿਲਦੀ। ਸਭ ਊਚ-ਨੀਚ, ਨਸਲ, ਕੌਮ, ਧਰਮ, ਜਾਤੀ ਆਦਿ ਦੇ ਭੇਦ-ਭਾਵ ਇਕ ਦਮ ਨਸ਼ਟ ਹੋ ਗਏ। ਇਕ ਖਾਲਸਾ ਮਨੁੱਖੀ ਭਾਈਚਾਰਾ ਹੋਂਦ ਵਿਚ ਆ ਗਿਆ। ਇਕ ਜ਼ਬਰਦਸਤ ਜਨਤਕ ਲਹਿਰ ਤੇ ਇਕ ਨਿਗਰ। ਧਾਰਮਿਕ ਅੰਦੋਲਨ ਪਹਿਲੀ ਵਾਰ ਭਾਰਤ ਦੇ ਨਿੱਘਰ ਚੁੱਕੇ ਤੇ ਡਾਂਵਾਂਡੋਲ ਸਭਿਆਚਾਰ ਨੂੰ ਨਵੇਂ ਸਿਰਿਓਂ ਸੁਰਜੀਤ ਕਰਨ ਲਈ ਚਾਲੂ ਕੀਤਾ ਗਿਆ। ਲੰਗਰ ਦੀ ਪ੍ਰਥਾ ਨਾਲ ਅਵੱਸ਼ ਰੂਪ ਵਿੱਚ ਧਰਮ ਦੀ ਅਰਥਾਤ ਦਸਾਂ ਨੌਹਾਂ ਦੀ ਗੱਦੀ 6 ਜੁੜੀ ਹੋਈ ਹੈ। ਗੁਰੂ ਨਾਨਕ ਸਾਹਿਬ ਨੇ ਆਪ ਧਰਮ ਦੀ ਕਿਰਤ ਕੀਤੀ ਅਤੇ ਸਿਖਾਂ ਨੂੰ ਰਹਿਣ ਤੋਂ ਵਰਜ ਕੇ ਕਿਰਤੀ ਬਣਾਇਆ। ਹਿੰਦੂ ਧਰਮ ਵਿਚ ਬੁੱਧ ਅਤੇ ਜੈਨ ਆਦਿ ਧਰਮਾਂ ਸੰਸਾਰ ਦੇ ਤਿਆਗ ਉਤੇ ਬਹੁਤ ਜ਼ੋਰ ਦਿੱਤਾ ਗਿਆ, ਜਿਸ ਦਾ ਸਿੱਟਾ ਇਹ ਸੀ ਕਿ ਬਹੁਤੇ ਸੋਨਾ ਬਾਹਰ ਛੱਡ ਕੇ ਸਾਧੂ, ਤਿਆਗੀ ਤੇ ਅਭਿਆਗਤ ਹੋ ਜਾਂਦੇ ਸਨ। ਦੂਜੇ ਸ਼ਬਦਾਂ ਵਿਚ ਵਿਹਲੇ ਹੋ ਜਾਂਦੇ ਸਨ। ਨਾ ਕੰਮ ਕਰਨਾ, ਨਾ ਖੱਟਣਾ ਕਮਾਉਣਾ, ਨਾ ਕਿਸੇ ਨੂੰ ਦਾਨ ਕਰਨਾ, ਸਗੋਂ ਦੂਜਿਆ ਦੇ ਘਰੋਂ ਮੰਗ ਕੇ ਖਾਣਾ, ਉਨ੍ਹਾਂ ਦਾ ਵਿਹਾਰ ਸੀ। ਗੁਰੂ ਸਾਹਿਬ ਨੇ ਇਸ ਆਰਥਿਕ ਪਾਧੀਨਤਾ ਨੂੰ ਪੂਰਨ ਤੌਰ 'ਤੇ ਰੱਦ ਕੀਤਾ। ਇਸ ਤਿਆਗਵਾਦ ਦੀ ਥਾਂ ਗ੍ਰਹਿਸਥ ਮਾਰਗ ਦੀ ਪਾਬੰਦੀ ਲਾਗ ਕੀਤੀ। ਚੰਗਾ ਸਿਖ ਉਹੀ ਹੈ ਜੋ ਗ੍ਰਹਿਸਥੀ ਹੈ, ਕਿਰਤੀ ਤੇ ਦਾਨੀ ਹੈ, ਸਮਾਜ ਦੀ ਅਗਵਾਈ ਤੇ ਸੇਵਾ ਕਰਨ ਵਿਚ ਤੱਤਪਰ ਹੈ। ਗੁਰੂ ਸਾਹਿਬ ਨੇ ਇਸ ਤਬਦੀਲੀ ਨਾਲ ਭਾਰਤੀ ਸਮਾਜ ਵਿਚ ਇਕ ਨਵੀਂ ਕ੍ਰਾਂਤੀ ਪੈਦਾ ਕੀਤੀ ਜਿਸ ਦੇ ਬੜੇ ਦੂਰਰਸ ਸਿੱਟੇ ਨਿਕਲੇ। ਗੁਰੂ ਨਾਨਕ ਸਾਹਿਬ ਦਾ ਇਸ ਪ੍ਰਥਾਇ ਬੜਾ ਸਪੱਸ਼ਟ ਉਪਦੇਸ਼ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਹਿ ਸੇਇ।।
(ਗੁਰੂ ਗ੍ਰੰਥ ਸਾਹਿਬ, ਅੰਗ 1245)

ਸਿੱਖ ਸੰਗਤ ਬਾਰੇ ਧਿਆਨ ਨਾਲ ਦੇਖਣ ਵਾਲੀ ਗੱਲ ਇਹ ਹੈ ਕਿ ਇਹ ਸਿਖ ਸੰਗਤ ਕਿਸ ਕਿਸਮ ਦੀ ਹੈ, ਅਰਥਾਤ ਇਸ ਦੀ ਕਿਰਤੀ ਕੀ ਹੈ? ਕੀ ਇਹ ਇਕ ਸਾਧਾਰਨ ਮਨੁੱਖੀ ਸੰਗਤ ਜਾਂ ਸਮਾਜ ਹੈ ਜਾਂ ਕੋਈ ਵਿਸ਼ੇਸ਼ ਪ੍ਰਕਾਰ ਦੀ ਸੋਸਾਇਟੀ ਹੈ? ਇਸ ਦਾ ਉੱਤਰ ਸਪੱਸ਼ਟ ਹੈ। ਸਿਖ ਸਮਾਜ ਅਸਲੋਂ ਇਕ ਵਿਲੱਖਣ ਭਾਈਚਾਰਾ ਹੈ। ਇਸ ਵਿਚ ਹਰ ਮਨੁੱਖ ਨੂੰ ਸ਼ਾਮਲ ਹੋਣ ਦੀ ਆਗਿਆ ਹੈ। ਹਰ ਕੋਈ ਸਤਿਗੁਰੂ ਦੀ ਸ਼ਰਨ ਗ੍ਰਹਿਣ ਕਰ ਸਕਦਾ ਹੈ। ਇਹ ਸਮਾਜ 'ਸਗਲ ਜਮਾਤੀ' ਦਾ ਆਸ਼ਾ ਰੱਖਦਾ ਹੈ (ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤ।। ਜਪੁਜੀ, ੨੮) ਸਰਬਤ ਦਾ ਭਲਾ ਮੰਗਣਾ ਸਿਖ ਸੰਗਤ ਦਾ ਮੂਲ ਉਦੇਸ਼ ਹੈ। ਗੁਰੂ ਅਰਜਨ ਸਾਹਿਬ ਦਾ ਮਹਾਂਵਾਕ

ਬਿਸਰਿ ਗਈ ਸਭ ਤਾਤਿ ਪਰਾਈ।।
ਜਬ ਤੇ ਸਾਧਸੰਗਤਿ ਮੋਹਿ ਪਾਈ।।
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ।।
(ਗੁਰੂ ਗ੍ਰੰਥ ਸਾਹਿਬ, ਅੰਗ 1299)

ਇਹ ਸੰਗਤ ਗੁਰਮੁਖਾਂ ਦੀ, ਆਸਤਕ ਤੇ ਭਲੇ ਪੁਰਸ਼ਾਂ ਦੀ ਸੰਗਤ ਹੈ, ਜੋ ਵਾਹਿਗੁਰੂ ਨਾਮ ਦਾ ਹਰ ਵੇਲੇ ਆਸਰਾ ਲੈ ਕੇ ਮਨੁੱਖ ਮਾਤਰ ਦੀ ਸੇਵਾ ਵਿਚ ਜੀਵਨ ਅਰਪਨ ਕਰਨ ਵਾਲੇ ਪਰਉਪਕਾਰੀ ਜੀਵ ਹਨ। ਇਸਤਰੀ ਮਰਦ ਦੀ ਇਸ ਵਿਚ ਪੂਰਨ ਬਰਾਬਰੀ ਹੈ। ਭਾਰਤ ਵਿਚ ਪਹਿਲੀ ਵਾਰ ਗੁਰੂ ਨਾਨਕ ਸਾਹਿਬ ਨੇ ਇਸਤਰੀ ਨੂੰ ਉਸ ਦਾ ਯੋਗ ਸਥਾਨ ਪ੍ਰਦਾਨ ਕੀਤਾ। ਸਿਖ ਸੰਗਤ ਵਿਚ ਵਹਿਮਾਂ ਭਰਮਾਂ, ਜਾਦੂ ਟੂਣੇ, ਉਚ ਨੀਚ, ਬੁੱਤ ਪੂਜਾ, ਮੜੀ ਪੂਜਾ ਆਦਿ ਦੀ ਕੋਈ ਥਾਂ ਨਹੀਂ। ਕੇਵਲ ਵਾਹਿਗੁਰੂ ਦੀ ਪੂਜਾ ਤੇ ਉਪਾਸਨਾ ਨੂੰ ਮੁੱਖ ਰੱਖਿਆ ਜਾਂਦਾ ਹੈ। ਸਿਖ ਧਰਮ ਵਿੱਚ ਸੰਗਤ ਦੀ ਮਹੱਤਤਾ ਏਨੀ ਜ਼ਿਆਦਾ ਹੈ ਕਿ ਸੰਗਤਾਂ ਨੂੰ ਗੁਰੂ ਨਾਲੋਂ ਵੀ ਉਚੇਰਾ ਦਰਜਾ ਦਿੱਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਆਪ ਉਨ੍ਹਾਂ ਪਾਸੋਂ ਅੰਮ੍ਰਿਤ ਛਕਿਆ, ਜਿਸ ਦਾ ਭਾਵ ਇਹ ਸੀ ਕਿ ਸੰਗਤ ਦਾ ਰੁਤਬਾ ਸਭ ਤੋਂ ਉਚਾ ਹੈ। ਇਸੇ ਗੁਰੂ ਸੰਗਤ ਨੂੰ ਵਡਿਆ ਕੇ 'ਖਾਲਸਾ' ਦੀ ਪਦਵੀ ਦਿੱਤੀ ਗਈ ਜੋ ਗੁਰੂ ਸਾਹਿਬ ਦਾ ਆਪਣਾ ਖਾਸ ਰੂਪ ਹੈ (ਖਾਲਸਾ ਮੇਰੋ ਰੂਪ ਹੈ ਖਾਸ।। ਖਾਲਸੇ ਮੈਂ ਹਉਂ ਕਰੋ ਨਿਵਾਸ।। ਸੰਗਤ ਦੀ ਵਡਿਆਈ ਵਜੋਂ ਗੁਰਬਾਣੀ ਵਿੱਚੋਂ ਅਨੇਕਾਂ ਹੀ ਕਥਨ ਮਿਲ ਜਾਂਦੇ ਹਨ। ਭਾਈ ਗੁਰਦਾਸ ਜੀ ਨੇ ਸੰਗਤ ਅਤੇ ਸਾਧ ਸੰਗਤ ਦੀ ਵਿਸ਼ੇਸ਼ਤਾ ਤੇ ਮਹੱਤਤਾ ਦਾ ਵਰਨਣ ਕਰਨ ਵਿੱਚ ਆਪਣਾ ਪੂਰਾ ਤਾਣ ਲਾਇਆ ਹੈ।

ਇਕ ਜ਼ਰੂਰੀ ਪ੍ਰਸ਼ਨ ਗੁਰੂ ਤੇ ਸੰਗਤ ਦੇ ਪਰਸਪਰ ਸਬੰਧ ਦਾ ਹੈ। ਗੁਰੂ ਆਪਣੇ ਆਪ ਵਿਚ ਸਦੀਵੀ ਧਾਰਾ ਜਾਂ ਲਹਿਰ ਹੈ ਜੋ ਗੁਰੂ ਆਸ਼ੇ ਨੂੰ, ਗੁਰੂ ਸੰਦੇਸ਼ ਨੂੰ ਅਮਲੀ ਰੂਪ ਵਿੱਚ ਸਦੀਵ ਕਾਲ ਤੱਕ ਫਲੀਭਤ ਕਰਨ ਦੇ ਸਮਰੱਥ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ। ਪਰ ਸਚਾਈ ਇਹ ਹੈ ਕਿ ਗੁਰੂ ਤੇ ਸੰਗਤ ਸਦਾ ਅਨਿੱਖੜ ਹਨ, ਇਹ ਦੋ ਇਕਾਈਆਂ ਨਹੀਂ, ਸਗੋਂ ਇਕੋ ਇਕਾਈ ਹਨ। ਗੁਰੂ ਇਕ ਆਤਮਿਕ ਤੱਤ ਹੈ ਜੋ ਸ਼ਬਦ ਰੂਪ (ਜੋ ਉਸ ਦਾ ਅਸਲੀ ਰੂਪ ਹੈ, ਦੇਹ/ਸਰੀਰ ਉਸ ਦਾ ਅਸਲੀ ਰੂਪ ਨਹੀਂ) ਹੈ, ਅਰਥਾਤ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਤੱਥਾਂ, ਨਾਮ ਸਿਮਰਨ ਰੂਪ ਵਿੱਚ ਸਦਾ ਹੀ ਸੰਗਤ ਵਿੱਚ ਇਕ ਜਗਦੀ ਜੋਤ ਬਣ ਕੇ ਮੌਜੂਦ ਰਹਿੰਦਾ ਹੈ। ਸ਼ਬਦ ਤੋਂ ਬਿਨਾਂ ਸੰਗਤ ਨੂੰ ਕੋਈ ਆਸਰਾ ਪ੍ਰਾਪਤ ਨਹੀਂ। ਸੋ ਗੁਰੂ ਆਪਣੀ ਅਪਾਰ ਰੂਹਾਨੀ ਸ਼ਕਤੀ ਦੁਆਰਾ ਸੰਗਤ ਰਾਹੀਂ ਆਪਣੇ ਸੰਸਾਰ ਕਲਿਆਣ ਦੇ ਉਦੇਸ਼ ਨੂੰ ਪੂਰਾ ਕਰਦਾ ਹੈ।

# ਨੈਤਿਕ ਕਦਰਾਂ-ਕੀਮਤਾਂ 'ਚ ਨਿਘਾਰ

**ਮਾਸਟਰ ਨਿਰਮਲ ਸਿੰਘ ਲਾਲੀ**

ਨੈਤਿਕ ਪੱਖੋਂ ਹਜ਼ਾਰਾਂ ਵਿਚੋਂ ਕੋਈ ਮਨੁੱਖ ਹੀ ਸੰਪੂਰਨ ਹੋਵੇਗਾ। ਪਹਿਲਾਂ ਵੀ ਲਿਖਿਆ ਹੈ ਕਿ ਮਨੁੱਖ ਨੇ ਸ਼ਖਸੀਅਤ ਦੇ ਹਰ ਪੱਖੋਂ ਉਨਤੀ ਕੀਤੀ ਹੈ ਅਤੇ ਸੱਭਿਅਤਾ ਦੇ ਪੱਖੋਂ ਵੀ ਮਨੁੱਖ ਨੇ ਮੰਜ਼ਿਲਾਂ ਨੂੰ ਛੂਹਿਆ ਹੈ; ਭਾਵ ਜੰਗਲਾਂ ਅਤੇ ਪਹਾੜਾਂ ਦੀਆਂ ਗੁਫ਼ਾਵਾਂ ਤੋਂ ਉਠ ਕੇ, ਅੱਜ ਮਨੁੱਖ ਕਿੰਨੇ ਖੂਬਸੂਰਤ ਮਕਾਨਾਂ ਵਿਚ ਰਹਿੰਦਾ ਹੈ ਪਰ ਜਿਥੋਂ ਤੱਕ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਸ਼ਨ ਹੈ, ਉਸ ਵਿਚ ਨਿਘਾਰ ਆਇਆ ਹੈ। ਅੱਜ ਕੱਲ੍ਹ ਸਮਾਜ ਵਿਚ ਕੀ ਹੋ ਰਿਹਾ ਹੈ, ਇਹ ਇਸ ਗੱਲ ਦਾ ਪ੍ਰਮਾਣ ਹੈ। ਕਿਸੇ ਗਰੀਬ ਤੇ ਕਮਜ਼ੋਰ ਨੂੰ ਦੇਖ ਕੇ ਉਸ ਦਾ ਮਜ਼ਾਕ ਉਡਾਉਣਾ ਅਨੈਤਿਕਤਾ ਹੈ। ਦੂਜੇ ਬੰਦੇ ਨੂੰ ਉਸ ਦੀ ਸ਼ਕਲ ਦੇਖ ਕੇ ਭਾਵ ਸੂਰਤ ਨੂੰ ਦੇਖ ਕੇ ਉਸ ਬਾਰੇ ਕੋਈ ਆਪਣਾ ਘਟੀਆ ਵਿਚਾਰ ਦੇਣਾ ਵੀ ਅਨੈਤਿਕਤਾ ਹੈ ਕਿਉਂਕਿ ਜੋ ਉਸ ਦੀ ਸੀਰਤ ਦੇ ਗੁਣ ਹਨ, ਉਸ ਬਾਰੇ ਤਾਂ ਮਨੁੱਖ ਗੱਲਬਾਤ ਕਰਕੇ ਹੀ ਆਪਣਾ ਵਿਚਾਰ ਦੇ ਸਕਦਾ ਹੈ। ਇਸ ਤਰ੍ਹਾਂ ਸਕੂਲਾਂ, ਕਾਲਜਾਂ ਅਤੇ ਦਫ਼ਤਰਾਂ ਵਿਚ ਵੀ ਕਈ ਵਾਰੀ ਅਜਿਹਾ ਹੁੰਦਾ ਹੈ ਕਿ ਵਿਦਿਆਰਥੀ ਦੀ ਸਾਧਾਰਨ ਗਲਤੀ ਕਾਰਨ ਕਈ ਵਾਰੀ ਉਸ ਨੂੰ ਸਖਤ ਸਜਾਵਾਂ ਦਿੱਤੀਆਂ ਜਾਂਦੀਆਂ ਹਨ। ਪਹਿਲੀ ਵਾਰ ਕੋਈ ਬੱਚਾ ਗਲਤੀ ਕਰ ਦਿੰਦਾ ਹੈ, ਤਾਂ ਕੀ ਉਸ ਨੂੰ ਸਕੂਲ ਵਿਚੋਂ ਕੱਢਣਾ ਨੈਤਿਕਤਾ ਹੈ? ਜਦੋਂ ਕਿ ਉਹ ਪੜ੍ਹਾਈ ਵਿਚ ਲਾਇਕ, ਖੇਡਾਂ ਵਿਚ ਚੰਗਾ ਖਿਡਾਰੀ ਅਤੇ ਆਪਣੇ ਸਹਿਪਾਠੀਆਂ ਤੇ ਅਧਿਆਪਕਾਂ ਦਾ ਅਤਿ ਹਰਮਨਪਿਆਰਾ ਹੋਵੇ। ਬੱਚਿਆਂ ਦਾ ਸੁਧਾਰ ਕਰਨਾ ਹੀ ਨੀਤੀ ਹੋਣੀ ਚਾਹੀਦੀ ਹੈ, ਬੱਚਿਆਂ ਨੂੰ ਨਹੀਂ ਕੋਈ ਮਨੁੱਖ ਵੀ ਗਲਤੀ ਕਰਦਾ ਹੈ ਤਾਂ ਸਾਡਾ ਫਰਜ਼ ਇਹ ਹੋਣਾ ਚਾਹੀਦਾ ਹੈ ਕਿ To bend not to end ਜੇ ਕੋਈ ਮੁੱਖ ਅਧਿਆਪਕ ਆਪਣੇ ਅਧੀਨ ਸਹਿਕਰਮੀ ਅਤੇ ਅਧਿਆਪਕ ਆਪਣੇ ਵਿਦਿਆਰਥੀ ਨਾਲ ਵਿਤਕਰਾ ਕਰਦਾ ਹੈ ਤਾਂ ਇਹ ਵੀ ਅਨੈਤਿਕਤਾ ਹੈ? ਇਹ ਤਜਰਬਾ ਇਨ੍ਹਾਂ ਸਤਰਾਂ ਅਤੇ ਪੁਸਤਕ ਦੇ ਲੇਖਕ ਦਾ ਆਪਣਾ ਨਿੱਜੀ ਹੈ। ਮੈਂ ਇਕ ਪ੍ਰਾਇਮਰੀ ਸਕੂਲ ਵਿਚ ਪੜ੍ਹਾਉਂਦਾ ਸੀ। ਮੈਂ ਸਕੂਲ ਵਿਚ ਪੰਜ ਵਰ੍ਹੇ ਇਕੱਲੇ ਅਧਿਆਪਕ



ਦੇ ਤੌਰ 'ਤੇ ਪੜ੍ਹਾਇਆ। ਇਕੱਲਾ ਅਧਿਆਪਕ ਪੰਜ ਸ਼੍ਰੇਣੀਆਂ ਨੂੰ ਕੀ ਪੜ੍ਹਾ ਸਕਦਾ ਹੈ? ਮਹਿਕਮੇ ਦੀ ਸ਼ਰਤ ਇਹ ਸੀ ਕਿ ਚਾਲੀ ਬੱਚਿਆਂ ਪਿੱਛੇ ਕਰੀਬ ਇਕ ਅਧਿਆਪਕ ਤੇ ਚਾਲੀ ਬੱਚਿਆਂ ਤੋਂ ਵੱਧ ਦੋ ਅਧਿਆਪਕ। ਮੇਰੇ ਪਾਸ ਸੱਠ ਦੇ ਕਰੀਬ ਬੱਚੇ ਸਨ। ਦੂਜਿਆਂ ਸਕੂਲਾਂ ਵਿਚ ਕਿਸੇ ਪੰਜ ਕਿਸੇ ਵਿਚ ਚਾਰ, ਇਸ ਤਰ੍ਹਾਂ ਕਿਸੇ ਵਿਚ ਤਿੰਨ ਅਤੇ ਦੋ। ਹਰ ਸਾਲ ਸਿੱਖਿਆ ਅਫ਼ਸਰ ਆਖਦਾ ਰਿਹਾ ਕਿ ਤੁਹਾਨੂੰ ਇਸ ਸਾਲ ਦੂਜਾ ਅਧਿਆਪਕ ਦਿੱਤਾ ਜਾਵੇਗਾ, ਪਰ ਪੰਜ ਵਰ੍ਹੇ ਇਸੇ ਤਰ੍ਹਾਂ ਹੀ ਬੀਤ ਗਏ। ਬਾਅਦ ਵਿਚ ਇਹ ਕਹਿ ਕੇ ਮੇਰੀ ਬਦਲੀ ਕਰ ਦਿੱਤੀ ਕਿ ਬੱਚਿਆਂ ਨੂੰ ਆਉਂਦਾ ਕੁੱਝ ਨਹੀਂ ਭਾਵ ਪੜ੍ਹਾਈ ਵਿਚ ਕਮਜ਼ੋਰ ਹਨ। ਇਸ ਵਿਚ ਅਧਿਆਪਕ ਦਾ ਕਿੰਨਾ ਕੁ ਦੋਸ਼ ਹੈ? ਅਧਿਆਪਕ ਨੈਤਿਕ ਪੱਖੋਂ ਠੀਕ ਸੀ ਅਤੇ ਉਹ ਸਿੱਖਿਆ ਅਫਸਰ ਨੈਤਿਕਤਾ ਪੱਖੋਂ ਗਲਤ ਸੀ। ਮੇਰੀ ਬਦਲੀ ਤੋਂ ਬਾਅਦ ਛੇਤੀ ਹੀ ਦੂਜਾ ਅਧਿਆਪਕ ਵੀ ਉਸ ਸਕੂਲ ਵਿਚ ਭੇਜ ਦਿੱਤਾ ਗਿਆ। ਇਹ ਸਭ ਕੁਝ ਸਮਾਜ ਵਿਚ ਫੈਲੇ ਹੋਏ ਭ੍ਰਿਸ਼ਟਾਚਾਰ ਦਾ ਹੀ ਸਿੱਟਾ ਹੈ। ਇਸ ਤਰ੍ਹਾਂ ਸਮਾਜ ਵਿਚ ਅਨੇਕਾਂ ਹੀ ਉਦਾਹਰਣਾਂ ਮਿਲਦੀਆਂ ਹਨ, ਜਿੱਕੇ ਨੈਤਿਕ ਅਤੇ ਮਨੁੱਖੀ ਕਦਰਾਂ ਕੀਮਤਾਂ ਦਾ ਘਾਣ ਕੀਤਾ ਜਾ ਰਿਹਾ ਹੈ ਤੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ। ਨੈਤਿਕਤਾ ਦਾ ਸਬੰਧ ਚੰਗੇ ਅਤੇ ਮਾੜੇ ਕੰਮ ਨਾਲ ਹੁੰਦਾ ਹੈ। ਨੈਤਿਕਤਾ ਦੀ ਗੱਲ ਤਾਂ ਅਸੀਂ ਕਰ ਚੁੱਕੇ ਹਾਂ, ਹੁਣ ਉਥੇ ਅਨੈਤਿਕਤਾ ਬਾਰੇ ਗੱਲ ਕਰਦੇ ਹਾਂ। ਜਿੱਥੇ ਨੈਤਿਕਤਾ ਦਾ ਅਰਥ ਹੈ ਠੀਕ, ਅਨੈਤਿਕਤਾ ਦਾ ਅਰਥ ਹੈ ਗਲਤ, ਤੁਸੀਂ ਸਮਾਜਿਕ ਤੌਰ 'ਤੇ ਭਾਗ ਗਲਤ ਵਿਵਹਾਰ ਅਤੇ ਜਜ਼ਬਾਤੀ ਤੌਰ ਤੇ ਵੀ ਗਲਤ ਹੋ ਸਕਦੇ ਹੋ ਤੇ ਤੁਸੀਂ ਕਾਨੂੰਨੀ ਤੇ ਨੈਤਿਕਤਾ ਪੱਖੋਂ ਵੀ ਗਲਤ ਹੋ ਸਕਦੇ ਹੋ। ਤੁਸੀਂ ਜਿੰਨਾ ਕਾਨੂੰਨੀ ਤੌਰ 'ਤੇ ਗਲਤ ਹੋ, ਓਨਾ ਹੀ ਤੁਸੀਂ ਨੈਤਿਕਤਾ ਪੱਖੋਂ ਗਲਤ ਹੋ। ਪਰ ਦੁਖਾਂਤ ਇਹ ਹੈ ਕਿ ਅਸੀਂ ਨੈਤਿਕਤਾ ਪੱਖੋਂ ਅੱਖਾਂ ਮੀਟੀਆਂ ਹੋਈਆਂ ਹਨ ਅਤੇ ਸ਼ਖਸੀਅਤ ਦਾ ਇਹ ਪਹਿਲੂ ਭਾਵ ਨੈਤਿਕਤਾ ਪੱਖੋਂ ਆਮ ਮਨੁੱਖ ਅਜੇ ਤੱਕ ਸੱਖਦਾ ਹੀ ਹੈ, ਜਿਸ ਕਰਕੇ ਨਿੱਤ ਦਿਨ ਬਲਾਤਕਾਰ ਹੁੰਦੇ ਹਨ ਅਤੇ ਵੱਡੇ ਵੱਡੇ ਅਫ਼ਸਰ ਰਿਸ਼ਵਤਾਂ ਲੈਂਦੇ ਰੰਗੇ ਹੱਥੀਂ ਫੜੇ ਜਾਂਦੇ ਹਨ ਅਤੇ ਜੇਲ੍ਹਾਂ ਦੀ ਹਵਾ ਖਾ ਰਹੇ ਹਨ। ਅਜੇ ਤੱਕ ਅਸੀਂ ਇਨ੍ਹਾਂ ਬੁਰਾਈਆਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਿਸ ਕਰਕੇ ਸਮਾਜ ਦੇ ਹਰ ਖੇਤਰ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਕੀ ਕਰਮਚਾਰੀ ਤੇ ਕੀ ਅਫ਼ਸਰ ਸਭ ਆਪਣੇ ਕਰਤੱਵ ਵੱਲੋਂ ਅੱਖਾਂ ਮੀਟੀ ਬੈਠੇ ਹਨ। ਪੁਲਿਸ ਜਿਸ ਨੇ ਜਨਤਾ ਦੀ ਰੱਖਿਆ ਕਰਨੀ ਹੈ, ਭ੍ਰਿਸ਼ਟਾਚਾਰ ਨਾਲ ਲਿਬੜੇ ਹੋਏ ਹਨ ਅਤੇ ਜੇਲ੍ਹਾਂ ਵਿਚ ਸਜ਼ਾਵਾਂ ਭੁਗਤ ਰਹੇ ਹਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਵਾੜ ਹੀ ਖੇਤ ਨੂੰ ਖਾਈ ਜਾਂਦੀ ਹੈ। ਇਸ ਵੇਲੇ ਭਾਰਤੀ ਸਮਾਜ ਦਾ ਤਾਂ ਰੱਬ ਹੀ ਰਾਖਾ ਹੈ।

**ਇਕਵਾਕ ਸਿੰਘ ਪੱਟੀ**
ਸੁਲਤਾਨਵਿੰਡ ਰੋਡ, ਅੰਮ੍ਰਿਤਸਰ।

## 7 ਮਈ ਹਾਸ ਦਿਵਸ 'ਤੇ ਵਿਸ਼ੇਸ਼

# ਹੱਸਣ ਦੀ ਆਦਤ ਪਾ ਸੱਜਣਾ



ਖੁਸ਼ ਰਹਿਣ ਨੂੰ ਇੱਕ ਕਲਾ ਮੰਨਿਆ ਗਿਆ, ਪਰ ਇਹ ਵੀ ਸੱਚ ਹੈ ਕਿ ਅਜੋਕੇ ਦੌਰ ਵਿੱਚ ਇਹ ਕਲਾ ਕਿਸੇ ਵਿਰਲੇ ਦੇ ਹੀ ਵੱਸ ਵਿੱਚ ਹੈ। ਜਿਸਦਾ ਮੁੱਖ ਕਾਰਨ ਪਦਾਰਥਵਾਦ ਵਿੱਚ ਮਨੁੱਖਤਾ ਦਾ ਖਚਿੱਤ ਹੋ ਜਾਣਾ, ਪੈਸੇ ਦੀ ਦੌੜ, ਚਮਕ-ਦਮਕ ਵਾਲੀ ਜਿੰਦਗੀ ਦੇ ਪਿੱਛੇ ਭੱਜਣਾ, ਰਿਸ਼ਤਿਆਂ ਵਿੱਚ ਖਟਾਸ ਪੈਦਾ ਹੋ ਜਾਣਾ, ਤਕਨਾਲੋਜੀ ਵਿੱਚ ਰੁੱਝ ਜਾਣਾ, ਦਿਸਣ ਵਾਲੀਆਂ ਮਹਿੰਗੀਆਂ ਸ਼ੈਆਂ ਨੂੰ ਖ੍ਰੀਦਣ ਜਾਂ ਅਪਨਾਉਣ ਬਾਰੇ ਸੋਚਦੇ ਰਹਿਣਾ, ਦੌਲਤ-ਸ਼ੋਹਰਤ ਨੂੰ ਹੀ ਜਿੰਦਗੀ ਦਾ ਮਕਸਦ ਮੰਨ ਬੈਠਣਾ ਆਦਿ। ਪਾਵਨ ਗੁਰੂ-ਬਾਣੀ ਸਮਝਾਉਂਦੀ ਹੈ, 'ਦ੍ਰਿਸਟਿਮਾਨ ਸਭੁ ਬਿਨਸੀਐ' ਭਾਵ ਜੋ ਕੁੱਝ ਵੀ ਤੂੰ ਇਸ ਸੰਸਾਰ ਵਿੱਚ ਦੇਖ ਰਿਹਾ ਹਾਂ, ਇਹ ਸਭ ਕੁਝ ਬਿਨਸਣਹਾਰ ਭਾਵ ਨਾਸ਼ਮਾਨ ਹੈ ਅਤੇ ਰਹੀ ਗੱਲ ਇੱਕ ਵਾਰ ਇਹਨਾਂ ਚੀਜ਼ਾਂ/ਪਦਾਰਥਾਂ ਨੂੰ ਆਪਣਾ ਬਣਾਉਣ ਦੀ ਤਾਂ ਜਪੁਜੀ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਬੜੇ ਕਮਾਲ ਦੇ ਹਨ, 'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ' ਕਿ ਤ੍ਰਿਸ਼ਨਾ ਤਾਂ ਸਾਰੇ ਭਵਣਾਂ ਦੇ ਖਜ਼ਾਨੇ ਇੱਕਠੇ ਕਰਨ ਤੋਂ ਬਆਦ ਵੀ ਖਤਮ ਨਹੀਂ ਹੋਣੀ ਤਾਂ ਫਿਰ ਕਿਉਂ ਇਹਨਾਂ ਪਿੱਛੇ ਲੱਗ ਕੇ ਆਪ ਦੁਖੀ ਹੋਣਾ ਅਤੇ ਹੋਰਨਾਂ ਨੂੰ ਦੁਖੀ ਕਰਨਾ। ਇਸ ਬਾਬਤ ਗੁਰੂਬਾਣੀ ਵਿੱਚ ਬਹੁਤ ਸੁਹਣਾ ਦ੍ਰਿਸ਼ਟਾਂਤ ਮਿਲਦਾ ਹੈ, 'ਵਿਣੁ ਤੁਧੁ ਹੋਰੁ ਜੇ ਮੰਗਣਾ ਸਿਰਿ ਦੁਖਾ ਕੈ ਦੁਖ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ' ਕਿ ਸੰਸਾਰ ਵਿੱਚ ਜਨਮ ਲੈਣ ਤੋਂ ਬਾਅਦ ਰੱਬੀ ਗੁਣਾਂ ਦੇ ਨਾਲ ਸਾਂਝ ਪਾ ਲੈਣੀ ਹੀ ਅਸਲ ਸੁੱਖ ਹੈ ਅਤੇ ਇਹੋ ਇੱਕ ਢੰਗ ਹੈ ਜਿਸ ਨਾਲ ਅਸੀਂ ਪ੍ਰਮਾਤਮਾ ਨਾਲ ਸਾਂਝ ਪਾ ਕੇ ਐਸਾ ਰੱਜ, ਸਬਰ, ਸੰਤੋਖ ਅਤੇ ਸਹਿਨਸ਼ੀਲਤਾ ਆਪਣੇ ਮਨ ਅੰਦਰ ਪੈਦਾ ਕਰ ਸਕਦੇ ਹਾਂ ਜੋ ਦੁਨਿਆਵੀ ਤੌਰ ਤੇ ਨਾ ਤਾਂ ਖ੍ਰੀਦਿਆ ਜਾ ਸਕਦਾ ਹੈ ਨਾ ਹੀ ਹੱਟਾਂ ਤੇ ਵਿਕਦਾ ਹੈ।

ਮੈਂ ਅਕਸਰ ਇਹ ਕਹਿੰਦਾ ਹੁੰਦਾ ਕਿ, ਹੱਸਦੇ ਰਹਿਣ ਵਾਲਾ ਮਨੁੱਖ ਆਪਣੀ ਜਿੰਦਗੀ ਦੀਆਂ ਔਖੀਆਂ ਘੜੀਆਂ ਨੂੰ ਵੀ ਬੜੇ ਸਬਰ, ਸਹਿਣਸ਼ੀਲ਼ਤਾ ਅਤੇ ਠਰੰਮ੍ਹੇ ਨਾਲ ਲੰਘਾ ਲੈਂਦਾ ਹੈ ਜਦਕਿ ਇਸ ਦੀ ਉਲਟ ਉਦਾਸ ਅਤੇ ਚਿੰਤਾਤੁਰ ਰਹਿਣ ਵਾਲਾ ਵਿਅਕਤੀ ਆਪਣੇ ਸਮੇਂ ਦੇ ਨਾਲ ਸਿਹਤ ਦਾ ਵੀ ਵੱਡਾ ਨੁਕਸਾਨ ਕਰ ਬੈਠਦਾ ਹੈ। ਸ਼ਾਇਦ ਇਸੇ ਕਰਕੇ ਕਿਹਾ ਗਿਆ 'ਹੱਸਦਿਆਂ ਤੇ ਘਰ ਵੱਸਦੇ'। ਇਸ ਲਈ ਜ਼ਰੂਰੀ ਹੈ ਕਿ ਜਿੰਦਗੀ ਵਿੱਚਲੇ ਉਦਾਸੀ ਦੇ ਹਨ੍ਹੇਰਿਆਂ ਨੂੰ ਚੀਰ ਕੇ, ਖਿੜਖਿੜਾ ਕੇ ਹੱਸਦੇ ਹੋਏ, ਅਨੰਦ ਮੰਗਲ ਜੀਵਣ ਜਿਊਣ ਕੋਸ਼ਿਸ਼ ਹੀ ਨਹੀਂ ਬਲਕਿ ਖੁਸ਼ੀਆਂ ਖੇੜਿਆਂ ਭਰੀ ਜਿੰਦਗੀ ਜੀਵਿਆ ਕਰੀਏ। ਕਿਹਾ ਜਾਂਦਾ ਹੈ ਕਿ, 'ਜਦੋਂ ਤੁਸੀਂ ਹੱਸਦੇ ਹੋ ਤਾਂ ਪ੍ਰਮਾਤਮਾ ਦੀ ਪ੍ਰਾਥਨਾ ਕਰਨ ਦੇ ਬਰਾਬਰ ਹੈ ਅਤੇ ਜਦੋਂ ਤੁਸੀਂ ਕਿਸੇ ਹਸਾਉਂਦੇ ਹੋ ਤਾਂ ਇਵੇਂ ਹੈ ਕਿ ਪ੍ਰਮਾਤਮਾ ਤੁਹਾਡੇ ਲਈ ਪ੍ਰਾਥਨਾ ਕਰ ਰਿਹਾ ਹੈ।' ਇਹ ਮੰਨਿਆ ਜਾਂਦਾ ਹੈ ਕਿ, 'ਹਾਸਾ ਇਕ ਇਹੋ ਜਿਹਾ ਹਾਂ-ਪੱਖੀ ਅਤੇ ਸ਼ਕਤੀਸ਼ਾਲੀ ਅਹਿਸਾਸ ਹੈ, ਜੋ ਸਾਨੂੰ ਨਿੱਜੀ ਤੌਰ ਤੇ ਅਤੇ ਦੁਨੀਆ ਨੂੰ ਬੜੇ ਹੀ ਅਨੰਦਮਈ ਸ਼ਾਂਤੀ ਭਰੇ ਅਤੇ ਹਾਂ ਪੱਖੀ ਰਸਤੇ ਤੇ ਲਿਜਾਣ ਦੀ ਸਮਰੱਥਾ ਰੱਖਦਾ ਹੈ।ਹੱਸਣਾ ਅਤੇ ਹਸਾਉਣਾ ਇੱਕ ਕਲਾ ਹੈ। ਇਸੇ ਹੀ ਸੰਦਰਭ ਵਿੱਚ ਪੰਜਾਬੀ ਦੀ ਇੱਕ ਕਹਾਵਤ ਵੀ ਬੜੀ ਮਸ਼ਹੂਰ ਹੈ ਕਿ, 'ਹਾਸਾ ਨਿਰਾ ਪਤਾਸਾ, ਰੋਣਾ ਉਮਰਾਂ ਦਾ ਧੋਣਾ।' ਅਫਸੋਸ ਕਿ ਹੱਸਣ ਨੂੰ ਅੰਧਵਿਸ਼ਵਾਸ਼ ਨਾਲ ਜੋੜ ਕੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਦੀ ਮਾਨਸਿਕਤਾ ਨੂੰ ਤਾਲਾ ਲਗਾ ਦਿੱਤਾ, ਅਖੇ, ਜਿਆਦਾ ਹੱਸਣ ਤੋਂ ਬਾਅਦ ਜਿਆਦਾ ਹੀ ਰੋਣਾ ਪੈਂਦਾ ਹੈ।

ਜ਼ਿਕਰਯੋਗ ਹੈ ਕਿ ਹੱਸਣ ਦਾ ਸਿੱਧਾ ਸਬੰਧ ਸਾਡੇ ਸੁਭਾਅ ਅਤੇ ਆਲੇ ਦੁਆਲੇ ਦੇ ਮਾਹੌਲ 'ਤੇ ਨਿਰਭਰ ਕਰਦਾ ਹੈ, ਪਰ ਵਿਗਿਆਨਕ ਤੌਰ ਤੇ ਹੱਸਣ ਦੇ ਬਹੁਤ ਸਾਰੇ ਫਾਇਦੇ ਹੁੰਦੇ ਹਨ। ਮੈਰੀਲੈਂਡ ਯੂਨੀਵਰਸਿਟੀ ਦੇ ਡਾ. ਜੂਡੀ ਅਨੁਸਾਰ ਹੱਸਣ ਨਾਲ ਦਿਲ, ਫੇਫੜੇ ਤੇ ਜਿਗਰ ਦੀ ਕਸਰਤ ਹੁੰਦੀ ਹੈ ਅਤੇ ਖੁੱਲ੍ਹ ਕੇ ਹੱਸਣ ਨਾਲ ਸਾਡੇ ਸਰੀਰ ਅੰਦਰ ਊਰਜਾ ਪੈਦਾ ਹੁੰਦੀ ਹੈ ਤੇ ਪਾਚਣ ਸ਼ਕਤੀ ਨਾਲ ਸਬੰਧਤ ਰੋਗ ਠੀਕ ਹੁੰਦੇ ਹਨ, ਇਸ ਦੇ ਨਾਲ ਹੀ ਪੱਠਿਆ— ਦਾ ਖਿਚਾਅ, ਤਣਾਅ ਵਾਲੇ ਹਾਰਮੋਨਜ਼, ਬੀ ਪੀ ਅਤੇ ਦਿਲ ਦੇ ਦੌਰੇ ਦਾ ਖਤਰਾ ਵੀ ਘੱਟ ਜਾਂਦਾ ਹੈ। ਇੱਕ ਖੋਜ ਅਨੁਸਾਰ 'ਹਾਸਾ ਸਾਡੇ ਤਣਾਅ ਨੂੰ ਘੱਟ ਕਰਕੇ ਮਾਨਸਿਕ ਤੌਰ 'ਤੇ ਸੰਤੁਸ਼ਟੀ ਦਿੰਦਾ ਹੈ।'

ਪੰਜਾਬੀ ਗੀਤਾਂ ਅਤੇ ਬੋਲੀਆਂ ਵਿੱਚ ਤਾਂ ਹਾਸੇ ਦੀ ਵਿਸ਼ੇਸ਼ ਥਾਂ ਹੈ :

ਇਹ ਦੁਨੀਆ ਮੰਡੀ ਪੈਸੇ ਦੀ, ਹਰ ਚੀਜ਼ ਵਿਕਦੀ ਏ ਭਾਅ ਸੱਜਣਾ
ਇੱਥੇ ਰੋਂਦੇ ਚਿਹਰੇ ਨਹੀਂ ਵਿਕਦੇ, ਹੱਸਣ ਦੀ ਆਦਤ ਪਾ ਸੱਜਣਾ।'
ਚਿੱਟੇ ਦੰਦ ਹੱਸਣੋਂ ਨਾ ਰਹਿੰਦੇ, ਲੋਕੀ ਭੈੜੇ ਸ਼ੱਕ ਕਰਦੇ।
ਹੱਸਦਿਆਂ ਦੇ ਘਰ ਵੱਸਦੇ।
ਹਾਸਾ ਨਿਰਾ ਪਤਾਸਾ, ਰੋਣਾ ਉਮਰਾਂ ਦਾ ਧੋਣਾ।

ਪੁਰਾਣੇ ਸਮੇਂ ਵਿੱਚ ਸਿਆਣੇ ਬਜ਼ੁਰਗ 'ਹਮੇਸ਼ਾਂ ਹਸੱਦੇ ਵੱਸਦੇ ਰਹੋ' ਦੀ ਆਸੀਸ ਦਿਆ ਕਰਦੇ ਸਨ। ਵੈਸੇ ਵੀ ਹਸਮੁੱਖ ਇਨਸਾਨ ਕਿਸ ਨੂੰ ਚੰਗਾ ਨਹੀਂ ਲੱਗਦਾ ਅਤੇ ਹਰ ਕੋਈ ਆਪਣੇ ਆਪ ਨੂੰ ਖੁਸ਼ ਰੱਖਣਾ ਚਾਹੁੰਦਾ ਹੈ, ਭਾਵੇਂ ਜਿੰਦਗੀ ਵਿੱਚ ਆਉਣ ਵਾਲੇ ਉਤਰਾਅ-ਚੜਾਅ ਸਾਡੀ ਜਿੰਦਗੀ ਦਾ ਹਿੱਸਾ ਹਨ ਅਤੇ ਸੁੱਖ-ਦੁੱਖ ਸਾਡੀ ਜਿੰਦਗੀ ਦਾ ਇੱਕ ਜ਼ਰੂਰੀ ਅਹਿਸਾਸ ਹੈ। ਦੁੱਖਾਂ ਦੇ ਵਿੱਚ ਦੁੱਖੀ ਹੋਣਾ ਜਾਂ ਰੌਣਾ ਵੀ ਜ਼ਰੂਰੀ ਹੈ, ਪਰ ਦੁੱਖਾਂ ਦੇ ਵੱਡੇ ਵੱਡੇ ਪਹਾੜਾਂ ਨੂੰ ਵੀ ਸਾਡੀ ਇੱਕ ਛੋਟੀ ਜਿਹੀ ਮੁਸਕਰਾਹਟ ਸਾਨੂੰ ਅਜਿਹੇ ਪਹਾੜ ਪਾਰ ਕਰਨ ਦੀ ਸਮਰੱਥਾ ਬਖਸ਼ਣ ਦਾ ਬਲ ਰੱਖਦੀ ਹੈ। ਕਿਉਂਕਿ ਦੁੱਖ ਦੀ ਗੱਲ ਕਰੀਏ ਤਾਂ ਹਰ ਘਰ ਪਰਿਵਾਰ ਵਿੱਚ ਅਤੇ ਹਰ ਮਨੁੱਖ ਦੇ ਜੀਵਣ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਦੁੱਖ ਮੌਜੂਦ ਹੈ, ਭਾਵੇਂ ਕਿ ਉਸਦਾ ਰੂਪ ਕੋਈ ਵੀ ਕਿਸੇ ਵੀ ਤਰ੍ਹਾਂ ਦਾ ਹੋਵੇ, ਕਿਉਂਕਿ ਦੁੱਖ ਤਾਂ ਦੁੱਖ ਹੈ, ਇਸ ਨੂੰ ਛੋਟਾ ਜਾਂ ਵੱਡਾ ਕਹਿ ਕੇ ਮਾਪਣਾ ਔਖਾ ਹੈ ਅਤੇ ਇਸ ਗੱਲ ਦੀ ਗਵਾਹੀ ਬਾਬਾ ਫਰੀਦ ਜੀ ਨੇ ਗੁਰਬਾਣੀ ਅੰਦਰ ਬੜੀ ਕਮਾਲ ਦੀ ਦਿੱਤੀ ਹੈ 'ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੇ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥' (ਅੰਗ 1382) ਉੱਥੇ ਜਗਤ ਗੁਰੂ, ਗੁਰੂ ਨਾਨਕ ਪਾਤਸ਼ਾਹ ਦੇ ਸ਼ਬਦ, 'ਨਾਨਕ ਦੁਖੀਆ ਸਭੁ ਸੰਸਾਰ' ਵੀ ਸੰਸਾਰ ਦੇ ਅੰਦਰਲੇ ਹਾਲਤ ਦੇਖਕੇ ਅੱਜ ਵੀ ਬੜੇ ਵਾਜ਼ਬ ਲੱਗਦੇ ਹਨ। ਤਾਂ ਹੀ ਤਾਂ ਕਿਹਾ ਜਾਂਦਾ ਹੈ ਹਾਸਾ ਵੰਡੀਏ ਤਾਂ ਹਾਸਾ ਦੁੱਗਣਾ ਵੱਧਦਾ ਹੈ ਅਤੇ ਦੁੱਖ ਵੰਡੀਏ ਤਾਂ ਦੁੱਖ ਘੱਟਦਾ ਹੈ।

ਖੈਰ! ਵਿਸ਼ੇ ਵੱਲ ਆਈਏ ਤਾਂ ਇੱਕ ਗੱਲ ਤਾਂ ਪੱਕੀ ਹੈ, ਗੁਰਬਾਣੀ ਅੰਦਰ ਜੀਵਣ ਜਾਂਚ ਸਮਝਾਉਂਦਿਆਂ ਪ੍ਰਮਾਤਮਾ ਦੀ ਪ੍ਰਾਪਤੀ ਕਰਨ ਹਿੱਤ ਬੜਾ ਖੂਬਸੂਰਤ ਜ਼ਿਕਰ ਕੀਤਾ ਹੈ ਕਿ, 'ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥' (ਅੰਗ 522) ਭਾਵ ਜੇ ਸੱਚੇ ਗੁਰੂ ਦੇ ਲੜ ਲੱਗ ਜਾਈਏ ਤਾਂ ਜੀਵਣ ਜਿਊਣ ਦੀ ਜਾਚ ਆ ਜਾਂਦੀ ਅਤੇ ਫਿਰ ਇਸ ਤਰ੍ਹਾਂ ਹੱਸਦਿਆਂ ਖੇਡਦਿਆਂ ਖਾਂਦਿਆਂ ਪਹਿਨਦਿਆਂ (ਭਾਵ ਦੁਨੀਆ ਦੇ ਸਾਰੇ ਕੰਮ ਕਾਰ ਕਰਦਿਆਂ) ਕਾਮਦਿਕ ਵਿਕਾਰਾਂ ਤੋਂ ਬਚੇ ਰਹੀਦਾ ਹੈ। ਸੋ ਇਹੀ ਉਦੇਸ਼ ਕਿ ਜਿੰਦਗੀ ਹੱਸ ਕੇ ਕੱਟਣੀ ਐਨੀ ਔਖੀ ਨਹੀਂ, ਜਿੰਨੀ ਦੁੱਖ ਤਕਲੀਫਾਂ ਦੀ ਨੁਮਾਇਸ਼ ਕਰ ਕਰ ਕੇ ਝੂਠੀ ਹਮਦਰਦੀ ਹਾਸਲ ਕਰਦਿਆਂ ਕੱਟਣੀ ਔਖੀ ਹੈ। ਪਰ ਅੱਜ ਦੀ ਭੱਜ ਦੋੜ ਵਿੱਚ ਮਨੁੱਖ ਦੁਖੀ ਤਾਂ ਜ਼ਰੂਰ ਰਹਿੰਦਾ ਹੈ, ਪਰ ਖੁਸ਼ ਰਹਿਣ ਲਈ ਕਦੇ ਉੱਦਮ ਨਹੀਂ ਕਰਦਾ। ਅਜੋਕੇ ਮਸ਼ੀਨੀ ਯੁੱਗ ਵਿੱਚ ਹਾਸਾ ਤਾਂ ਮਨੁੱਖੀ ਜੀਵਣ ਵਿੱਚੋਂ ਕਿਤੇ ਵਿਸਰ ਹੀ ਗਿਆ ਹੋਵੇ।

ਬਹੁਤ ਇਹ ਵਿਚਾਰ ਰੱਖਦੇ ਹਨ ਕਿ, 'ਜਦੋਂ ਬਹੁਤ ਪੈਸੇ ਹੋਣਗੇ ਤਾਂ ਅਸੀਂ ਘੁੰਮਣ ਫਿਰਨ ਜਾਵਾਂਗੇ' ਸਾਨੂੰ ਇਹ ਖਿਆਲ ਮੁੱਢ ਤੋਂ ਤਿਆਗ ਦੇਣਾ ਚਾਹੀਦਾ ਹੈ। ਬਿਨ੍ਹਾਂ ਜਿਆਦਾ ਪੈਸੇ ਖਰਚ ਕੀਤੇ, ਆਪਣੇ ਜਾਂ ਆਪਣੇ ਘਰ ਦੇ ਨੇੜਲੇ ਕਿਸੇ ਦੂਜੇ ਸ਼ੀਹਰ ਜਾ ਕੇ ਉੱਥੋਂ ਦੇ ਚਹਿਲ ਪਹਿਲ ਜਾਂ ਘੁੰਮਣ ਵਾਲੀਆਂ ਥਾਵਾਂ ਦਾ ਅਨੰਦ ਵੀ ਲਿਆ ਜਾ ਸਕਦਾ ਹੈ। ਨਹੀਂ ਤਾਂ ਖੁਸ਼ੀਆਂ ਨੂੰ ਨਜ਼ਰ ਅੰਦਾਜ਼ ਕਰਦੇ ਰਹਿਣ ਦੀ ਆਦਤ ਵੀ ਸਾਡੀ ਊਰਜਾ ਨੂੰ ਨਸ਼ਟ ਕਰ ਦਿੰਦੀ ਹੈ। ਇੱਕ ਸਰਵੇ ਅਨੁਸਾਰ ਲਗਭਗ 65 ਫੀਸਦੀ ਤੋਂ ਜ਼ਿਆਦਾ ਲੋਕਾਂ ਦੇ ਕੋਲ ਹੱਸਣ ਦਾ ਸਮਾਂ ਹੀ ਨਹੀਂ ਹੈ। ਸ਼ਾਇਦ ਇਸੇ ਕਰਕੇ ਸ਼ੂਗਰ, ਦਿਲ ਦਾ ਦੌਰਾ, ਬਲੱਡ ਪ੍ਰੈਸ਼ਰ ਤੇ ਹੋਰ ਬਿਮਾਰੀਆਂ ਵਿੱਚ ਆਏ ਦਿਨ ਵਾਧਾ ਹੋ ਰਿਹਾ ਹੈ। ਜਦਕਿ ਡਾਕਟਰਾਂ ਦਾ ਮੰਨਣਾ ਹੈ ਕਿ ਹਰ ਦਿਨ ਸਵੇਰੇ ਹੱਸਿਆ ਜਾਵੇ ਤਾਂ ਦਿਮਾਗ ਨੂੰ ਸਕੂਨ ਮਿਲਦਾ ਹੈ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਸ਼ਾਇਦ ਤਾਂ ਹੀ ਅੱਜ ਸੁਚੇਤ ਬੁੱਧੀਜੀਵੀਆਂ ਵੱਲੋਂ ਇੱਕ ਖਾਸ ਦਿਨ ਚੁਣ ਕੇ ਸਮੁੱਚੀ ਮਨੁੱਖਤਾ ਨੂੰ ਸਾਲ ਭਰ ਹੱਸਦੇ ਰਹਿਣ ਲਈ ਯਾਦ ਕਰਵਾਇਆ ਜਾਂਦਾ ਹੈ ਅਤੇ ਇਸ ਦਿਨ ਦਾ ਨਾਮ ਹੈ 'ਵਿਸ਼ਵ ਹਾਸਾ ਦਿਵਸ'। ਇਸਦੀ ਸ਼ੁਰੂਆਤ 11 ਜਾਂ 12 ਜਨਵਰੀ 1998 ਵਿੱਚ ਮੁੰਬਈ ਤੋਂ ਹੋਈ ਸੀ ਅਤੇ ਹੁਣ ਇਹ ਸਾਲ 2005 ਤੋਂ ਹਰ ਸਾਲ ਮਈ ਦੇ ਪਹਿਲੇ ਐਤਵਾਰ ਮਨਾਇਆ ਜਾਂਦਾ ਹੈ। ਇਸ ਨੂੰ ਸ਼ੁਰੂ ਕਰਨ ਵਿੱਚ ਸੱਭ ਤੋਂ ਅਹਿਮ ਯੋਗਦਾਨ ਡਾ. ਮਦਨ ਕਟਾਰੀਆ ਨੇ ਪਾਇਆ ਜਿਨ੍ਹਾਂ ਨੇ ਲਾਫਟਰ ਯੋਗਾ ਮੂਵਮੈਂਟ ਸ਼ੁਰੂ ਕੀਤੀ ਸੀ। ਇੱਕ ਅੰਦਾਜ਼ੇ ਅਨੁਸਾਰ ਦੁਨੀਆ ਭਰ ਵਿੱਚ 8000 ਦੇ ਕਰੀਬ ਲਾਫਟਰ ਕਲੱਬ ਹਨ ਜਿਸ ਵਿੱਚੋਂ ਭਾਰਤ ਦੇਸ਼ ਵਿੱਚ ਇਹਨਾਂ ਦੀ ਗਿਣਤੀ 600 ਦੇ ਕਰੀਬ ਬਣਦੀ ਹੈ।

ਚੁੱਟਕਲਿਆਂ, ਲਤੀਫਿਆਂ, ਹਾਸਰਾਸ ਕਵਿਤਾਵਾਂ, ਹਾਸ ਵਿਅੰਗਾਂ ਰਾਹੀਂ ਵੀ ਮਨੁੱਖ ਨੂੰ ਹਸਾਉਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ ਅਤੇ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪਿਛਲੇ ਕੁੱਝ ਸਮੇਂ ਤੋਂ ਖਾਸ ਕਰਕੇ ਪੰਜਾਬ ਵਿੱਚ ਵੱਡੇ ਪੱਧਰ ਤੇ ਹਾਸਰਾਸ (ਕਾਮੇਡੀ) ਵਿਸ਼ੇ ਉੱਤੇ ਵੱਡੀ ਗਿਣਤੀ ਵਿੱਚ ਫਿਲਮਾਂ ਦਾ ਨਿਰਮਾਣ ਹੋਇਆ ਹੈ ਅਤੇ ਰਾਸ਼ਟਰੀ ਅਤੇ ਸੂਬਾ ਪੱਧਰ ਤੇ ਚੈਨਲਾਂ ਤੇ ਵੀ ਕਈ ਤਰ੍ਹਾਂ ਦੇ ਕਾਮੇਡੀ ਸੀਰੀਅਲ ਵੇਖਣ ਨੂੰ ਮਿਲੇ ਅਤੇ ਮਿਲ ਰਹੇ ਹਨ, ਜਿਨ੍ਹਾਂ ਨੂੰ ਦੇਖ ਕੇ ਦਰਸ਼ਕਾਂ ਦੇ ਚਿਹਰੇ ਤੇ ਹਾਸਾ ਆਇਆ ਹੈ ਅਤੇ ਦਰਸ਼ਕਾਂ ਵੱਲੋਂ ਬੜੀ ਸ਼ਿੱਦਤ ਨਾਲ ਇਹ ਸੀਰੀਅਲ ਪਸੰਦ ਕੀਤੇ ਗਏ ਹਨ। ਕਈ ਵਾਰ ਕਲਾਕਾਰ ਹਾਸੇ ਹਾਸੇ ਵਿੱਚ ਵੀ ਜਿੰਦਗੀ ਦੇ ਕਈ ਅਹਿਮ ਸੱਚ/ਤੱਤ ਸਮਝਾ ਜਾਂਦਾ ਹੈ। ਸੋ ਦੋਸਤੋ ਸਾਰ ਇਹ ਹੈ ਕਿ ਹੱਸਣਾ ਅਤੇ ਹਸਾਉਣਾ ਇਹ ਸਾਡੀ ਜਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ ਅਤੇ ਹੱਸਦੇ ਖੇਡਦੇ ਜਿੰਦਗੀ ਨੂੰ ਬਿਤਾਉਣਾ ਸਾਡਾ ਮਕਸਦ। ਪਰ ਯਾਦ ਰਹੇ ਸਾਡਾ ਹਾਸਾ ਸਾਨੂੰ ਹਸਾ ਕੇ ਕਿਸੇ ਵੀ ਹੋਰ ਵਿਅਕਤੀ ਦੇ ਦਿਲ ਨੂੰ ਰੁਆ ਨਾ ਗਿਆ ਹੋਵੇ ਇਸ ਦਾ ਵੀ ਖਿਆਲ ਰੱਖਣਾ ਹੈ। ਉੱਥੇ ਨਾਲ ਹੀ ਕਿਤੇ ਸਾਰੀ ਜਿੰਦਗੀ ਬਿਨ੍ਹਾਂ ਵਜ੍ਹਾ ਅਤੇ ਹੰਕਾਰ ਵਿੱਚ ਨਕਲੀ ਹਾਸਾ ਹੱਸਦਿਆਂ ਹੀ ਨਾ ਨਿਕਲ ਜਾਵੇ ਇਸ ਗੱਲ ਨੂੰ ਵੀ ਵਿਚਾਰ ਕੇ ਰੱਖਣਾ ਹੈ।

ਸੋ ਦੋਸਤੋ! ਹੱਸਦੇ ਵੱਸਦੇ ਰਹੋ, ਖੁਸ਼ ਰਹੋ ਅਤੇ ਖੁਸ਼ ਰੱਖੋ, ਹੱਸੋ ਅਤੇ ਪਿਆਰ ਵੰਡੋ। ਅੱਜ ਨੂੰ ਜੀਓ। ਅਨੰਦ ਵਿੱਚ ਰਹੋ। ਆਮੀਨ !!

---

# ਪੰਜਾਬੀ ਮੁੰਡੇ ਇਟਲੀ 'ਚ ਜੀਅ ਰਹੇ ਹਨ ਨਰਕ ਭਰੀ ਜ਼ਿੰਦਗੀ

## 14-14 ਘੰਟੇ ਕੰਮ ਕਰਵਾ ਕੇ ਦਿਤੇ ਜਾਂਦੇ ਨੇ ਦਿਨ ਦੇ ਸਿਰ.ਫ ਦੋ ਜਾਂ ਤਿੰਨ ਯੂਰੋ

**ਰੋਮ/ਏਟੀ ਨਿਊਜ਼ :**

ਜ਼ਿਆਦਾਤਰ ਲੋਕ ਇਹੀ ਸੋਚ ਕੇ ਵਿਦੇਸ਼ ਜਾਂਦੇ ਹਨ ਕਿ ਉਥੇ ਉਨ੍ਹਾਂ ਨੂੰ ਆਪਣੀ ਮਿਹਨਤ ਦਾ ਪੂਰਾ ਮੁੱਲ ਮਿਲੇਗਾ ਪਰ ਇਟਲੀ 'ਚ ਹਕੀਕਤ ਕੁਝ ਹੋਰ ਹੀ ਹੈ। ਇਟਾਲੀਅਨ ਮਾਫ਼ੀਆ ਉਥੇ ਵਿਦੇਸ਼ੀ ਕਾਮਿਆਂ ਦਾ ਸ਼ੋਸ਼ਣ ਕਰ ਰਿਹਾ ਹੈ। ਉਨ੍ਹਾਂ ਤੋਂ 14-14 ਘੰਟੇ ਕੰਮ ਕਰਵਾਇਆ ਜਾ ਰਿਹਾ ਹੈ। ਮਿਹਨਤਾਨੇ ਵਜੋਂ ਇਨ੍ਹਾਂ ਨੂੰ ਦਿਨ ਦੇ ਸਿਰਫ਼ ਦੋ ਜਾਂ ਤਿੰਨ ਯੂਰੋ ਦਿੱਤੇ ਜਾਂਦੇ ਹਨ। ਇਟਲੀ ਦੀ ਰਾਜਧਾਨੀ ਰੋਮ ਦੇ ਦੱਖਣੀ ਸ਼ਹਿਰਾਂ 'ਚ ਲਗਭਗ 35 ਹਜ਼ਾਰ ਪੰਜਾਬੀ ਰਹਿੰਦੇ ਹਨ, ਜੋ ਕਿ ਖੇਤ ਮਜ਼ਦੂਰ ਹਨ।

ਕਈ ਮਜ਼ਦੂਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਟਲੀ ਆਉਣ ਲਈ ਵਿਚੋਲੀਏ ਨੂੰ 20 ਹਜ਼ਾਰ ਡਾਲਰ ਤਕ ਦਾ ਭੁਗਤਾਨ ਕਰਨਾ ਪਿਆ ਹੈ। ਉੱਚੀ ਰਸੂਖ ਵਾਲੇ ਲੋਕਾਂ ਵੱਲੋਂ ਸ਼ੋਸ਼ਣ ਦਾ ਧੰਦਾ ਚਲਾਇਆ ਜਾ ਰਿਹਾ ਹੈ। ਇਨ੍ਹਾਂ ਲੋਕਾਂ ਨੇ ਆਪਣੇ ਹੇਠ ਦਲਾਲ ਰੱਖੇ ਹੋਏ ਹਨ, ਜੋ ਖੇਤਾਂ 'ਚ ਉਨ੍ਹਾਂ ਕੋਲੋਂ ਜਬਰੀ ਕੰਮ ਕਰਵਾ ਰਹੇ ਹਨ। ਇਨ੍ਹਾਂ ਦਲਾਲਾਂ ਵੱਲੋਂ ਖੇਤ ਮਜ਼ਦੂਰਾਂ ਨਾਲ ਮਾਰਕੁੱਟ ਵੀ ਕੀਤੀ ਜਾਂਦੀ ਹੈ। ਇਥੇ ਜ਼ਿਆਦਾਤਰ ਟਮਾਟਰ, ਤੋਰੀ, ਲੀਚੀ ਅਤੇ ਹੋਰ ਹਰੀਆਂ ਸਬਜ਼ੀਆਂ ਦੀ ਖੇਤੀ ਹੁੰਦੀ ਹੈ।

ਪੰਜਾਬ ਦੇ ਸਿੱਖ ਕਿਸਾਨ ਰਜਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਉਸ ਨੇ ਵਿਦੇਸ਼ ਜਾਣ ਦਾ ਫ਼ੈਸਲਾ ਕੀਤਾ, ਉਸ ਸਮੇਂ ਉਸ ਨੂੰ ਚੇਤਾ ਵੀ ਨਹੀਂ ਸੀ ਕਿ ਉਹ ਆਪਣੀ ਨਰਕ ਭਰੀ ਜ਼ਿੰਦਗੀ ਦੀ ਸ਼ੁਰੂਆਤ ਕਰਨ ਜਾ ਰਿਹਾ ਹੈ, ਜਿਹੜੀ ਕਿ 6 ਮਹੀਨੇ ਦੀ ਯਾਤਰਾ ਤੋਂ ਬਾਅਦ ਇਟਲੀ ਪਹੁੰਚ ਕੇ ਸ਼ੁਰੂ ਹੋਣੀ ਸੀ। ਭਾਰਤ ਤੋਂ ਉਹ ਰਫਿਊਜੀਆਂ ਦੀ ਭੀੜ 'ਚ ਰੇਲ ਰਾਹੀਂ ਰੂਸ, ਜਰਮਨੀ ਅਤੇ ਫ਼ਰਾਂਸ ਪਾਰ ਕਰ ਗਿਆ। 6 ਮਹੀਨੇ ਇਧਰ-ਉਧਰ ਭਟਕਣ ਤੋਂ ਬਾਅਦ ਜਦੋਂ ਆਖਰ ਵਿਚ ਉਹ ਇਟਲੀ ਪਹੁੰਚਿਆ ਤਾਂ ਉਸ ਨੇ ਆਪਣੇ ਆਪ ਨੂੰ ਦੂਜੇ ਨਰਕ 'ਚ ਪਾਇਆ। ਜਿੱਥੇ ਹੁਣ ਉਹ ਅਣਮਨੁੱਖੀ ਹਾਲਾਤ ਵਿਚ ਜ਼ਿੰਦਗੀ ਬਸਰ ਕਰ ਰਿਹਾ ਹੈ ਅਤੇ ਸਥਾਨਕ ਤਾਕਤਵਰ ਮਾਫੀਆ ਨਾਲ ਸਬੰਧਤ ਜ਼ਾਲਮ ਸਰਮਾਏਦਾਰਾਂ ਵੱਲੋਂ ਉਸ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇੱਥੇ ਉਹ ਖੇਤਾਂ ਵਿਚ ਦਿਨ ਦੇ ਸਿਰਫ਼ ਦੋ ਯੂਰੋ ਮਜ਼ਦੂਰੀ 'ਤੇ ਕੰਮ ਕਰਦਾ ਹੈ। ਬਿਨਾ ਲੰਚ ਟਾਈਮ ਤਪਦੀ ਧੁੱਪ ਵਿਚ ਗੋਡਿਆਂ ਦੇ ਭਾਰ ਬੈਠਾ ਉਹ ਹੱਡ-ਭੰਨਵੀਂ ਮਿਹਨਤ ਕਰਦਾ ਹੈ। ਇਕ ਹੋਰ ਕਿਸਾਨ ਨੇ ਭਰੇ ਮਨ ਨਾਲ ਦੱਸਿਆ, ਕਿਮੈਂ ਇਟਲੀ ਪਹੁੰਚਣ ਲਈ ਵੱਡੀ ਰਕਮ ਅਦਾ ਕੀਤੀ ਸੀ। ਮੈਂ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਮੈਨੂੰ ਇਹੋ ਜਿਹੇ ਹਾਲਾਤ ਵਿੱਚੋਂ ਗੁਜ਼ਰਨਾ ਪਵੇਗਾ। ਮੇਰੇ ਮਾਲਕ ਨੇ ਮੈਨੂੰ ਪਿਛਲੇ ਚਾਰ ਮਹੀਨਿਆਂ ਤੋਂ ਤਨਖਾਹ ਨਹੀਂ ਦਿੱਤੀ ਹੈ।

ਪਰ ਮੇਰੇ ਕੋਲ ਦਿਨ ਵਿਚ 12 ਘੰਟੇ ਲਗਾਤਾਰ ਕੰਮ ਕਰਨ ਤੋਂ ਬਿਨਾ ਕੋਈ ਦੂਜਾ ਰਾਹ ਨਹੀਂ ਹੈ, ਕਿਉਂਕਿ ਇਹੀ ਇੱਕੋ ਇੱਕ ਰਾਹ ਹੈ, ਜਿਸ ਰਾਹੀਂ ਮੈਨੂੰ ਭੁੱਖ ਮਹਿਸੂਸ ਨਹੀਂ ਹੁੰਦੀ। ਕਿਸਾਨ ਗੁਰਮੁਖ ਸਿੰਘ ਨੇ ਦੱਸਿਆ ਕਿ ਜਦੋਂ ਉਹ ਇਟਲੀ ਆਇਆ ਸੀ ਤਾਂ 14 ਸਾਲ ਤਕ ਉਸ ਨੇ ਖੇਤ ਮਜ਼ਦੂਰ ਵਜੋਂ ਕੰਮ ਕੀਤਾ। ਉਸ ਨੇ ਹੁਣ ਆਪਣੀ ਛੋਟੀ ਜਿਹੀ ਦੁਕਾਨ ਖੋਲ੍ਹ ਲਈ ਹੈ। ਦੁਕਾਨ ਚਲਾਉਣ ਦੇ ਨਾਲ-ਨਾਲ ਗੈਰ-ਰਸਮੀ ਕਮਿਊਨਿਟੀ ਸੈਂਟਰ ਲਈ ਵੀ ਕੰਮ ਕਰਦਾ ਹਾਂ। ਇਸ ਰਾਹੀਂ ਸ਼ੋਸ਼ਣ ਦਾ ਸ਼ਿਕਾਰ ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਨੇ ਆਪਣੇ ਮਾਲਕ ਨਾਲ ਕਿਵੇਂ ਨਜਿੱਠਣਾ ਹੈ, ਜੋ ਉਨ੍ਹਾਂ ਨੂੰ ਵਰਕ ਪਰਮਿਟ ਰੱਦ ਕਰਵਾਉਣ ਦੀ ਧਮਕੀ ਦਿੰਦਾ ਹੈ ਜਾਂ ਤਨਖ਼ਾਹ ਦੇਣ 'ਚ ਆਨਾਕਾਨੀ ਕਰਦਾ ਹੈ। ਗੁਰਮੁਖ ਸਿੰਘ ਨੇ ਦੱਸਿਆ, ਕਿਮੈਂ 17 ਸਾਲ ਦੀ ਉਮਰ 'ਚ ਇਟਲੀ ਆਇਆ ਸੀ। ਉਦੋਂ ਖੇਤਾਂ 'ਚ ਮੇਰੇ ਕੋਲੋਂ ਡੰਗਰਾਂ ਵਾਂਗ ਕੰਮ ਕਰਵਾਇਆ ਜਾਂਦਾ ਸੀ ਅਤੇ ਜਦੋਂ ਮੈਂ ਸੌਣ ਜਾਂਦਾ ਸੀ ਤਾਂ ਮੇਰੀਆਂ ਦੋਵੇਂ ਲੱਤਾਂ ਬੰਨ੍ਹ ਦਿੱਤੀਆਂ ਜਾਂਦੀਆਂ ਸਨ ਤਾ ਕਿ ਮੈਂ ਉੱਥੋਂ ਭੱਜ ਨਾ ਸਕਾਂ।ਗੁਰਮੁਖ ਸਿੰਘ ਨੇ ਦੱਸਿਆ ਕਿ ਇੱਥੇ ਜ਼ਿਆਦਾਤਰ ਪੰਜਾਬੀ ਨੌਜਵਾਨ ਖੇਤ ਮਜ਼ਦੂਰ ਅ.ਫੀਮ, ਹੈਰੋਇਨ ਅਤੇ ਹੋਰ ਨਸ਼ੇ ਆਦਿ ਕਰਦੇ ਹਨ। ਨਸ਼ਾ ਕਰ ਕੇ ਉਹ ਖੇਤਾਂ 'ਚ ਕਈ ਘੰਟੇ ਕੰਮ ਕਰਦੇ ਰਹਿੰਦੇ ਹਨ।

ਸਵੇਰੇ ਕੰਮ 'ਤੇ ਆਉਣ ਤੋਂ ਪਹਿਲਾਂ ਕਈ ਖੇਤ ਮਜ਼ਦੂਰ ਚਾਹ 'ਚ ਅ.ਫੀਮ ਪਾ ਕੇ ਪੀਂਦੇ ਹਨ। ਬੀਤੇ ਸਾਲ 1500 ਲੋਕਾਂ ਨੇ ਇਸ ਮਾਫ਼ੀਏ ਵਿਰੁੱਧ ਪ੍ਰਦਰਸ਼ਨ ਵੀ ਕੀਤਾ ਸੀ। ਉਸ ਨੇ ਮੰਗ ਕੀਤੀ ਕਿ ਇਟਲੀ ਸਰਕਾਰ ਇਸ ਤਸ਼ੱਦਦ ਖਿਲਾਫ ਸਖ਼ਤ ਕਦਮ ਚੁੱਕੇ ਤਾਂ ਕਿ ਖੇਤ ਮਜ਼ਦੂਰਾਂ ਦੀ ਨਰਕ ਭਰੀ ਜ਼ਿੰਦਗੀ 'ਚ ਸੁਧਾਰ ਲਿਆਂਦਾ ਜਾ ਸਕੇ।

# ਗੁਰਬਾਣੀ ਅਤੇ ਰੂਹਾਨੀ ਇਨਕਲਾਬ

ਪ੍ਰੋ. ਬਲਵਿੰਦਰਪਾਲ ਸਿੰਘ



ਆਦਿ ਕਾਲ ਤੋਂ ਮਨੁੱਖ ਰੂਹਾਨੀ ਅਨੰਦ ਦੀ ਭਾਲ ਲਈ ਭਟਕਦਾ ਰਿਹਾ ਹੈ ਤਾਂ ਜੋ ਉਹ ਜ਼ਿੰਦਗੀ ਦਾ ਅਸਲੀ ਅਨੰਦ ਮਾਣ ਸਕੇ। ਇਸ ਦੀ ਭਟਕਣ ਵਿਚ ਉਹ ਸਦਾ ਖੋਜ ਕਰਦਾ ਰਿਹਾ ਹੈ। ਧਰਤੀ ਮਨੁੱਖ ਲਈ ਧਰਮ ਅਤੇ ਅਨੰਦ ਕਮਾਉਣ ਦੀ ਥਾਂ ਹੈ ਅਤੇ ਕਰਮ ਭੂਮੀ ਹੈ, ਜਿਸ ਤੋਂ ਮਨੁੱਖ ਉਪਜਿਆ ਹੈ, ਉਸ ਨੂੰ ਪਛਾਨਣਾ ਮਨੁੱਖ ਦਾ ਆਦਰਸ਼ ਹੈ। ਗੁਰਬਾਣੀ ਵਿਚ ਧਰਮ ਤੇ ਸਦਾਚਾਰ ਆਪਸ ਵਿਚ ਜੁੜੇ ਹੋਏ ਹਨ ਤੇ ਇਨ੍ਹਾਂ ਨੂੰ ਆਪਸ ਵਿਚ ਨਿਖੇੜਿਆ ਨਹੀਂ ਜਾ ਸਕਦਾ ਹੈ। ਰੂਹਾਨੀ ਇਨਕਲਾਬ ਲਈ ਮਨੁੱਖ ਨੂੰ ਸਦਾਚਾਰਕ ਗੁਣਾਂ ਨੂੰ ਅਪਨਾਉਣਾ ਅਤਿਅੰਤ ਜ਼ਰੂਰੀ ਹੈ। ਅਧਿਆਤਮਕ ਮਾਰਗ 'ਤੇ ਚੱਲਣ ਲਈ ਸਦਾਚਾਰਕ ਪੂਰਨਤਾ ਗ੍ਰਹਿਣ ਕਰਨਾ ਰੂਹਾਨੀ ਇਨਕਲਾਬ ਲਈ ਪਹਿਲੀ ਜ਼ਰੂਰਤ ਹੈ। ਰੂਹਾਨੀ ਇਨਕਲਾਬ ਦਾ ਭਾਵ ਹੈ ਕਿ ਨਿੱਜੀ ਚਰਿੱਤਰ ਦਾ ਨਿਰਮਾਣ ਕੀਤਾ ਜਾਵੇ। ਇਸ ਮਨੋਰਥ ਲਈ ਨੇਕੀ ਤੇ ਸੱਚ, ਚਰਿੱਤਰ ਦੀ ਸਵੱਛਤਾ ਤੇ ਸਚਿਆਰਤਾ ਆਦਿ ਗੁਣ ਪੈਦਾ ਕਰਨੇ ਜ਼ਰੂਰੀ ਹੁੰਦੇ ਹਨ। ਜੇਕਰ ਮਨੁੱਖ ਇਨ੍ਹਾਂ ਗੁਣਾਂ ਨਾਲ ਭਰਪੂਰ ਹੋਵੇਗਾ ਤਾਂ ਸਮਾਜ ਨੂੰ ਸਹੀ ਸੇਧ ਮਿਲ ਸਕੇਗੀ ਤੇ ਰਾਜਨੀਤੀ ਵੀ ਸਹੀ ਦਿਸ਼ਾ ਵੱਲ ਜਾ ਸਕੇਗੀ। ਇਸ ਲਈ ਸਦਾਚਾਰੀ ਮਨੁੱਖ ਹੀ ਸਮਾਜ ਸੁਧਾਰਕ ਜਾਂ ਕ੍ਰਾਂਤੀਕਾਰੀ ਵੀ ਹੋ ਸਕਦਾ ਹੈ ਤੇ ਉਚ ਕੋਟੀ ਦਾ ਵਿਦਵਾਨ ਹੋ ਸਕਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਜੇਕਰ ਮਨੁੱਖ ਸੇਧਵਾਨ ਹੋ ਜਾਵੇ, ਅਨੈਤਿਕ ਗੁਣਾਂ ਤੋਂ ਜੇਤੂ ਹੋ ਕੇ ਆਤਮਾ ਨੂੰ ਪਛਾਣ ਲਵੇ ਅਤੇ ਅਕਾਲ ਪੁਰਖ ਨਾਲ ਇਕਮਿਕ ਹੋ ਜਾਵੇ ਤਾਂ ਉਹ ਰੂਹਾਨੀ ਅਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ ;

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ
ਨਦਰੀ ਹਰਿ ਨਿਹਾਲਿਆ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ॥
ਹਰਿ ਰੂਪੁ ਨਦਰੀ ਆਇਆ॥
ਗੁਰ ਪਰਸਾਦੀ ਬੁਝਿਆ
ਜਾ ਵੇਖਾ ਹਰਿ ਇਕੁ ਹੈ
ਹਰਿ ਬਿਨੁ ਅਵਰੁ ਨ ਕੋਈ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥
ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਨਣੈ ਨੋ ਪਠਾਏ
ਸਰੀਰਿ ਲਾਏ ਸੁਣਹੁ ਸਤਿ ਬਾਣੀ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ
ਰਸਨਾ ਰਸਿ ਸਮਾਣੀ॥
ਸਚੁ ਅਲਖ ਵਿਡਾਣੀ ਤਾ ਕੀ
ਗਤਿ ਕਹੀ ਨ ਜਾਏ॥
ਕਹੈ ਨਾਨਕੁ ਅੰਮਿਤੁ ਨਾਮੁ ਸੁਣਹੁ
ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੨੨)

ਗੁਰਬਾਣੀ ਮਨੁੱਖ ਨੂੰ ਆਪਣਾ ਮੂਲ ਪਛਾਨਣ ਦਾ ਸੱਦਾ ਦੇਂਦੀ ਹੋਈ ਰੂਹਾਨੀ ਇਨਕਲਾਬ ਨਾਲ ਜੋੜਦੀ ਹੈ, ਜਿਸ ਦਾ ਆਧਾਰ ਸ਼ਰਧਾ ਵਿਸ਼ਵਾਸ, ਬਿਬੇਕ, ਬੁਧਿ ਦੁਆਰਾ ਪ੍ਰਕਾਸ਼ਿਤ ਨਿਰਮਲ ਤੇ ਆਤਮਿਕ ਵਿਹਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਹਾਨੀ ਇਨਕਲਾਬ ਮਨੁੱਖ ਨੂੰ ਆਦਰਸ਼ਕ ਕਦਰਾਂ-ਕੀਮਤਾਂ ਨੂੰ ਅਪਨਾਉਣ, ਸਦੀਵੀ ਸੱਚ ਨੂੰ ਜਾਨਣ, ਬੁਝਣ ਦਾ ਸੱਦਾ ਦੇਂਦਾ ਹੈ। ਗੁਰਮਤਿ ਅਨੁਸਾਰ ਮਨੁੱਖ ਅਕਾਲ ਪੁਰਖ ਦੀ ਰਚਨਾ ਹੈ, ਉਸ ਨਾਲ ਮੇਲ ਹੀ ਮਨੁੱਖ ਦਾ ਮਨੋਰਥ ਹੈ ਅਤੇ ਉਸ ਦੇ ਨਾਲ ਹੀ ਮਨੁੱਖ ਨੇ ਨਿਭਣਾ ਹੈ ;

ਮਨ ਮੇਰੇ ਸਤਿਗੁਰ ਕੈ ਭਾਣੈ ਚਲੁ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ॥
ਤਾ ਸੁਖ ਲਹਹਿ ਮਹਲੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੭)

ਗੁਰਬਾਣੀ ਇਹ ਮਨ ਕੇ ਚੱਲਦੀ ਹੈ ਕਿ ਮਨੁੱਖੀ ਹੋਂਦ ਥੋੜ ਚਿਰੀ ਹੈ, ਜੋ ਇਸ ਸੰਸਾਰ ਵਿਚ ਜਨਮਿਆ, ਉਸ ਨੇ ਖਤਮ ਹੋ ਜਾਣਾ ਹੈ, ਮੁੜ ਕੇ ਦੂਸਰਾ ਜਨਮ ਨਹੀਂ ਹੋਣਾ। ਇਸੇ ਜਨਮ 'ਚ ਰੂਹਾਨੀ ਦੌਲਤ ਕਮਾਉਣੀ ਪੈਣੀ ਹੈ। ਇਹ ਤਾਂ ਹੀ ਕਮਾਈ ਜਾ ਸਕੇਗੀ ਜੇਕਰ ਇਸ ਸੰਸਾਰ 'ਚ ਨਿਰਲੇਪ ਰਹਿ ਕੇ ਗੁਰਬਾਣੀ ਦੇ ਦੱਸੇ ਮਾਰਗ ਅਨੁਸਾਰ ਚਲਿਆ ਜਾਵੇ ;

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੪੧)

ਗੁਰਬਾਣੀ ਅਨੁਸਾਰ ਸਰੀਰ ਅਕਾਲ ਪੁਰਖ ਦਾ ਮੰਦਰ ਹੈ। ਇਸ ਮੰਦਰ ਵਿਚੋਂ ਪ੍ਰਭੂ ਨੂੰ ਲੱਭ ਕੇ ਜੀਵਾਤਮਾ ਨੇ ਆਪਣੀ ਵਚਨਬੱਧਤਾ ਨੂੰ ਪੂਰਿਆਂ ਕਰਨਾ ਹੈ। ਇਸ ਪੱਖ ਤੋਂ ਇਸ ਸਰੀਰ ਨਾਲ ਪਿਆਰ, ਇਸ ਦੀ ਦੇਖ ਰੇਖ ਜ਼ਰੂਰੀ ਹੈ, ਪਰ ਪਦਾਰਥਕ ਵਸਤਾਂ ਦੇ ਲੋਭ 'ਚ ਨਹੀਂ ਡਿੱਗਣਾ, ਜਿਸ ਨਾਲ ਮਨੁੱਖ ਅਕਾਲ ਪੁਰਖ ਤੋਂ ਵਿੱਛੜ ਜਾਵੇ ;

ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ॥
ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੩੬੫)

ਇਸ ਸਲੋਕ ਵਿਚ ਸਾਧ ਸ਼ਬਦ ਚਿੱਟ ਕਪੜੇ, ਭਗਵੇਂ ਕਪੜੇ ਵਾਲੇ ਸਾਧਾਂ ਲਈ ਨਹੀਂ ਆਇਆ, ਉਨ੍ਹਾਂ ਲੋਕਾਂ ਲਈ ਆਇਆ ਹੈ ਜਿਨ੍ਹਾਂ ਨੇ ਮਨ ਸਾਧਿਆ ਹੋਇਆ ਹੈ। ਕਬੀਰ ਜੀ ਅਨੁਸਾਰ ਸਰੀਰ ਦੀ ਹੋਂਦ ਥੋੜ ਚਿਰੀ ਹੈ, ਇਸ ਲਈ ਇਸ ਨੂੰ ਚੰਗੇ ਰਸਤੇ 'ਤੇ ਪਾਉਣਾ ਚਾਹੀਦਾ ਹੈ। ਚੰਗੇ ਮਨੁੱਖਾਂ ਦੀ ਸੰਗਤ ਕਰਨੀ ਚਾਹੀਦੀ ਹੈ ਅਤੇ ਪ੍ਰਭੂ ਦੇ ਗੁਣ ਗਾਇਨ ਕਰਨੇ ਚਾਹੀਦੇ ਹਨ।

ਇਹ ਅਵਸਥਾ ਮਨੁੱਖ ਦੀ ਸਾਧਨਾ ਲਈ ਅਤਿਅੰਤ ਜ਼ਰੂਰੀ ਹੈ ;

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੩੭੨)

ਸਰੀਰਕ ਇੰਦਰੀਆਂ 'ਤੇ ਕੁੰਡਾ ਰੱਖਣ ਲਈ ਨਾਮ ਸਿਮਰਨਾ ਅਤਿਅੰਤ ਜ਼ਰੂਰੀ ਹੈ। ਸਰੀਰ ਦੇ ਸ਼ਕਤੀ ਕੇਂਦਰ ਮਨੁੱਖ ਦੇ ਸਾਧਨਾ, ਅਭਿਆਸ ਦੁਆਰਾ ਜਾਗ੍ਰਿਤ ਤੇ ਕਾਰਜਸ਼ੀਲ ਹੁੰਦੇ ਹਨ। ਸਰੀਰ ਦੀ ਸਮੁੱਚੀ ਕ੍ਰਿਆ ਦਿਮਾਗ ਰਾਹੀਂ ਚਲਦੀ ਹੈ, ਕਿਉਂਕਿ ਇਹ ਸੋਚ ਸ਼ਕਤੀ ਦਾ ਕੇਂਦਰ ਹੈ। ਇਸ ਲਈ ਦਿਮਾਗ ਨੂੰ ਸੰਤੁਲਿਤ ਪਹੁੰਚ ਨਾਲ ਜੋੜਨ ਲਈ ਨਾਮ ਸਾਧਨਾ ਅਤਿਅੰਤ ਜ਼ਰੂਰੀ ਹੈ। ਬਚਨ ਤੇ ਕਰਮ ਇੰਦਰੇ ਮਨ ਤੇ ਦਿਮਾਗ ਦੇ ਨਿਰਦੇਸ਼ ਵਿਚ ਮਨੁੱਖੀ ਸ਼ਕਤੀ ਨੂੰ ਤਬਾਹ ਕਰਦੇ ਹਨ। ਇਸ ਲਈ ਮਨ ਦੀ ਸਾਧਨਾ ਲਈ ਨਾਮ ਸਿਮਰਨ ਜ਼ਰੂਰੀ ਹੈ ਤਾਂ ਜੋ ਮਨੁੱਖੀ ਮਨ ਟਿਕਾਅ ਵਿਚ ਰਹੇ ;

ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ



ਧਿਆਇਆ ਹਰਿ ਸੋਇ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭)

ਗੁਰੂ ਸਾਹਿਬਾਨ ਮਨੁੱਖ ਨੂੰ ਧਰਤੀ, ਸਮਾਜ, ਪਰਿਵਾਰ ਦਾ ਉਪਯੋਗੀ ਮੈਂਬਰ ਬਣਨ ਲਈ ਪ੍ਰੇਰਦੇ ਹਨ। ਗੁਰੂਆਂ ਦੀ ਸਿਖਿਆ ਅਨੁਸਾਰ ਮਨੁੱਖ ਦਾ ਨਿਸ਼ਾਨਾ ਆਪ ਵੀ ਸਫਲ ਹੋਣਾ ਤੇ ਦੂਸਰਿਆਂ ਨੂੰ ਵੀ ਸਫਲ ਕਰਨਾ ਹੈ। ਗੁਰਬਾਣੀ ਦੀ ਵਿਚਾਰਧਾਰਾ ਵਿਅਕਤੀਗਤ ਨਹੀਂ, ਸਰਬ ਕਲਿਆਣ ਲਈ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ, ਜਪੁਜੀ ਸਾਹਿਬ ਵਿਚ ਮਨੁੱਖ ਨੂੰ ਸਿਖਿਆ ਦੇਂਦੇ ਹੋਏ ਆਖਦੇ ਹਨ ;

ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥
ਮੰਨੈ ਤਰੈ ਤਾਰੇ ਗੁਰੁ ਸਿਖ॥ ਮੰਨੈ ਨਾਨਕ ਭਵਹਿ ਨ ਭਿਖ॥
ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩)

ਗੁਰਬਾਣੀ ਦੇ ਸੰਦੇਸ਼ ਅਨੁਸਾਰ ਅਕਾਲ ਪੁਰਖ ਨੂੰ ਪ੍ਰਾਪਤ ਕਰਨ ਲਈ ਆਤਮਿਕ ਸਿਮਰਤੀ ਜ਼ਰੂਰੀ ਹੈ। ਜੇਕਰ ਮਨੁੱਖ ਪਦਾਰਥਕ ਰੁਚੀ ਵਿਚ ਗ੍ਰਸਿਆ ਜਾਵੇਗਾ ਤਾਂ ਉਹ ਆਪਣੇ ਆਤਮਿਕ ਮਾਰਗ ਤੋਂ ਟੁੱਟ ਜਾਵੇਗਾ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਮਨੁੱਖ ਇਸ ਸੰਸਾਰ 'ਚ ਇਕੱਲਾ ਆਇਆ ਹੈ ਅਤੇ ਉਸ ਨੇ ਇਕੱਲਾ ਹੀ ਤੇ ਖਾਲੀ ਹੱਥ ਵਾਪਸ ਜਾਣਾ ਹੈ। ਇਹ ਠੀਕ ਹੈ ਕਿ ਉਸ ਦੀ ਪਰਿਵਾਰਕ ਜ਼ਿੰਮੇਵਾਰੀ ਵੀ ਹੈ। ਗੁਰੂ ਸਾਹਿਬ ਇਸ ਪਰਿਵਾਰਕ ਜ਼ਿੰਮੇਵਾਰੀ ਨੂੰ ਰੱਦ ਨਹੀਂ ਕਰਦੇ ਅਤੇ ਨਾ ਹੀ ਇਹ ਆਖਦੇ ਹਨ ਕਿ ਉਹ ਘਰ ਦੀ ਜ਼ਿੰਮੇਵਾਰੀ ਨੂੰ ਤਿਆਗ ਕੇ ਸਾਧ ਹੋ ਜਾਵੇ ਅਤੇ ਜੰਗਲਾਂ ਦਾ ਆਸਰਾ ਲਵੇ। ਗੁਰੂ ਸਾਹਿਬ ਮਨੁੱਖ ਨੂੰ ਚੇਤਨ ਕਰਦੇ ਹਨ ਕਿ ਉਹ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਨਿਭਾਵੇ, ਪਰ ਸੰਸਾਰਕ ਰੁਚੀਆਂ 'ਚ ਖਚਿਤ ਹੋ ਕੇ ਆਪਣੇ ਮੂਲ ਨੂੰ ਨਾ ਭੁਲ ਜਾਵੇ ਅਤੇ ਰੂਹਾਨੀਅਤ ਨਾਲੋਂ ਨਾ ਟੁੱਟ ਜਾਵੇ ;

ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੧੮)

ਗੁਰਬਾਣੀ ਵਿਚ ਦੱਸੀ ਇਹ ਆਤਮ ਸਿਮਰਤੀ ਹੀ ਮਨੁੱਖ ਨੂੰ ਸੰਸਾਰਕ ਦੁੱਖਾਂ ਤੋਂ ਨਿਰਲੇਪ ਕਰਦੀ ਹੈ। ਆਤਮ ਸਿਮਰਤੀ ਲਈ ਮਨੁੱਖ ਨੂੰ ਸਮਾਜ, ਸੇਵਾ, ਦਇਆ, ਸੱਚ ਦੇ ਮਾਰਗ 'ਤੇ ਤੁਰਨਾ ਪਵੇਗਾ, ਆਪਣੇ ਆਪ ਨੂੰ ਮਾਇਆ ਅਤੇ ਅਨਿਆਂ ਤੋਂ ਦੂਰ ਰੱਖਣਾ ਪਵੇਗਾ। ਇਹ ਆਤਮਿਕ ਸਿਮਰਤੀ ਹੀ ਮਨੁੱਖ ਨੂੰ ਦ੍ਰਿੜ ਮਨੁੱਖ ਬਣਾਉਂਦੀ ਹੈ, ਮਨ 'ਤੇ ਵਿਜੈ ਪਾਉਣ ਦੇ ਸਮਰੱਥ ਬਣਾਉਂਦੀ ਹੈ। ਅਹੰਕਾਰ ਮਨੁੱਖ ਦਾ ਆਪਣਾ ਦੋਸ਼ ਹੈ ਤੇ ਦਇਆ ਭਾਵ, ਨਿਮਰਤਾ ਮਨੁੱਖ ਦੇ ਆਪਣੇ ਗੁਣ ਹਨ। ਇਹ ਗੁਣ ਹੀ ਮਨੁੱਖ ਦੀ ਆਤਮਾ ਨੂੰ ਜਾਗ੍ਰਿਤ ਕਰਦੇ ਹਨ।

ਮਨੁੱਖ ਦਾ ਜੀਵਨ ਅਖਾੜਾ ਹੈ ਤੇ ਉਸ ਨੂੰ ਆਪਣੇ ਮਨ ਅੰਦਰਲੀਆਂ ਅਨੈਤਿਕ ਕੀਮਤਾਂ ਨਾਲ ਯੁਧ 'ਚ ਜੇਤੂ ਹੋਣਾ ਪਵੇਗਾ। ਇਹ ਅਨੈਤਿਕ ਕੀਮਤਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹਨ ਜੋ ਕਿ ਮਨੁੱਖ ਨੂੰ ਗੁਲਾਮ ਬਣਾਉਂਦੇ ਹਨ ਤੇ ਗੁਰਬਾਣੀ ਦੇ ਰੂਹਾਨੀ ਇਨਕਲਾਬ ਨਾਲੋਂ ਤੋੜ ਕੇ ਪ੍ਰਭੂ ਦੇ ਮਾਰਗ ਅਤੇ ਜੀਵਨ ਅਸਲੇ ਤੋਂ ਭਟਕਾਉਂਦੇ ਹਨ। ਜੋ ਇਨ੍ਹਾਂ 'ਤੇ ਕਾਬੂ ਪਾ ਲੈਂਦੇ ਹਨ, ਉਹ ਜੀਵਨ ਮੁਕਤੀ ਪ੍ਰਾਪਤ ਕਰ ਲੈਂਦੇ ਹਨ ;

ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ॥
ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੫੦੩)

ਗੁਰਬਾਣੀ ਅਨੁਸਾਰ ਮਨ ਦਾ ਉਲਾਰ ਹੋ ਜਾਣਾ ਮਨੁੱਖ ਨੂੰ ਸੰਸਾਰਕ ਭਉਜਲ ਵਿਚ ਫਸਾ ਦੇਂਦਾ ਹੈ। ਇਸ ਲਈ ਮਨ ਤੇ ਇੰਦਰੀਆਂ ਦੀ ਸ਼ਕਤੀ ਦਾ ਸਹੀ ਪਾਸੇ ਉਪਯੋਗ ਕਰਨਾ ਅਤੇ ਸਹੀ ਦਿਸ਼ਾ ਦੇਣੀ ਜ਼ਰੂਰੀ ਹੈ। ਮਨ ਹੀ ਮਨੁੱਖ ਦੀ ਨੈਤਿਕ ਸਖਸ਼ੀਅਤ ਦਾ ਮੂਲ ਆਧਾਰ ਹੈ ਅਤੇ ਮਨ ਹੀ ਅਨੈਤਿਕ ਵਿਕਾਰ ਵੱਲ ਲੈ ਜਾਂਦਾ ਹੈ ;

ਮਨ ਕਾ ਕਹਿਆ ਮਨਸਾ ਕਰੈ॥ ਇਹੁ ਮਨੁ ਪੁੰਨੁ ਪਾਪੁ ਉਚਰੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੩੨)

ਇਸ ਤਰ੍ਹਾਂ ਮਨ 'ਤੇ ਕਾਬੂ ਪਾਉਣ ਨਾਲ ਹੀ ਮਨੁੱਖੀ ਵਿਹਾਰ 'ਚ ਸਦਗੁਣਾਂ ਦਾ ਵਿਕਾਸ ਹੁੰਦਾ ਹੈ। ਮਨੁੱਖੀ ਜੀਵਨ ਵਿਚੋਂ ਕੁ ਪ੍ਰਭਾਵ ਰੋਗ, ਦਲਿਦਰ, ਈਰਖਾ, ਦੁੱਖ, ਭ੍ਰਿਸ਼ਟਾਚਾਰ ਦਾ ਖਾਤਮਾ ਹੁੰਦਾ ਹੈ। ਪਰਹਿੱਤ, ਅਹਿੰਸਾ, ਧੀਰਜ, ਸੀਲ, ਸੰਜਮ, ਦਇਆ ਦਾ ਸਬਕ ਸਿਖਦਾ ਹੈ। ਸ਼ੁਧ ਮਨ ਤੇ ਤਨ ਵਿਚੋਂ ਸ਼ੁਧ ਸ਼ਕਤੀ ਦਾ ਪ੍ਰਗਟਾਵਾ ਹੁੰਦਾ ਹੈ। ਸ਼ੁਧ ਮਨ ਤੇ ਤਨ ਲਈ ਗੁਰਬਾਣੀ ਵਿਚ ਵਚਨ ਉਪਰ ਕੰਟਰੋਲ ਕਰਨ ਦਾ ਉਪਦੇਸ਼ ਦਿੱਤਾ ਹੈ। ਇਹ ਗੱਲ ਸੱਚ ਹੈ ਕਿ ਜਿਹੋ ਜਿਹੀ ਮਨੁੱਖ ਦੀ ਭਾਵਨਾ ਹੋਵੇਗੀ, ਉਹੋ ਜਿਹੇ ਉਸ ਦੇ ਵਚਨ ਹੋਣਗੇ। ਜਿਨ੍ਹਾਂ ਦੇ ਇੰਦਰੇ ਪਦਾਰਥਕ ਸੁਆਦ ਤੇ ਮੋਹ 'ਚ ਖਚਿਤ ਹਨ, ਉਨ੍ਹਾਂ ਦੀ ਭਾਵਨਾ ਸਵਾਰਥ ਨਾਲ ਗੜੁਚ ਹੋਵੇਗੀ। ਪੈਸੇ ਦੀ ਹਵਸ ਉਸ ਦੇ ਦਿਲ ਦਿਮਾਗ 'ਤੇ ਲਗਾਮ ਪਾ ਦੇਵੇਗੀ। ਉਹ ਤਨੋਂ, ਮਨੋਂ ਇਸ ਦੇ ਅਧੀਨ ਹੋ ਜਾਵੇਗਾ। ਉਸ ਦੀ ਜ਼ਿੰਦਗੀ, ਉਸ ਦੇ ਜੀਉਣ, ਉਸ ਦੀ ਕਰਨੀ, ਸੋਚਣੀ ਦਾ ਮਨੋਰਥ ਹੀ ਦੌਲਤ ਹਾਸਲ ਕਰਨਾ ਹੋ ਜਾਵੇਗਾ। ਖੁਦਗਰਜ਼ ਤੇ ਲਾਲਚੀ ਹੋਏ ਬਗੈਰ ਦੌਲਤ ਇਕੱਠੀ ਨਹੀਂ ਹੁੰਦੀ।

ਮਨੁੱਖ ਖੁਦਗਰਜ਼ੀ ਤੇ ਲਾਲਚ ਦਾ ਪੁਤਲਾ ਬਣ ਜਾਵੇਗਾ। ਕਠੋਰ ਤੇ ਨਿਰਦਈ ਹੋਣ ਤੋਂ ਬਗੈਰ ਉਸ ਵਾਸਤੇ ਹੋਰ ਰਾਹ ਨਹੀਂ ਰਹਿ ਜਾਵੇਗਾ। ਖੁਦਗਰਜ਼ੀ ਤੇ ਲਾਲਚ ਉਸ ਦੇ ਹਿਰਦੇ ਨੂੰ ਨਿਰਦਈ ਬਣਾ ਦੇਣਗੇ ਅਤੇ ਉਹ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਤੋਂ ਵੀ ਗੁਰੇਜ਼ ਨਹੀਂ ਕਰੇਗਾ, ਕਿਉਂਕਿ ਅਜਿਹੇ ਮਨੁੱਖ ਅੰਦਰ ਹਮਦਰਦੀ, ਰਹਿਮ ਤੇ ਇਨਸਾਨੀ ਪਿਆਰ ਵਾਸਤੇ ਕੋਈ ਥਾਂ ਨਹੀਂ ਹੋਵੇਗੀ। ਮਾਇਆ ਦਾ ਮੋਹ ਮਨੁੱਖ ਦੇ ਹਿਰਦੇ ਅੰਦਰੋਂ ਆਪਣੇ ਵਿਰੋਧੀ ਹਰ ਖਿਆਲ, ਹਰ ਜਜ਼ਬੇ, ਹਰ ਖਾਹਿਸ਼ ਨੂੰ ਖੁਸ਼ਕ ਕਰ ਦੇਂਦਾ ਹੈ, ਸਿਰਫ ਆਪਣੇ ਪਰਿਵਾਰਕ ਹਿੱਤਾਂ ਦਾ ਹੀ ਮੋਹ ਹੀ ਉਪਜਣ ਦੇਂਦਾ ਹੈ। ਗੁਰਬਾਣੀ ਇਸ ਮਾਨਸਿਕਤਾ ਦੀ ਆਲੋਚਨਾ ਕਰਦੀ ਹੋਈ ਆਖਦੀ ਹੈ ;

ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਰੋਲ ਘਚੋਲਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੧੩)

ਵਚਨ ਦਾ ਸ਼ੁਭ ਸਾਰਥਕ ਤੇ ਉਪਯੋਗੀ ਹੋਣਾ ਮਨੁੱਖ ਲਈ ਬਹੁਤ ਜ਼ਰੂਰੀ ਹੈ। ਵਚਨ ਨਾਲ ਸਰੀਰ ਸਵਾਸ, ਧੁਨੀ, ਸੰਕਲਪ ਸ਼ਕਤੀ, ਮਾਨਸਿਕ ਸ਼ਕਤੀ ਤੇ ਭਾਵਨਾ ਦਾ ਯੋਗ ਹੁੰਦਾ ਹੈ। ਬੋਲ ਨਾਲ ਵੱਡੀ ਸ਼ਕਤੀ ਜੁੜੀ ਹੈ, ਇਸ ਲਈ ਬੋਲ ਸਾਰਥਕ ਹੋਣਾ ਚਾਹੀਦਾ। ਮਾੜੇ ਬੋਲ ਸਰੀਰਕ ਸ਼ਕਤੀ ਨੂੰ ਕਮਜ਼ੋਰ ਕਰਦੇ ਹਨ ;

ਝਖਿ ਬੋਲਣੁ ਕਿਆ ਜਗ ਸਿਉ ਵਾਦੁ॥
ਝੂਰਿ ਮਰੈ ਦੇਖੈ ਪਰਮਾਦੁ॥
ਜਨਮਿ ਮੂਏ ਨਹੀ ਜੀਵਣ ਆਸਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੩੩)

ਗੁਰਬਾਣੀ ਵਿਚ ਰਸਨਾ, ਨੇਤਰਾਂ ਤੇ ਸ੍ਰਵਣ ਸੰਵੇਦਨਾਵਾਂ ਨੂੰ ਸੰਜਮ ਵਿਚ ਰੱਖਣ ਦੀ ਪ੍ਰੇਰਣਾ ਦਿੱਤੀ ਹੈ, ਅਨਰਸ ਨੂੰ ਤਿਆਗ ਕੇ ਹਰਿ ਰਸ ਵਿਚ ਜੁੜਨ ਲਈ ਸੁਚੇਤ ਕੀਤਾ ਹੈ ;

ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੨੧)

ਸੋਚ ਨੂੰ ਸਾਧਣ ਤੋਂ ਬਿਨਾ ਮਨ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਮਨੁੱਖੀ ਸੋਝੀ ਹੀ ਸੱਚ ਤੱਥ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ। ਵੇਖਣਾ ਚੇਤਨਾ ਦਾ ਮੂਲ ਸੁਭਾ ਹੈ ਤੇ ਦੇਖੇ ਹੋਏ 'ਤੇ ਸੋਚਣਾ ਮਨੁੱਖੀ ਬੁੱਧੀ ਦਾ ਕਾਰਜ ਹੈ। ਇਸ ਲਈ ਬੁੱਧੀ ਨੂੰ ਤੀਖਣ ਕਰਨਾ ਅਤਿਅੰਤ ਜ਼ਰੂਰੀ ਹੈ। ਡੂੰਘੀ ਤੇ ਸਥਿਰ ਸੋਚ ਮਨੁੱਖੀ ਸਖਸ਼ੀਅਤ ਨੂੰ ਉਸਾਰੂ ਬਣਾਉਂਦੀ ਹੈ। ਇਹੋ ਜਿਹੀ ਨਿਰਮਲ ਬੁੱਧੀ ਹੀ ਮਨੁੱਖੀ ਮਨ ਨੂੰ ਸਹੀ ਪਾਸੇ ਵੱਲ ਤੋਰ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗਿਆਨ ਜਾਂ ਸੋਝੀ ਦੀ ਉਤਮਤਾ ਤੇ ਇਸ ਦੀ ਪ੍ਰਾਪਤੀ ਉਪਰ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਗਿਆਨ ਆਤਮਾ, ਮਨ ਤੇ ਸਰੀਰ ਤਿੰਨਾਂ ਨੂੰ ਪ੍ਰਕਾਸ਼ਤ ਕਰਦਾ ਹੈ ;

ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੬੦)

ਗਿਆਨ ਕੇਵਲ ਜੀਵਨ ਨੂੰ ਪ੍ਰਕਾਸ਼ਤ ਨਹੀਂ ਕਰਦਾ, ਸਗੋਂ ਸਾਧਕ ਨੂੰ ਦੈਵੀ ਪ੍ਰਸੰਨਤਾ ਵੀ ਪ੍ਰਦਾਨ ਕਰਦਾ ਹੈ। ਗਿਆਨ ਦੀ ਖੋਜ ਵਿਚ ਰੁਝਿਆ ਮਨ ਅਦੁੱਤੀ ਖੁਸ਼ੀ ਦਾ ਅਨੁਭਵ ਕਰਦਾ ਹੈ। ਜਪੁਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਨ ਦੇ ਪ੍ਰਕਾਸ਼ ਦੀਆਂ ਲਹਿਰਾਂ ਨਾਲ ਰੋਸ਼ਨ ਖੰਡ ਦਾ ਵਰਣਨ ਕੀਤਾ ਹੈ, ਜਿਥੇ ਪ੍ਰਚੰਡ ਗਿਆਨ ਤੇ ਦੈਵੀ ਸੰਗੀਤ ਦੁਆਰਾ ਪ੍ਰਾਪਤ ਪ੍ਰਸੰਨਤਾ ਦੇ ਅਨੰਤ ਸੋਮੇ ਵਗ ਰਹੇ ਹਨ ;

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥
ਤਿਥੈ ਨਾਦ ਬਿਨੋਦ ਕੋਡ ਅਨੰਦੁ॥ (ਜਪੁਜੀ ਸਾਹਿਬ)

ਗਿਆਨ ਦਾ ਭੰਡਾਰ ਇਕੱਠਾ ਕਰ ਲੈਣਾ ਅਸਲੀ ਵਿਦਿਆ ਨਹੀਂ। ਗਿਆਨ ਦਾ ਅਨੁਭਵ ਜ਼ਰੂਰੀ ਹੈ। ਕੋਰਾ ਗਿਆਨ ਇਕੱਠਾ ਕਰਨਾ ਤੇ ਉਸ ਨੂੰ ਜੀਵਨ ਵਿਚ ਨਾ ਨਿਭਾਉਣਾ ਪਖੰਡ ਹੈ। ਗੁਰੂ ਸਾਹਿਬ ਅਨੁਸਾਰ ਅਸਲ 'ਚ ਗਿਆਨਵਾਨ ਹੀ ਉਹ ਹੈ ਜੋ ਸੂਝਵਾਨ, ਅਚਾਰਵਾਨ ਤੇ ਵਿਚਾਰਵਾਨ ਹੈ ;

ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤੁ ਵਿਰਲਾ ਵੀਚਾਰੀ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੧੩)

ਅੱਜ ਬਹੁਤਾ ਕਰ ਕੇ ਮਨੁੱਖ ਦਾ ਗਿਆਨ ਨਿੱਜੀ ਸੋਚ ਤੱਕ ਸੀਮਤ ਹੈ, ਉਸ ਨੂੰ ਮਨੁੱਖਤਾ ਦੀ ਚਿੰਤਾ ਨਹੀਂ ਹੈ। ਇਹੀ ਅੱਜ ਦੇ ਸੰਸਾਰੀਕਰਨ ਯੁਗ ਦਾ ਸਦਾਚਾਰ ਤੇ ਸਭਿਆਚਾਰ ਹੈ। ਇਸ ਯੁਗ ਵਿਚ ਮਨੁੱਖ ਆਪਣੇ ਰਿਸ਼ਤੇਦਾਰਾਂ ਤੋਂ ਸਿਵਾਏ ਕਿਸੇ ਦੂਸਰੇ ਲਈ ਫਿਕਰਮੰਦ ਹੋਣਾ, ਮਦਦ ਕਰਨਾ ਆਪਣੇ ਜੀਵਨ ਵਿਹਾਰ 'ਚੋਂ ਗੁਆ ਚੁੱਕਿਆ ਹੈ। ਦਿਖਾਵਾ, ਸਵਾਰਥੀਪੁਣਾ ਉਸ ਦੀ ਸੋਚ 'ਤੇ ਹਾਵੀ ਹੋ ਚੁੱਕਿਆ ਹੈ। ਅਜੋਕੇ ਅਮੀਰ ਮਨੁੱਖ ਨੇ ਆਪਣੀਆਂ ਵੱਡੀਆਂ ਕਨਾਲਾਂ ਦੇ ਰਕਬੇ ਵਿਚ ਫੈਲੀਆਂ ਕੋਠੀਆਂ ਵਿਚ ਆਪਣੇ ਆਪ ਨੂੰ ਬੰਦ ਕਰ ਲਿਆ ਹੈ ਤੇ ਉਸ ਵਿਚੋਂ ਉਹ ਮਨ ਦੀ ਖੁਸ਼ੀ ਨੂੰ ਲੱਭਣ ਦਾ ਯਤਨ ਕਰ ਰਿਹਾ ਹੈ, ਜੋ ਕਿਸੇ ਪ੍ਰਕਾਰ ਸੰਭਵ ਨਹੀਂ। ਅਜੋਕਾ ਮਨੁੱਖ ਮਨ ਦੀ ਖੁਸ਼ੀ ਖਾਣ ਪੀਣ ਤੇ ਨੱਚਣ ਟੱਪਣ ਦੇ ਜਸ਼ਨਾਂ ਵਿਚੋਂ ਵੀ ਲੱਭ ਰਿਹਾ ਦਿਸਦਾ ਹੈ। ਪਰ ਇਸ ਵਿਚ ਉਸ ਨੂੰ ਹਾਸਲ ਹੋਣ ਵਾਲੀ ਖੁਸ਼ੀ ਕੁਝ ਪਲਾਂ ਦੀ ਹੁੰਦੀ ਹੈ, ਸਥਿਰ ਨਹੀਂ ਹੁੰਦੀ। ਇਵੇਂ ਹੀ ਫੈਸ਼ਨਾਂ ਦੇ ਹੜ ਵਿਚ, ਸੈਕਸ ਤੇ ਨਸ਼ਿਆਂ ਦੇ ਵਹਿਣ ਵਿਚ ਵਹਿ ਰਹੀ ਸਾਡੀ ਨਵੀਂ ਪੀੜ੍ਹੀ ਵੀ ਆਪਣੀਆਂ, ਕੁਝ ਸਾਡੀਆਂ ਨਿਗਰਾਨ ਪੀੜ੍ਹੀਆਂ ਦੀਆਂ ਗਲਤੀਆਂ ਕਰਕੇ ਮਨ ਦੀ ਬਹੁਤ ਥੋੜ ਚਿਰੀ ਝੂਠੀ ਖੁਸ਼ੀ ਕਾਰਣ ਕੁਰਾਹੇ ਤੇ ਬਰਬਾਦੀ ਦੇ ਰਾਹੇ ਪੈ ਚੁੱਕੀ ਹੈ। ਇਹੋ ਜਿਹੀ ਸਭਿਅਤਾ ਵਿਚ ਮਨੁੱਖ ਆਪਣੀ ਅਣਖ, ਰੂਹਾਨੀਅਤ, ਮਨੁੱਖੀ ਅਧਿਕਾਰ ਆਪਣੇ ਜੀਵਨ ਵਿਚੋਂ ਗੁਆ ਚੁਕਿਆ ਹੈ ਤੇ ਉਸ ਵਿਚ ਕਿਸੇ ਵੀ ਤਰ੍ਹਾਂ ਦੇ ਇਖਲਾਕੀ ਗੁਣ ਨਹੀਂ ਬਚੇ। ਅਜਿਹੇ ਯੁਗ ਦੇ ਸਭਿਆਚਾਰ ਨੂੰ ਅਪਨਾ ਕੇ ਇਨਕਲਾਬੀ ਤਬਦੀਲੀ ਦੀ ਭਾਲ ਨਹੀਂ ਕੀਤੀ ਜਾ ਸਕਦੀ। ਇਸੇ ਕਰਕੇ ਅਸੀਂ ਭਿਆਨਕ ਤਬਾਹੀ ਦੇ ਕੰਢੇ 'ਤੇ ਖਲੋਤੇ ਹਾਂ, ਮਾਇਆ ਖਾਤਰ ਆਪਣੀ ਔਲਾਦ ਨੂੰ ਗੁਆ ਬੈਠੇ ਹਾਂ। ਖੁਸ਼ੀਆਂ, ਖੇੜੇ ਸਾਡੀ ਜ਼ਿੰਦਗੀ 'ਚ ਗਾਇਬ ਹੋ ਗਏ ਹਨ। ਅਜਿਹੀਆਂ ਖੁਸ਼ੀਆਂ ਤਾਂ ਡਾਕਟਰ ਤੇ ਮਨੋਵਿਗਿਆਨੀ ਵੀ ਨਹੀਂ ਮੋੜ ਕੇ ਲਿਆ ਸਕਦੇ। ਦੂਸਰੇ ਨੂੰ ਲਤਾੜ ਕੇ ਅੱਗੇ ਲੰਘਣਾ, ਝੂਠ, ਕਪਟ ਤੋਲਣਾ ਸਾਡੀ ਜ਼ਿੰਦਗੀ ਦਾ ਨਿਸ਼ਾਨਾ ਬਣ ਗਿਆ ਹੈ। ਧਰਮ ਦਾ ਬੁਰਕਾ ਪਾ ਕੇ ਕੁਕਰਮ ਕਰਨ ਵਾਲੀ ਅਖੌਤੀ ਪੁਜਾਰੀ ਜਮਾਤ ਦਾ ਕਿਰਦਾਰ ਵੀ ਇਸੇ ਸੰਸਾਰੀਕਰਨ ਦੇ ਸਭਿਆਚਾਰ ਦੀ ਉਪਜ ਹੈ। ਮਨ ਦੀ ਖੁਸ਼ੀ ਲਈ ਲੋਕਾਂ ਨਾਲ ਮੇਲ ਜੋਲ, ਮਨੁੱਖੀ ਅਧਿਕਾਰਾਂ ਲਈ ਜੂਝਣਾ, ਵੰਡ ਛੱਕਣਾ-ਛਕਾਉਣਾ, ਆਪਸੀ ਭਾਈਚਾਰਾ, ਮਿਲਵਰਤਨ ਕਾਫੀ ਸਹਾਈ ਹੋ ਸਕਦੇ ਹਨ। ਗੁਰਬਾਣੀ ਵਿਚ ਵਿਚਾਰ ਗੋਸ਼ਟ, ਸੰਗਤ, ਕੀਰਤਨ ਅਤੇ ਲੰਗਰ, ਵੰਡ ਛੱਕਣ ਦਾ ਸਿਧਾਂਤ, ਕਿਰਤ ਕਰਨਾ ਆਦਿ ਸੰਕਲਪ ਰੂਹਾਨੀ ਇਨਕਲਾਬ ਦੀਆਂ ਜਾਮਨ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ ;

ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ॥
ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੨੮)

ਸਦੀਵੀ ਖੁਸ਼ੀ, ਰੂਹਾਨੀ ਅਨੰਦ ਪਦਾਰਥਕ ਵਸਤਾਂ ਦੀ ਪ੍ਰਾਪਤੀ ਤੇ ਖਚਿਤ ਹੋਣ 'ਚ ਨਹੀਂ ਮਿਲ ਸਕਦਾ। ਜੇਕਰ ਅਜੋਕਾ ਮਨੁੱਖ ਵੰਡ ਛੱਕਣ ਦੇ ਅਸੂਲ, ਗਰੀਬਾਂ, ਲੋੜਵੰਦਾਂ ਦੀ ਸਹਾਇਤਾ ਲਈ ਤਤਪਰ ਰਹੇ ਤਾਂ ਉਸ ਦੀਆਂ ਘੱਟੋ ਘੱਟ ਅੱਧੀਆਂ ਸਮੱਸਿਆਵਾਂ ਖਤਮ ਹੋ ਸਕਦੀਆਂ ਹਨ ਤੇ ਉਸ ਦੇ ਮਨ ਦੀ ਖੁਸ਼ੀ ਉਸ ਨੂੰ ਹਾਸਲ ਹੋ ਸਕਦੀ ਹੈ। ਲੋਭ, ਲਾਲਚ, ਤ੍ਰਿਸ਼ਨਾ ਦੀ ਅੱਗ ਵਿਚ ਸੜ ਰਿਹਾ ਅਜੋਕਾ ਮਨੁੱਖ ਸੰਪਤੀ, ਧਨ ਤੇ ਹੋਰ ਮਾਇਕ ਪਦਾਰਥਾਂ ਨੂੰ ਆਪਣਿਆਂ ਜਾਂ ਬੇਗਾਨਿਆਂ ਤੋਂ ਖੋਹ ਕੇ ਹਥਿਆਉਣਾ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਗੁਰਮਤਿ ਸਿਧਾਂਤ ਦੀ ਪੂਰੀ ਅਵੱਗਿਆ ਕਰਦਾ ਹੋਇਆ ਆਪਣੀ ਖੁਸ਼ੀ ਵੀ ਬਰਬਾਦ ਕਰ ਰਿਹਾ ਹੈ ਤੇ ਆਪਣੇ ਨਾਲ ਸੰਬੰਧਿਤ ਅਨੇਕਾਂ ਵਿਅਕਤੀਆਂ ਜਾਂ ਧਿਰਾਂ ਦੀ ਵੀ। ਇਹ ਸਮਝ ਲੈਣਾ ਜ਼ਰੂਰੀ ਹੈ ਕਿ ਧਰਮੀ ਸਦਵਾਉਣ ਵਾਲੇ ਜਿਨ੍ਹਾਂ ਭੇਖੀਆਂ ਨੂੰ ਮਨੁੱਖਤਾ ਦੀ ਚਿੰਤਾ ਨਹੀਂ, ਸਮਾਜ ਵਿਚ ਹੁੰਦੇ ਜਬਰ, ਜ਼ੁਲਮ ਤੇ ਅਨਿਆਂ ਨੂੰ ਦੇਖ ਕੇ ਜੋ ਚੁੱਪੀ ਧਾਰਨ ਕਰੀ ਰੱਖਦੇ ਹਨ, ਉਹ ਰੂਹਾਨੀ ਧਾਰਮਿਕ ਨਹੀਂ ਹੋ ਸਕਦੇ। ਸਮਾਜ ਵਿਚ ਰੂਹਾਨੀ ਇਨਕਲਾਬ ਤੇ ਸਦੀਵੀ ਖੁਸ਼ੀਆਂ ਤਾਂ ਹੀ ਪ੍ਰਾਪਤ ਹੋ ਸਕਣਗੀਆਂ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਗੁਰਮਤਿ ਦੀਆਂ ਸਿਖਿਆਵਾਂ ਅਨੁਸਾਰ ਜ਼ਿੰਦਗੀ ਨੂੰ ਢਾਲਿਆ ਜਾਵੇ। ਗੁਰਮਤਿ ਵਿਚਾਰਧਾਰਾ ਦਾ ਅਗਾਜ਼ ਵੀ ਐਸੇ ਰੂਹਾਨੀ ਇਨਕਲਾਬ ਦਾ ਸੁਨੇਹਾ ਸਾਰੀ ਮਨੁੱਖਤਾ ਤੱਕ ਪਹੁੰਚਾਉਣ ਲਈ ਹੋਇਆ ਸੀ। ਸੋ ਇਸ ਸੱਚੀ ਸੁੱਚੀ ਵਿਚਾਰਧਾਰਾ ਦੇ ਸੁਹਿਰਦ ਵਾਰਸਾਂ ਦਾ ਫਰਜ਼ ਬਣਦਾ ਹੈ ਕਿ ਉਹ ਆਲਸ ਨੂੰ ਤਿਆਗ ਕੇ ਗੁਰੂ ਸਾਹਿਬਾਨ ਵਲੋਂ ਸੌਂਪੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਅੱਗੇ ਆਉਣ ਅਤੇ ਗੁਰਮਤਿ ਵਿਚਾਰਧਾਰਾ ਨੂੰ ਅਧਰਮੀ ਠੇਕੇਦਾਰਾਂ ਤੋਂ ਮੁਕਤ ਕਰਵਾ ਕੇ ਠੋਸ ਅਤੇ ਸਾਰਥਕ ਤਬਦੀਲੀ ਦਾ ਬਾਨਣੂ ਬੰਨਣ। ਚਿੰਤਾਗ੍ਰਸਤ ਮਾਨਸਿਕਤਾ ਨੂੰ ਸਹੀ ਦਿਸ਼ਾ ਦੇ ਕੇ ਗੁਰਮਤਿ ਅਨੁਸਾਰ ਕਲਿਆਣਕਾਰੀ ਕਾਰਜਾਂ ਵੱਲ ਲਾਉਣਾ ਵੱਡਾ ਧਾਰਮਿਕ ਕਾਰਜ ਤੇ ਪੰਥ ਪ੍ਰਸਤੀ ਹੈ।


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਕੁੱਕ ਦੀ ਜ਼ਰੂਰਤ

ਫਰੀਮੌਂਟ (ਕੈਲੀਫੋਰਨੀਆ) ਏਰੀਏ ਵਿਚ ਇੰਡੀਅਨ ਰੈਸਟੋਰੈਂਟ ਲਈ ਇਕ ਤਜ਼ਰਬੇਕਾਰ ਕੁੱਕ ਦੀ ਜ਼ਰੂਰਤ ਹੈ। ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰ 'ਤੇ ਸੰਪਰਕ ਕਰ ਸਕਦੇ ਹੋ ਜੀ।

**ਫੋਨ ਨੰਬਰ:**

**+1(682)-521-3263**

## ਘਰ ਦੇ ਕੰਮ ਲਈ ਇੱਕ ਬੀਬੀ ਦੀ ਲੋੜ

**Live-in housekeeper/ nanny needed**

ਕਾਲ ਕਰੋ

**510-938-7195**


## ਅਠਖੇਲੀਆਂ ਕਰਦੀ ਰਾਜਨੀਤੀ ਦਾ ਮੈਦਾਨ ਬਣਿਆ ਪੰਜਾਬ

ਦੇ ਨੇਤਾਵਾਂ ਵਿੱਚ ਕੀ ਕੋਈ ਅਜਿਹਾ ਨੇਤਾ ਨਜ਼ਰ ਆਉਂਦਾ ਹੈ ਜਿਸ ਦਾ ਰਾਜਨੀਤਿਕ ਕੱਦ-ਕਾਠ ਮੁੱਖ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਦੇ ਬਰਾਬਰ ਹੋਵੇ ? ਇਹ ਸਵਾਲ ਜੇ ਕਿਤੇ ਲੋਕ ਖੁਦ ਨੂੰ ਕਰਨ ਲੱਗ ਜਾਣ ਤਾਂ ਬਹੁਤ ਸਾਰੀਆਂ ਨਵੀ ਪਾਰਟੀਆਂ ਦਾ ਜਨਮ ਰੁਕ ਸਕਦਾ ਹੈ ਅਤੇ ਲੋਕਾਂ ਦੀ ਐਨਰਜੀ ਅਤੇ ਵਕਤ ਦੀ ਬੱਚਤ ਵੀ ਹੋ ਸਕਦੀ ਹੈ।

ਪੰਜਾਬ ਦੀ ਅਜੋਕੀ ਰਾਜਨੀਤੀ ਦਾ ਸੇਕ ਬਾਹਰਲੇ ਮੁਲਕਾਂ ਦੀ ਰਾਜਨੀਤੀ 'ਤੇ ਪੈਣ ਲੱਗ ਪਿਆ ਹੈ। ਕੈਨੇਡਾ ਵਰਗੇ ਮੁਲਕ ਜਿਸ ਦੀ ਰਾਜਨੀਤੀ ਵਿੱਚ ਪੰਜਾਬੀਆਂ ਦਾ ਵੱਡਾ ਯੋਗਦਾਨ ਵੀ ਰਿਹਾ ਹੈ, ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕਿਆ। ਉੱਥੇ ਦੇ ਨੇਤਾ ਲੋਕ ਵੀ ਅਜਿਹੀ ਰਾਜਨੀਤੀ ਵਿੱਚ ਵਿਸ਼ਵਾਸ਼ ਕਰਕੇ ਇਸੇ ਤਰ੍ਹਾਂ ਜੋੜ-ਤੋੜ ਕਰਨ ਲੱਗ ਲੱਗ ਪਏ ਹਨ ਜਿਸ ਨਾਲ ਉੱਥੇ ਵਸਦੇ ਆਮ ਲੋਕਾਂ ਨੂੰ ਆਪਣੇ ਭਵਿੱਖ ਬਾਰੇ ਚਿੰਤਾ ਹੈ। ਇਸ ਦੀ ਤਾਜ਼ਾ ਉਦਾਹਰਨ ਨਿਊਜ਼ੀਲੈਂਡ ਵਿੱਚ ਪਿੱਛੇ ਜਿਹੇ ਵੇਖਣ ਨੂੰ ਮਿਲੀ ਸੀ ਜਦੋਂ ਇੱਕ ਗੋਰੇ ਨੇਤਾ ਨੇ ਆਪਣੀ ਹੀ ਪਾਰਟੀ ਦੇ ਇੱਕ ਨੇਤਾ ਦੀ ਕਿਸੇ ਮਾਮਲੇ ਵਿੱਚ ਇੱਕ ਫੋਨ ਕਾਲ ਰਿਕਾਰਡਿੰਗ ਕਰਕੇ ਉਸ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਸੀ।

ਵੈਸੇ ਤਾਂ ਕਿਹਾ ਜਾਂਦਾ ਹੈ ਕਿ ਰਾਜਨੀਤੀ ਵਿੱਚ ਕੋਈ ਕਿਸੇ ਦਾ ਸਕਾ ਨਹੀਂ ਪਰ ਰਾਜਨੀਤੀ ਦੇ ਵੀ ਕਈ ਅਸੂਲ ਹੁੰਦੇ ਨੇ ਜਿਨ੍ਹਾਂ ਦੀ ਪਾਲਣਾ ਕਰਨਾ ਹਰੇਕ ਰਾਜੀਨਿਤਕ ਨੇਤਾ ਦਾ ਫਰਜ਼ ਹੈ, ਤਾਂ ਜੋ ਉਹ ਜਨਤਾ ਪ੍ਰਤੀ ਜਵਾਬਦੇਹ ਬਣਿਆ ਰਹੇ ਪਰ ਇਸ ਹਾਲਾਤ ਵਿੱਚ ਕੋਈ ਵੀ ਅਜਿਹਾ ਨੇਤਾ ਨਜ਼ਰ ਨਹੀਂ ਆ ਰਿਹਾ ਜੋ ਸੱਚਮੁੱਚ ਹੀ ਦੇਸ਼ ਅਤੇ ਜਨਤਾ ਪ੍ਰਤੀ ਵਫਾਦਾਰੀ ਨਾਲ ਖੜ੍ਹਾ ਹੋਵੇ। ਇਸ ਅਠਖੇਲੀਆਂ ਕਰਦੀ ਰਾਜਨੀਤੀ ਵਿੱਚ ਪੰਜਾਬੀਆਂ ਦੀ ਭਲਾਈ ਹੋ ਪਾਵੇਗੀ ਜਾਂ ਨਹੀਂ, ਇਸ ਸਵਾਲ ਦਾ ਜਵਾਬ ਫਿਲਹਾਲ ਹਵਾ ਵਿਚ ਹੀ ਲਟਕ ਰਿਹਾ ਹੈ।

## ਇਲੈਕਟ੍ਰੌਨਿਕ ਮੀਡੀਏ ਦਾ ਕਾਲਾ ਹੁਨਰ

ਇਲੈਕਟ੍ਰੌਨਿਕ ਮੀਡੀਆ ਵੀ ਅਸਲ ਮੁੱਦੇ ਕਾਇਮ ਕਰਦਾ ਹੈ ਫਿਰ ਇਕ ਚੀਜ਼ ਨੂੰ ਦੂਜੀ ਚੀਜ਼ ਵਿਚ ਵਟਾ ਕੇ ਦਰਸ਼ਕਾਂ ਨੂੰ ਚਕਾਚੌਂਧ ਕਰਦਾ ਹੈ ਅਤੇ ਇਸ ਤਰ੍ਹਾਂ ਮੁੱਦਿਆਂ ਦਾ ਰੂਪ ਹੀ ਪਰਿਵਰਤਿਤ ਕਰ ਦਿੰਦਾ ਹੈ। ਮਿਸਾਲ ਵਜੋਂ ਇਲੈਕਟ੍ਰੌਨਿਕ ਮੀਡੀਆ ਸਵਿਸ ਬੈਂਕਾਂ ਵਿਚੋਂ ਕਾਲਾ ਧਨ ਵਾਪਸ ਲਿਆਉਣ ਦੀ ਟੁਣਕਾਰ ਇਉਂ ਸਣਾਉਂਦਾ ਹੈ, ਜਿਵੇਂ ਮਦਾਰੀ ਜਮੂਰੇ ਦੇ ਕੰਨ, ਮੂੰਹ ਜਾਂ ਪਿੱਠ ਵਿਚੋਂ ਉਸ ਦੇ ਡੱਬੇ ਵਿਚ ਰੁਪਈਏ ਡਿੱਗਣ ਦੀ ਟੁਣਕਾਰ। ਪਰ ਉਹ ਮਦਾਰੀ ਵਾਂਗ ਬੁਰਾਈਆਂ ਜਾਂ ਕੋਝ ਉੱਤੇ ਕਰਾਰੀ ਚੋਟ ਕਰਨ ਤੋਂ ਗੁਰੇਜ਼ ਕਰਦਾ ਹੈ। ਸਗੋਂ, ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਸਮਾਜਕ ਅਨਿਆਂ, ਸਮਾਜਕ ਅਸੁਰੱਖਿਆ, ਆਰਥਕ ਸ਼ੋਸ਼ਣ ਆਦਿ ਮੁੱਦਿਆਂ ਨੂੰ ਅਖਾਉਤੀ ਰਾਜਸੀ ਮਾਹਰਾਂ ਦੇ ਛੂ-ਮੰਤਰ ਨੁਮਾ ਵਿਚਾਰਾਂ ਰਾਹੀਂ ਗ਼ਾਇਬ ਕਰ ਦਿੰਦਾ ਹੈ ਜੋ ਇਨ੍ਹਾਂ ਦੀ ਥਾਂ ਜਨਤਾ ਨੂੰ ਲੁਭਾਉਣੇ ਵਾਅਦਿਆਂ ਤੇ ਲਾਰਿਆਂ ਦੇ ਦਿਲਕਸ਼ ਕਬੂਤਰ, ਖਰਗੋਸ਼, ਵੰਨ-ਸੁਵੰਨੇ ਫੁੱਲ, ਦਹੇਜ ਦਾ ਸਾਮਾਨ (ਸਮੇਤ ਰੇਡੀਓ ਦੇ) ਦਿਖਾਈ ਦੇਣ ਲਗਦਾ ਹੈ। ਇਲੈਕਟ੍ਰੌਨਿਕ ਮੀਡੀਆ ਦੀ ਉਪਰੋਕਤ ਕਾਰਜ ਪ੍ਰਣਾਲੀ ਉੱਪਰ ਚਰਚਾ ਕਰਨ ਮਗਰੋਂ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਲੈਕਟ੍ਰੌਨਿਕ ਮੀਡੀਆ ਸੱਚਮੁੱਚ ਹੀ ਲੋਕਤੰਤਰ ਦਾ ਚੌਥਾ ਥੰਮ ਅਖਵਾਉਣ ਦਾ ਹੱਕਦਾਰ ਹੈ ? ਲੋਕਤੰਤਰ ਦੇ ਚੌਥੇ ਥੰਮ ਬਾਰੇ ਚੱਲੀ ਆ ਰਹੀ ਧਾਰਨਾ ਦੇ ਚੌਖਟੇ ਵਿਚ ਰੱਖ ਕੇ ਇਸ ਦੇ ਅਜੋਕੇ ਰੋਲ ਬਾਰੇ ਪੁਨਰ ਵਿਚਾਰ ਕਰਨੀ ਬਹੁਤ ਜ਼ਰੂਰੀ ਹੋ ਗਈ ਹੈ। ਮੀਡੀਆ ਇਸ ਸ਼ਰਤ 'ਤੇ ਹੀ ਲਕਤੰਤਰ ਦਾ ਚੌਥਾ ਥੰਮ ਅਖਵਾਉਣ ਦਾ ਹੱਕਦਾਰ ਬਣਦਾ ਹੈ ਕਿ ਇਹ ਲੋਕ ਮੁੱਦਿਆਂ ਨੂੰ ਰੌਸ਼ਨੀ ਵਿਚ ਲਿਆਉਂਦਾ ਹੈ ਅਤੇ ਲੋਕ ਆਵਾਜ਼ ਬਣਦਾ ਹੈ। ਇਸ ਦੇ ਐਨ ਉਲਟ ਜਦੋਂ ਇਲੈਕਟ੍ਰੌਨਿਕ ਮੀਡੀਆ ਲੋਕ ਮੁੱਦਿਆਂ ਨੂੰਹਨੇਰੇ ਵਿਚ ਲੈ ਜਾਂਦਾ ਹੈ ਤਾਂ ਕੀ ਇਹ ਲੋਕਤੰਤਰ ਦੇ ਚੌਥੇ ਥੰਮਦੇ ਹੱਕੀ ਵਜੋਂ ਵਿਚਾਰਿਆ ਜਾਣਾ ਵੀ ਚਾਹੀਦਾ ਹੈ ? ਜਵਾਬ ਵਿਚ ਬਿਲਕੁਲ ਨਹੀਂ ਹੀ ਕਿਹਾ ਜਾ ਸਕਦਾ ਹੈ। ਅਸਲ ਵਿਚ ਇਹ ਸਭ ਕੁਝ ਇਸ ਲਈ ਵਾਪਰਿਆ ਹੈ ਕਿਉਂਕਿ ਇਲੈਕਟ੍ਰੌਨਿਕ ਮੀਡੀਆ ਦੀ ਕੋਈ ਸੁਤੰਤਰ ਹੋਂਦ ਨਹੀਂ ਰਹੀ ਹੈ। ਮੀਡੀਆ-ਘਰਾਣਿਆਂ ਦੀ ਹੋਂਦ ਵੀ ਲਗਭਗ ਖ਼ਤਮ ਹੋ ਗਈ ਹੈ। ਇਸ ਸਮੇਂ ਇਲੈਕਟ੍ਰੌਨਿਕ ਮੀਡੀਆ ਦੇ ਸਾਰੇ ਪ੍ਰਬੰਧ ਉੱਪਰ ਕਾਰਪੋਰੇਟ ਘਰਾਣੇ ਕਾਬਜ਼ ਹਨ, ਇਹ ਉਨ੍ਹਾਂ ਦੀ ਸਿੱਧੀ ਮਾਲਕੀ ਹੇਠ ਚਲਾ ਗਿਆ ਹੈ। ਲੋਕਤੰਤਰ ਦੀ ਹਿਫ਼ਾਜ਼ਤ ਨਾਲ ਤਾਂ ਇਸ ਦਾ ਦੂਰ ਦਾ ਵਾਸਤਾ ਵੀ ਨਹੀਂ ਰਿਹਾ। ਇਹ ਸਗੋਂ ਆਮ ਲੋਕਾਂ ਨੂੰ ਆਏ ਦਿਨ ਭੰਬਲਭੂਸੇ 'ਚ ਪਾ ਕੇ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਤੋਂ ਅਵੇਸਲੇ ਕਰ ਰਿਹਾ ਹੈ ।

## ਪੰਜਾਬੀਆਂ ਲਈ ਸਾਦਗੀ ਵੱਲ ਪਰਤਣ ਦਾ ਸਮਾਂ

ਦੋਹਾਂ ਪਰਿਵਾਰਾਂ ਨੇ ਵਿਖਾਵੇ ਤੋਂ ਬਚਾਈ ਗਈ ਮਾਇਆ ਲਗਪਗ ਦਸ ਲੱਖ ਰੁਪਏ ਨਾਲ ਗ਼ਰੀਬ ਤੇ ਲੋੜਵੰਦ ਬੱਚਿਆਂ ਦੀ ਪੜ੍ਹਾਈ ਲਈ ਇੱਕ ਫੰਡ ਵੀ ਕਾਇਮ ਕੀਤਾ।

ਅੱਜ ਲੋੜ ਹੈ ਸਾਰੇ ਪੰਜਾਬ ਵਾਸੀ ਪ੍ਰਣ ਕਰਨ ਕਿ ਵਿਆਹ ਸਮੇਂ ਸੀਮਤ ਖ਼ਰਚ ਕੀਤਾ ਜਾਏਗਾ। ਵਾਧੂ ਇਕੱਠ ਸਬੰਧੀ ਕਈ ਲੋਕਾਂ ਦੀ ਰਾਇ ਹੁੰਦੀ ਹੈ ਕਿ ਅਸੀਂ ਇੰਨਾ ਸ਼ਗਨ ਦਿੱਤਾ ਹੋਇਆ ਹੈ, ਹੁਣ ਵਾਪਸ ਕਿਉਂ ਨਾ ਲਈਏ। ਆਰਥਿਕ ਮਾਹਿਰ ਦੱਸਦੇ ਹਨ ਕਿ ਅਜੋਕੇ ਮਹਿੰਗੇ ਵਿਆਹਾਂ 'ਤੇ 1100 ਰੁਪਏ ਦਾ ਸ਼ਗਨ ਵਾਪਸ ਲੈਣ ਲਈ ਤੁਸੀਂ ਉਸ ਪਰਿਵਾਰ 'ਤੇ ਘੱਟੋ ਘੱਟ 3000 ਰੁਪਏ ਦਾ ਖ਼ਰਚ ਕਰਦੇ ਹੋ। ਸ਼ਗਨ ਵਾਪਸ ਨਹੀਂ ਆਉਂਦਾ ਸਗੋਂ ਤੁਹਾਨੂੰ ਹੋਰ ਵਾਧੂ ਖ਼ਰਚਾ ਕਰਨਾ ਪੈਂਦਾ ਹੈ।

ਜਿੱਥੇ ਵਿਆਹ ਸਾਦੇ ਕਰਨ ਦੀ ਲੋੜ ਹੈ ਉੱਥੇ ਨਾਲ ਹੀ ਮ੍ਰਿਤਕ ਦੇ ਭੋਗ ਦੀਆਂ ਰਸਮਾਂ ਸਮੇਂ ਵੀ ਬੇਲੋੜਾ ਖ਼ਰਚਾ ਨਹੀਂ ਕਰਨਾ ਚਾਹੀਦਾ। ਮ੍ਰਿਤਕ ਦੇ ਭੋਗ ਸਮੇਂ ਰੋਟੀ ਹੀ ਅੱਜਕੱਲ੍ਹ ਵਿਆਹਾਂ ਵਰਗੀ ਹੋਣ ਲੱਗੀ ਹੈ। ਭੋਗ ਸਮੇਂ ਰੋਟੀ ਕੇਵਲ ਦੂਰੋਂ ਆਏ ਰਿਸ਼ਤੇਦਾਰਾਂ ਜਾਂ ਮਹਿਮਾਨਾਂ ਲਈ ਹੀ ਹੋਣੀ ਚਾਹੀਦੀ ਹੈ। ਬਾਕੀ ਲੋਕਾਂ ਨੂੰ ਉੱਥੇ ਰੋਟੀ ਨਹੀਂ ਖਾਣੀ ਚਾਹੀਦੀ। ਇਸ ਲਈ ਸਾਨੂੰ ਹੁਣ ਸਾਦਗੀ ਨਾਲ ਜੰਗ ਕਰਨ ਦੀ ਲੋੜ ਹੈ। ਇਹ ਜੰਗ ਇਸ ਲਈ ਹੈ ਕਿ ਸਥਾਪਤ ਤੇ ਪ੍ਰਚੱਲਿਤ ਵਿਚਾਰਾਂ ਨੂੰ ਬਦਲਣਾ ਬਹੁਤ ਔਖਾ ਹੁੰਦਾ ਹੈ। ਇਸ ਲਈ 'ਨਿਸ਼ਚਾ' ਤੇ 'ਨਿਰੰਤਰਤਾ' ਜ਼ਰੂਰੀ ਹੈ। ਇਸ ਲਈ ਹੁਣ ਜੰਗ ਛੇੜਨੀ ਤੇ ਜੰਗ ਜਿੱਤਣੀ ਹੋਵੇਗੀ। ਪਹਿਲੀ ਜੰਗ ਆਪਣੇ ਮਨ ਨਾਲ ਕਰਨੀ ਹੋਵੇਗੀ। ਦੂਜੀ ਸ਼ੁਰੂ ਹੋਵੇਗੀ ਪਰਿਵਾਰ ਵਿੱਚ। ਜੇ ਬੱਚੇ ਮਨ ਵੀ ਜਾਣ ਤਾਂ ਹੋ ਸਕਦਾ ਮਾਤਾ-ਪਿਤਾ ਨਾ ਮੰਨਣ। ਪਰ ਜੇ ਲਗਾਤਾਰ ਘਰ ਵਿੱਚ ਸੰਵਾਦ ਜਾਰੀ ਰੱਖੀਏ ਤਾਂ ਸਹਿਜੇ ਸਭ ਮੰਨ ਸਕਦੇ ਹਨ। ਸਮੁੱਚੇ ਤੌਰ 'ਤੇ ਜੇ 50 ਫ਼ੀਸਦੀ ਸਫਲਤਾ ਵੀ ਮਿਲੇ ਓਹੀ ਭਲੀ। ਫਿਰ ਤੁਹਾਨੂੰ ਦੇਖ ਕੇ ਹੋਰ ਵੀ ਉੱਦਮ ਕਰਨਗੇ। ਤੀਜੀ ਜੰਗ ਹੈ ਬਾਹਰਲਿਆਂ ਨਾਲ ਜਿਸ ਦੀ ਲੋੜ ਹੀ ਨਹੀਂ ਪੈਣੀ। ਜੇ ਪਰਿਵਾਰ ਇੱਕ ਮੁੱਠ ਹੋ ਕੇ ਫੈਸਲਾ ਕਰ ਲਵੇ ਤਾਂ ਕਿਸੇ ਦੀ ਹਿੰਮਤ ਨਹੀਂ ਪੈਣੀ ਕਿ ਉਹ ਜ਼ੋਰ ਪਾ ਜਾਵੇ।

'ਸਾਦੇ ਵਿਆਹ ਸਾਦੇ ਭੋਗ' ਪੰਜਾਬ ਦੀ ਕਿਰਸਾਨੀ ਤੇ ਆਮ ਜਵਾਨੀ ਲਈ ਅਤਿ ਲੋੜੀਂਦਾ ਕਦਮ ਹੈ। ਬਸ ਲੋੜ ਹੈ ਇਸਨੂੰ ਪ੍ਰਚੰਡ ਕਰਨ ਦੀ। ਸਾਰੇ ਆਪੋ ਆਪਣਾ ਯੋਗਦਾਨ ਪਾਉਣ। ਅਖ਼ਬਾਰੀ ਖ਼ਬਰਾਂ ਅਨੁਸਾਰ ਹੁਣ ਤਕ ਬਲਾਕ ਤਲਵੰਡੀ ਸਾਬੋ (ਬਠਿੰਡਾ) ਦੇ ਘੱਟੋ-ਘੱਟ 23 ਪਿੰਡਾਂ ਨੇ ਸਾਦਗੀ ਲਈ ਮਤੇ ਪਾਏ ਹਨ। ਇਸੇ ਤਰ੍ਹਾਂ ਮਾਨਸਾ ਜ਼ਿਲ੍ਹੇ ਦੇ ਪਿੰਡ ਅਤੇ ਹੋਰ ਵੀ ਕਈ ਜ਼ਿਲ੍ਹਿਆਂ ਵਿੱਚ ਅਜਿਹੇ ਮਤੇ ਪਾਏ ਜਾ ਰਹੇ ਹਨ। ਇੰਝ ਲੱਗਦਾ ਹੈ ਕਿ ਪੰਜਾਬੀਆਂ ਦਾ ਸਾਦਗੀ ਵੱਲ ਮੋੜਾ ਪੈਣਾ ਸ਼ੁਰੂ ਹੋ ਗਿਆ ਹੈ, ਪਰ ਇਸ ਲਈ ਹੋਰ ਵੀ ਬਹੁਤ ਉੱਦਮ ਕਰਨ ਦੀ ਲੋੜ ਹੈ। ਮੁਕਦੀ ਗੱਲ ਕਿ ਫਜ਼ੂਲ ਖ਼ਰਚੀ ਵਿਚ ਕਟੌਤੀ ਕੀਤੇ ਬਿਨਾ ਹੁਣ ਨਹੀਂ ਸਰਨਾ। ਅਸਲ ਮਾਣ ਸਾਦਗੀ ਵਿੱਚ ਹੁੰਦਾ ਹੈ। ਸਰਦੇ ਪੁੱਜਦੇ ਲੋਕ ਜੇਕਰ ਸਾਦਗੀ ਅਪਣਾਉਣਗੇ ਤਾਂ ਸਾਰਾ ਸਮਾਜ ਉਨ੍ਹਾਂ ਦੀ ਰੀਸ ਕਰੇਗਾ। ਜੇ ਕਿਸੇ ਕੋਲ ਚਾਰ ਪੈਸੇ ਵਾਧੂ ਹਨ ਤਾਂ ਉਹ ਉਸਦਾ ਅਜਿਹਾ ਪ੍ਰਗਟਾਵਾ ਨਾ ਕਰੇ ਜਿਸ ਨਾਲ ਸਮਾਜ ਵਿੱਚ ਵਿਗਾੜ ਪੈਦਾ ਹੋਵੇ। ਕਹਿੰਦੇ ਹਨ ਜੇ ਆਮਦਨ ਵਧ ਜਾਵੇ ਤਾਂ ਖ਼ਰਚੇ ਨਹੀਂ ਵਧਾਉਣੇ ਚਾਹੀਦੇ ਸਗੋਂ ਲੋੜਵੰਦਾਂ ਦੀ ਮਦਦ ਵੱਧ ਕਰਨੀ ਚਾਹੀਦੀ ਹੈ।

## ਇਮਾਨਦਾਰ ਅ਼ਫਸਰ ਮੰਨਿਆ ਜਾਂਦਾ ਹੈ ਕੁੰਵਰ ਵਿਜੇ ਪ੍ਰਤਾਪ ਸਿੰਘ

ਉੱਥੇ ਦੂਜੇ ਪਾਸੇ ਡਿਊਟੀ 'ਤੇ ਤਾਇਨਾਤ ਆਪਣੇ ਹੀ ਹਮ ਰੁਤਬਾ ਰੈਂਕ ਦੇ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਵੀ ਪੁਲਿਸ ਹੈਡ ਕੁਆਟਰ ਵਿੱਚ ਉਸ ਦੇ ਦਫਤਰ ਨੇੜਿਓਂ ਨਾ ਸਿਰਫ ਗ੍ਰਿਫਤਾਰ ਕੀਤਾ। ਕੁੰਵਰ ਦੇ ਇਸ ਕਦਮ ਨੇ ਪੰਜਾਬ ਪੁਲਿਸ ਦੇ ਸਾਬਕਾ ਡੀਜੀਪੀ ਰੈਂਕ ਦੇ ਉਸ ਪੁਲਿਸ ਅਧਿਕਾਰੀ ਸੁਮੇਧ ਸੈਣੀ ਤੱਕ ਨੂੰ ਬੇਅਦਬੀ ਤੇ ਗੋਲੀ ਕਾਂਡ ਮਾਮਲਿਆਂ ਵਿੱਚ ਮੀਡੀਆ ਵਿਚ ਆ-ਆ ਕੇ ਲਗਾਤਾਰ ਬਿਆਨ ਦੇਣ ਲਈ ਮਜਬੂਰ ਕਰ ਦਿੱਤਾ ਸੀ ਜਿਹੜੇ ਕਿ ਉਨ੍ਹਾਂ ਕਾਂਡਾਂ ਤੋਂ ਬਾਅਦ ਲੰਮੇ ਸਮੇਂ ਤੱਕ ਚੁੱਪੀ ਧਾਰੀ ਬੈਠੇ ਸਨ। ਇਸ ਤੋਂ ਇਲਾਵਾ ਇਸ ਆਈਜੀ ਵੱਲੋਂ ਬਾਦਲਾਂ ਦੇ ਕਰੀਬੀ ਮੰਨੇ ਜਾਂਦੇ ਮਨਤਾਰ ਬਰਾੜ ਵਰਗੇ ਸਾਬਕਾ ਵਿਧਾਇਕ ਵਿਰੁੱਧ ਪਰਚਾ ਦੇ ਕੇ ਬਾਦਲਾਂ ਨੂੰ ਵੀ ਇਹ ਸੰਦੇਸ਼ ਦੇ ਦਿੱਤਾ ਸੀ ਕਿ ਅਗਲੀ ਵਾਰੀ ਹੁਣ ਤੁਹਾਡੀ ਹੈ। ਵਿਰੋਧੀਆਂ ਦਾ ਦਾਅਵਾ ਹੈ ਕਿ ਇਹੋ ਕਾਰਨ ਹੈ, ਜਿਸ ਲਈ ਅਕਾਲੀ ਦਲ ਨੇ ਕੁੰਵਰ ਵਿਰੁੱਧ ਸ਼ਿਕਾਇਤ ਕੀਤੀ, ਤੇ ਉਨ੍ਹਾਂ ਨੂੰ ਇਸ ਜਾਂਚ ਤੋਂ ਹਟਾ ਦਿੱਤਾ ਗਿਆ। ਸਾਲ 2002 ਦੌਰਾਨ ਜਦੋਂ ਉਹ ਅੰਮ੍ਰਿਤਸਰ ਵਿਖੇ ਬਤੌਰ ਐਸਪੀ ਸਿਟੀ ਤਾਇਨਾਤ ਸਨ ਤਾਂ ਉਦੋਂ ਉਨ੍ਹਾਂ ਨੇ ਅੰਮ੍ਰਿਤਸਰ ਕਿਡਨੀ ਸਕੈਂਡਲ ਦਾ ਪਰਦਾ ਫਾਸ਼ ਕਰਨ ਦਾ ਦਾਅਵਾ ਕੀਤਾ ਸੀ। ਇਸ ਤੋਂ ਇਲਾਵਾ ਸਾਲ 2003 ਦੌਰਾਨ ਉਨ੍ਹਾਂ ਨੇ ਅੰਮ੍ਰਿਤਸਰ ਸੈਕਸ ਸਕੈਂਡਲ ਦੀ ਜਾਂਚ ਕੀਤੀ ਜਿਸ ਵਿੱਚ ਉੱਥੋਂ ਦੇ ਸਥਾਨਕ ਸਿਆਸਤਦਾਨਾਂ ਤੋਂ ਇਲਾਵਾ ਕਈ ਕੇਵਲ ਨੈੱਟਵਰਕ ਓਪਰੇਟਰਾਂ 'ਤੇ ਵੀ ਪਰਚਾ ਦਰਜ ਕੀਤਾ ਸੀ, ਜਿਸ ਦੀ ਜਾਂਚ ਬਾਅਦ ਵਿੱਚ ਹਾਈ ਕੋਰਟ ਦੇ ਹੁਕਮਾਂ 'ਤੇ ਸੀਬੀਆਈ ਦੇ ਹਵਾਲੇ ਕਰ ਦਿੱਤੀ ਗਈ। ਜਿਸ ਵਿੱਚ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਸਾਲ 2013 ਦੌਰਾਨ ਫੈਸਲਾ ਸੁਣਾਉਂਦਿਆਂ ਸ਼ਿਕਾਇਤ ਕਰਤਾ ਔਰਤ ਦੇ ਆਪਣੇ ਬਿਆਂਨ ਤੋਂ ਪਲਟ ਜਾਣ ਕਾਰਨ ਸਾਰਿਆਂ ਨੂੰ ਬਰੀ ਕਰ ਦਿੱਤਾ ਸੀ।

ਸਿਆਸਤਦਾਨਾਂ ਨਾਲ ਕੁੰਵਰ ਦੇ ਟਕਰਾਅ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਕੁੰਵਰ ਜਦੋਂ ਆਈਜੀ ਸਾਲ 2009 ਵਿੱਚ ਅੰਮ੍ਰਿਤਸਰ ਵਿੱਚ ਬਤੌਰ ਐਸਐਸਪੀ ਤਾਇਨਾਤ ਸਨ ਤਾਂ ਉਸ ਵੇਲੇ ਦੇ ਬੀਜੇਪੀ ਵਿਧਾਇਕ ਅਨਿਲ ਜੋਸ਼ੀ ਨੇ ਤਾਂ ਕੁੰਵਰ ਦੇ ਖਿਲਾਫ ਭੁੱਖ ਹੜਤਾਲ ਤੱਕ ਕਰ ਦਿੱਤੀ ਸੀ। ਜਿਸ ਤੋਂ ਬਾਅਦ ਜਦੋਂ ਉਨ੍ਹਾਂ ਦਾ ਤਬਾਦਲਾ ਕਰ ਦਿੱਤਾ ਗਿਆ ਤਾਂ ਇਲਾਕੇ ਦੀਆਂ ਕਈ ਸੰਸਥਾਵਾਂ ਇਕੱਠੀਆਂ ਹੋ ਕੇ ਕੁੰਵਰ ਦੇ ਹੱਕ ਵਿੱਚ ਹਾਈ ਕੋਰਟ ਤੱਕ ਪਹੁੰਚ ਗਈਆਂ ਜਿਨ੍ਹਾਂ ਨੇ ਆਈਜੀ ਦੇ ਤਬਾਦਲੇ ਨੂੰ ਅਦਾਲਤ ਵਿੱਚ ਚੈਲਿੰਜ ਕੀਤਾ ਸੀ। ਜਲੰਧਰ ਤੇ ਲੁਧਿਆਣਾ ਵਿੱਚ ਬਤੌਰ ਕਮਿਸ਼ਨਰ ਵੀ ਕੁੰਵਰ ਦੇ ਸਬੰਧ ਸਿਆਸਤਦਾਨਾਂ ਨਾਲ ਕੋਈ ਬਹੁਤੇ ਸੁਖਾਵੇਂ ਨਹੀਂ ਰਹੇ ਤੇ ਇਸ ਦਾ ਨਤੀਜਾ ਇਹ ਨਿੱਕਲਿਆ ਸੀ ਕਿ ਇਨ੍ਹਾਂ ਦੋਵਾਂ ਥਾਂਵਾਂ ਤੋਂ ਵੀ ਕੁੰਵਰ ਦਾ ਜਲਦ ਤਬਾਦਲਾ ਕਰ ਦਿੱਤਾ ਗਿਆ। ਕੁੰਵਰ ਨੇ ਸਾਲ 2002 ਦੌਰਾਨ ਹੀ 53 ਅਜਿਹੇ ਮਜਦੂਰ ਬੱਚਿਆਂ ਨੂੰ ਛੁਡਵਾਇਆ ਜਿਨ੍ਹਾਂ ਦਾ ਉਨ੍ਹਾਂ ਦੇ ਕੰਮ ਕਰਵਾਉਣ ਵਾਲੇ ਮਾਲਕਾਂ ਵੱਲੋਂ ਬੁਰੀ ਤਰ੍ਹਾਂ ਸੋਸ਼ਣ ਕੀਤਾ ਜਾ ਰਿਹਾ ਸੀ। ਇਸੇ ਤਰ੍ਹਾਂ ਇਹ ਹੀ ਉਹ ਪੁਲਿਸ ਅਧਿਕਾਰੀ ਸੀ ਜਿਨ੍ਹਾਂ ਨੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲਾ ਦਿੱਤੇ ਜਾਣ ਦੇ ਸਕੈਂਡਲ ਤੇ ਪੇਪਰ ਲੀਕ ਹੋਣ ਦਾ ਪਰਦਾ ਫਾਸ਼ ਕਰਨ ਦਾ ਦਾਅਵਾ ਕੀਤਾ ਸੀ।

## ਹਰੇਕ ਲੋਕ ਸਭਾ ਇਲੈਕਸ਼ਨ ਵਿਚ ਬਣਨ ਵਾਲਾ ਮੁੱਦਾ : ਆਰਟੀਕਲ 370

ਵਿਚ ਅੰਦਰੂਨੀ ਗੜਬੜ ਚੱਲਦੀ ਰਹਿੰਦੀ ਹੈ। ਇੰਨੀਆਂ ਸਹੂਲਤਾਂ ਮਿਲਣ ਤੋਂ ਬਾਅਦ ਵੀ ਕਸ਼ਮੀਰ ਦੀਆਂ ਰਾਜਨੀਤਕ ਪਾਰਟੀਆਂ ਆਰਟੀਕਲ 370 ਨੂੰ ਲੈ ਕੇ ਕਸ਼ਮੀਰੀਆਂ ਨੂੰ ਡਰਾਉਂਦੀਆਂ ਰਹਿੰਦੀਆਂ ਹਨ। ਹਰ ਪਾਰਟੀ ਆਪਣੇ ਆਪ ਨੂੰ 370 ਦਾ ਸਭ ਤੋਂ ਵੱਡਾ ਰਾਖਾ ਸਾਬਤ ਕਰਨ ਵਿੱਚ ਰੁੱਝੀ ਹੋਈ ਹੈ। ਉੱਧਰ ਭਾਰਤ ਦੀਆਂ ਮੁੱਖ ਕੌਮੀ ਪਾਰਟੀਆਂ ਵੀ ਇਸ ਤੋਂ ਵੱਧ ਤੋਂ ਵੱਧ ਫਾਇਦਾ ਉਠਾਉਣ ਦੇ ਚੱਕਰ ਵਿੱਚ ਹਨ। ਜਿਸ ਨੂੰ ਲੱਗਦਾ ਹੈ ਕਿ 370 ਖਤਮ ਕਰ ਕੇ ਵੱਧ ਵੋਟਾਂ ਮਿਲਣਗੀਆਂ, ਉਹ ਇਸ ਨੂੰ ਖਤਮ ਕਰਨ ਦਾ ਹੋਕਾ ਦੇ ਰਿਹਾ ਹੈ। ਜਿਸ ਨੂੰ ਲੱਗਦਾ ਹੈ ਕਿ ਇਸ ਨੂੰ ਕਾਇਮ ਰੱਖਣ ਦਾ ਰੌਲਾ ਪਾ ਕੇ ਵੱਧ ਵੋਟਾਂ ਮਿਲਣਗੀਆਂ, ਉਹ ਇਸ ਨੂੰ ਬਰਕਰਾਰ ਰੱਖਣ ਦਾ ਹੱਲਾ ਮਚਾ ਰਿਹਾ ਹੈ। ਵੈਸੇ ਇਸ ਬਹੀ ਕੜ੍ਹੀ ਵਿਚ ਉਬਾਲ ਹਰੇਕ ਪੰਜਾਂ ਸਾਲ ਬਾਅਦ ਹੀ ਆਉਂਦਾ ਹੈ। ਕਸ਼ਮੀਰ ਦੀ ਰਾਜਨੀਤਕ ਹਾਲਤ ਇਸ ਵੇਲੇ ਬੇਹੱਦ ਸੰਵੇਦਨਸ਼ੀਲ ਬਣੀ ਹੋਈ ਹੈ। ਪਾਕਿਸਤਾਨ ਇਸਦਾ ਰੱਜ ਕੇ ਫਾਇਦਾ ਉਠਾ ਰਿਹਾ ਹੈ। ਇਸ ਮੌਕੇ ਅਜਿਹਾ ਕੋਈ ਵੀ ਫੈਸਲਾ ਬਹੁਤ ਸੋਚ ਸਮਝ ਕੇ ਲੈਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਧਿਰ ਜਾਂ ਕਸ਼ਮੀਰ ਦੀ ਗਰੀਬ ਜਨਤਾ ਦਾ ਕੋਈ ਨੁਕਸਾਨ ਨਾ ਹੋਵੇ।

ਇਹ ਮਾਮਲਾ ਅਦਾਲਤਾਂ ਵਿਚ ਵੀ ਜਾ ਚੁੱਕਾ ਹੈ। ਅਕਤੂਬਰ 2015 ਵਿਚ ਜੰਮੂ ਕਸ਼ਮੀਰ ਹਾਈ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਆਰਟੀਕਲ 370 ਕਿਸੇ ਵੀ ਤਰ੍ਹਾਂ ਨਾਲ ਮੁਅੱਤਲ, ਖਤਮ ਜਾਂ ਇੱਥੋਂ ਤਕ ਕਿ ਇਸ ਵਿਚ ਕੋਈ ਸੋਧ ਵੀ ਨਹੀਂ ਕੀਤੀ ਜਾ ਸਕਦੀ। ਹਾਈ ਕੋਰਟ ਨੇ ਹੁਕਮ ਕੀਤਾ ਕਿ ਆਰਟੀਕਲ 370 ਦੇ ਅਨੁਛੇਦ 3 ਅਨੁਸਾਰ ਇਸ ਬਾਰੇ ਕੋਈ ਵੀ ਫੈਸਲਾ ਸਟੇਟ ਸੰਵਿਧਾਨ ਸਭਾ ਨੇ ਲੈਣਾ ਸੀ ਤੇ ਰਾਸ਼ਟਰਪਤੀ ਨੂੰ ਸੁਝਾ ਦੇਣਾ ਸੀ। ਕਿਉਂਕਿ ਸੰਵਿਧਾਨ ਸਭਾ ਨੇ ਸੰਨ 1957 ਵਿਚ ਭੰਗ ਹੋਣ ਤੋਂ ਪਹਿਲਾਂ ਅਜਿਹਾ ਕੋਈ ਫੈਸਲਾ ਨਹੀਂ ਲਿਆ, ਇਸ ਲਈ ਇਹ ਹੁਣ ਸਥਾਈ ਰੂਪ ਲੈ ਚੁੱਕਾ ਹੈ। ਇਸ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਹਾਈਕੋਰਟ ਦੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਨੇ 2 ਅਪਰੈਲ 2018 ਨੂੰ ਬਹਾਲ ਰੱਖਿਆ। ਇਸ ਲਈ ਰਾਜਨੀਤਕ ਫਾਇਦਾ ਲੈਣ ਲਈ ਕੋਈ ਰਾਜਨੀਤਕ ਪਾਰਟੀ ਜੋ ਚਾਹੇ ਕਹਿ ਲਵੇ, ਪਰ ਸੰਵਿਧਾਨਿਕ ਤੌਰ 'ਤੇ ਆਰਟੀਕਲ 370 ਨੂੰ ਖਤਮ ਕਰਨਾ ਬਹੁਤ ਮੁਸ਼ਕਿਲ ਹੈ।

## ਸਿੱਖ ਡੇਅ ਪਰੇਡ ਮੌਕੇ ਖ਼ਾਲਸਾਈ ਰੰਗ ਵਿਚ ਰੰਗਿਆ ਗਿਆ ਨਿਊਯਾਰਕ

**ਮਨਹਟਨ (ਨਿਊਯਾਰਕ)/ਏਟੀ ਨਿਊਜ਼ :**

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਨਿਊਯਾਰਕ ਜੋ ਕਿ ਯੂਐਸ. ਈਸਟ ਕੋਸਟ ਦਾ ਕੇਂਦਰੀ ਸਥਾਨ ਹੈ, ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੂਹ ਸੰਗਤਾਂ, ਗੁਰੂਘਰਾਂ, ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ 32ਵੀਂ ਸਿੱਖ ਡੇਅ ਪਰੇਡ ਅਪ੍ਰੈਲ 27 ਦਿਨ ਸ਼ਨੀਵਾਰ ਨੂੰ ਮਨਹਟਨ ਸ਼ਹਿਰ ਵਿਚ ਵੱਡੇ ਪੱਧਰ 'ਤੇ ਸਜਾਈ ਗਈ, ਜਿਸ ਵਿਚ 1 ਲੱਖ ਤੋਂ ਉਪਰ ਦਾ ਸੰਗਤਾਂ ਦਾ ਇਕੱਠ ਸੀ। ਇਸ ਵਿਚ ਸਿੱਖ ਧਰਮ ਨੂੰ ਦਰਸਾਉਂਦੇ 9 ਫਲੋਟ ਸ਼ਾਮਲ ਸਨ, ਜਿਸ ਵਿਚ ਸ੍ਰੀ ਹਰਮੰਦਰ ਸਾਹਿਬ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਬਾਬਾ ਬੁੱਢਾ ਜੀ, ਕਰਤਾਰਪੁਰ ਸਾਹਿਬ ਤੇ ਹੋਰ ਵੀ ਸਿੱਖ ਇਤਿਹਾਸ ਨੂੰ ਦਰਸਾਉਂਦੇ ਹੋਏ ਫਲੋਟ ਸਨ। 10 ਵਜੇ ਗੁਰਦੁਆਰਾ ਸਾਹਿਬ ਤੋਂ ਸਤਿਕਾਰ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਪਰੇਡ ਦੀ ਸ਼ੁਰੂਆਤ ਵਾਲੇ ਸਥਾਨ ਤੇ ਲਿਆਂਦਾ ਗਿਆ। ਪਰੇਡ ਦੀ ਸ਼ੁਰੂਆਤ 12:30 ਵਜੇ ਅਰਦਾਸ ਉਪਰੰਤ 37 ਸਟਰੀਟ ਮੈਡੀਸਨ ਐਵੀਨਿਊ ਤੋਂ ਹੋਈ। ਪਰੇਡ ਵਿਚ ਸਭ ਤੋਂ ਅੱਗੇ ਨਿਊਯਾਰਕ ਸਿਟੀ ਪੁਲਿਸ ਡਿਪਾਰਟਮੈਂਟ ਦਾ ਬੈਂਡ, ਨਿਊਯਾਰਕ ਪੁਲਿਸ ਡਿਪਾਰਟਮੈਂਟ ਸਿੱਖ ਆਫੀਸਰਜਜ਼ ਐਸੋਸੀਏਸ਼ਨ, ਕਰੈਕਸ਼ਨ ਡਿਪਾਰਟਮੈਂਟ, ਇਸ ਤੋਂ ਅੱਗੇ ਨਗਾਰਾ ਫਲੋਟ, ਕੇਸਰੀ ਨਿਸ਼ਾਨ ਸਾਹਿਬ, ਅਮਰੀਕਨ ਫਲੈਗ ਬਰਾਬਰ-ਬਰਾਬਰ ਚੱਲ ਰਹੇ ਸਨ। ਇਸ ਤੋਂ ਅੱਗੇ ਪਰੇਡ ਦੀ ਰਹਿਨੁਮਾਈ ਕਰਦੇ ਹੋਏ ਪੰਜ ਨਿਸ਼ਾਨਚੀ, ਪੰਜ ਪਿਆਰੇ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਲੋਟ ਚੱਲ ਰਹੇ ਸਨ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਸੰਗਤ, ਪ੍ਰਬੰਧਕ ਕਮੇਟੀਆਂ ਅਤੇ ਅਲੱਗ-ਅਲੱਗ 4 ਫਲੋਟਾਂ ਮਗਰ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਚੱਲ ਰਹੀਆਂ ਸਨ। ਰਸਤੇ ਵਿਚ ਗੱਤਕੇ ਦੀਆਂ ਟੀਮਾਂ ਨੇ ਵੀ ਸੰਗਤਾਂ ਨੂੰ ਆਪਣੇ ਜੌਹਰ ਵਿਖਾਏ। ਸਮੂਹ ਸੰਗਤਾਂ ਨੇ ਨਗਰ ਕੀਰਤਨ ਵਿਚ ਚਲ ਕੇ ਆਪਣੀ ਹਾਜ਼ਰ ਲਗਵਾਈ ਤੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। 26 ਸਟਰੀਟ ਮੈਡੀਸਨ ਐਵੀਨਿਊ 'ਤੇ ਸੰਤਾਂ ਲਈ ਲੰਗਰਾਂ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। 26 ਸਟਰੀਟ ਉਤੇ ਅਰਦਾਸ ਉਪਰੰਤ ਪਰੇਡ ਦੀ ਸਮਾਪਤੀ ਹੋਈ। ਅਰਦਾਸ ਉਪਰੰਤ ਸੰਗਤਾਂ ਨੇ ਲੰਗਰ ਦਾ ਆਨੰਦ ਮਾਣਿਆ। ਉਪਰੰਤ 24 ਸਟਰੀਟ 'ਤੇ ਸਟੇਜ ਦੀ ਕਾਰਵਾਈ ਆਰੰਭ ਹੋਈ, ਜਿਸ ਵਿਚ ਨਿਊਯਾਰਕ ਸਿਟੀ ਦੇ ਮੇਅਰ ਬਿਨ ਡੀ ਬਲਾਸਿਓ, NYPD ਦੇ ਕਮਿਸ਼ਨਰ ਜੇਮਜ਼ ਪੀਓ ਨੀਲ, ਸਟੇਟ ਸੈਨੇਟਰ ਜੌਨ ਲੀ, ਨਿਊਯਾਰਕ ਸਟੇਟ ਗਵਰਨਰ ਆਫਿਸ ਤੋਂ ਹਰਸ਼ ਪਾਰੇਖ, ਜੋ ਗਵਰਨਰ ਕਿਓਮੋ ਦਾ ਵਧਾਈ ਸੰਦੇਸ਼ ਲੇ ਕੇ ਪਹੁੰਚੇ, ਨਿਊਜਰਸੀ ਦੇ ਅਟਾਰਟਲ ਜਨਰਲ ਗੁਰਵੀਰ ਸਿੰਘ ਗਰੇਵਾਲ, NYPD Chief of Community affairs NILDA HOFMANN ਨੇ ਵੀ ਖਾਸ ਤੌਰ 'ਤੇ ਹਾਜ਼ਰੀ ਭਰੀ। ਖਾਲਿਸਤਾਨ ਅਫੋਰਸਮੈਂਟ ਤੋਂ ਡਾਕਟਰ ਅਮਰਜੀਤ ਸਿੰਘ, ਕੈਲੀਫੋਰਨੀਆ ਤੋਂ ਸ. ਰਾਮ ਸਿੰਘ, ਬਲਵੀਰ ਸਿੰਘ, ਗੁਰਦੁਆਰਾ ਸਿੱਖ ਸੈਂਟਰ ਫਲੱਸ਼ਿੰਗ ਤੋਂ ਹਿੰਮਤ ਸਿੰਘ ਪ੍ਰਧਾਨ, ਹਰਦੇਵ ਸਿੰਘ ਪੱਡਾ ਅਤੇ ਸਮੂਹ ਪ੍ਰਬੰਧਕ ਕਮੇਟੀ, ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਤੋਂ ਪ੍ਰਧਾਨ ਗੁਰਮੀਤ ਸਿੰਘ ਮਹਿਮੂਦਪੁਰ, ਸਕੱਤਰ ਹਿੰਮਤ ਸਿੰਘ ਸਰਪੰਚ ਅਤੇ ਪੂਰੀ ਪ੍ਰਬੰਧਕ ਕਮੇਟੀ, ਦਸ਼ਮੇਸ਼ ਦਰਬਾਰ ਤੋਂ ਸਤਨਾਮ ਸਿੰਘ ਵਿਰਕ ਅਤੇ ਸਮੂਹ ਟੀਮ, ਗਲੈਨਰੌਕ ਗੁਰੂਘਰ ਤੋਂ ਯਾਦਵਿੰਦਰ ਸਿੰਘ, ਸਿੱਖਜ਼ ਫਾਰ ਜਸਟਿਸ ਤੋਂ ਅਵਤਾਰ ਸਿੰਘ ਪੰਨੂੰ, ਅੰਮ੍ਰਿਤਸਰ ਅਕਾਲੀ ਦਲ ਤੋਂ ਸੁਰਜੀਤ ਸਿੰਘ ਕੁਲਾਰ, ਬੂਟਾ ਸਿੰਘ ਖੜੌਂਦ ਵੀ ਹਾਜ਼ਰ ਹੋਏ ਅਤੇ ਪਰੇਡ ਦੀ ਵਧਾਈ ਦਿੱਤੀ। ਸ. ਬਲਾਕਾ ਸਿੰਘ ਅਤੇ ਹਰਜਿੰਦਰ ਸਿੰਘ ਨੇ ਵੀ ਹਾਜ਼ਰੀ ਭਰੀ। ਸਟੇਜ ਦੀ ਕਾਰਵਾਈ ਜਨਰਲ ਸਕੱਤਰ ਸ. ਭੁਪਿੰਦਰ ਸਿੰਘ ਅਟਵਾਲ, ਸ. ਕੁਲਦੀਪ ਸਿੰਘ ਵੜੈਚ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਚੇਅਰਮੈਨ ਸ. ਸੁਰਜੀਤ ਸਿੰਘ ਮੂਧਲ ਤੇ ਸਮੂਹ ਪ੍ਰਬੰਧਕ ਕਮੇਟੀ ਨੇ ਸਮੂਹ ਸੰਗਤਾਂ ਦਾ ਪਰੇਡ ਵਿਚ ਪਹੁੰਚਣ 'ਤੇ ਧੰਨਵਾਦ ਕੀਤਾ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਤੇ ਹਿਊਮਨ ਰਾਈਟਸ ਕਮਿਸ਼ਨਰ ਸ. ਗੁਰਦੇਵ ਸਿੰਘ ਕੰਗ ਨੇ ਵੀ ਸਮੂਹ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਧੰਨਵਾਦ ਕੀਤਾ। ਸਿੱਖ ਡੇ ਪਰੇਡ ਨੂੰ PTC, JUS PUNJABI, ETC PUNJABI, GLOBAL PUNJAB, GARB PUNJAB, CHARDIKLA TIME TV, TV 84 ਅਤੇ ਹੋਰ ਵੀ ਕਈ ਟੀ ਵੀ ਚੈਨਲਾਂ ਵਲੋਂ ਲਾਈਵ ਦਿਖਾਇਆ ਗਿਆ। ਅੰਮ੍ਰਿਤਸਰ ਅਕਾਲੀ ਦਲ ਦੇ ਯੂਥ ਵਿੰਗ ਦੇ ਵਲੰਟੀਅਰਾਂ ਅਤੇ ਹੋਰ ਵੀ ਬਹੁਤ ਸਾਰੇ ਵਲੰਟੀਅਰਾਂ ਨੇ ਸੇਵਾ ਕਰਕੇ ਆਪਣੀ ਹਾਜ਼ਰ ਲਗਵਾਈ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਲੋਂ ਸਮੂਹ ਸੰਗਤ ਤੇ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਲੰਗਰ ਲਿਆਉਣ 'ਤੇ ਬਹੁਤ-ਬਹੁਤ ਧੰਨਵਾਦ ਕੀਤਾ ਗਿਆ।

## ਮੋਦੀ ਵੱਲੋਂ ਬਾਦਲ ਨੂੰ ਮੱਥਾ ਟੇਕਣ ਦਾ ਰਾਜ਼

ਉਸ ਨੇ ਪ੍ਰਕਾਸ਼ ਸਿੰਘ ਬਾਦਲ ਦੇ ਪੈਰੀਂ ਹੱਥ ਲਗਾ ਕੇ ਕੀ ਸਾਬਿਤ ਕਰਨਾ ਸੀ। ਦਰਅਸਲ ਇਸ ਰਾਜ਼ ਦਾ ਭੇਤ ਕਿਤੇ ਹੋਰ ਛੁਪਿਆ ਹੈ। ਸਭ ਜਾਣਦੇ ਹਨ ਕਿ ਭਾਰਤੀ ਜਨਤਾ ਪਾਰਟੀ ਆਰਐਸਐਸ ਦੀ ਸਿਆਸੀ ਸਾਖਾ ਹੈ। ਨਰਿੰਦਰ ਮੋਦੀ ਬੀਜੇਪੀ ਦੇ ਮੁੱਢਲੇ ਮੈਂਬਰ ਵੀ ਨਹੀਂ ਰਹੇ, ਸਗੋਂ ਇਹ ਸਿੱਧੇ ਆਰਐਸਐਸ ਵਿਚੋਂ ਆ ਕੇ ਪਹਿਲਾਂ ਮੁੱਖ ਮੰਤਰੀ ਤੇ ਫਿਰ ਪ੍ਰਧਾਨ ਮੰਤਰੀ ਬਣੇ ਹਨ। ਬੀਜੇਪੀ ਦਾ ਮੁੱਢ ਆਰਐਸਐਸ ਹੈ ਅਤੇ ਆਰਐਸਐਸ ਹਮੇਸ਼ਾ ਆਪਣੇ ਉਨ੍ਹਾਂ ਆਗੂਆਂ ਨੂੰ ਸਨਮਾਨ ਦਿੰਦੀ ਆਈ ਹੈ, ਜਿਨ੍ਹਾਂ ਦੀ ਬਦੌਲਤ ਅੱਜ ਇਸ ਵੱਡੇ ਦੇਸ਼ ਦੀ ਵਾਗਡੋਰ ਉਸ ਦੇ ਹੱਥ ਆਈ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਬੀਜੇਪੀ ਜਾਂ ਆਰਐਸਐਸ ਲਈ ਕੋਈ ਛੋਟੀ ਸ਼ਖ਼ਸੀਅਤ ਨਹੀਂ ਹਨ। ਬੀਜੇਪੀ ਨੂੰ ਅੱਜ ਦੇਸ਼ ਦੀ ਰਾਜ-ਸੱਤਾ 'ਤੇ ਕਾਬਜ਼ ਕਰਵਾਉਣ ਵਿਚ ਯੋਗਦਾਨ ਪਾਉਣ ਵਾਲਿਆਂ ਵਿਚ ਸ੍ਰੀ ਬਾਦਲ ਦਾ ਨਾਮ ਮੁੱਢਲੇ ਆਗੂਆਂ ਵਿਚ ਆਉਂਦਾ ਹੈ। ਬਾਦਲ ਅਸਿੱਧੇ ਤੌਰ 'ਤੇ ਬੀਜੇਪੀ ਦੇ ਉਹ ਆਗੂ ਹਨ ਜਿਨ੍ਹਾਂ ਤੋਂ ਬਿਨਾ ਪੰਜਾਬ ਵਿਚ ਬੀਜੇਪੀ ਪੈਰ ਹੀ ਨਹੀਂ ਸੀ ਜਮਾ ਸਕਦੀ। ਪੰਜਾਬ ਦੇ ਇਸ ਸਾਬਕਾ ਮੁੱਖ ਮੰਤਰੀ ਨੇ ਆਰਐਸਐਸ ਲਈ ਉਸ ਦੀ ਆਸ ਤੋਂ ਵੀ ਵੱਧ ਕੰਮ ਕੀਤਾ ਹੈ। ਇਸ ਨੇ ਸਿਰਫ਼ ਇਸ ਪਾਰਟੀ ਨੂੰ ਹੀ ਪੰਜਾਬ ਵਿਚ ਕਾਮਯਾਬ ਨਹੀਂ ਕੀਤਾ ਬਲਕਿ ਸਿੱਖ ਕੌਮ ਦਾ ਹਿੰਦੂਕਰਨ ਕਰਨ ਵਿਚ ਵੀ ਆਰਐਸਐਸ ਦੇ ਮਿਸ਼ਨ ਵਿਚ ਵੱਡਾ ਯੋਗਦਾਨ ਪਾਇਆ ਹੈ। ਆਰਐਸਐਸ ਬਾਦਲ ਰਾਹੀਂ ਹੀ ਗੁਰੂਘਰਾਂ 'ਤੇ ਕਾਬਜ਼ ਹੋ ਸਕੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਹਿੰਦੂਤਵ ਦੇ ਟੀਚੇ "ਇਕ ਦੇਸ਼, ਇਕ ਬੋਲੀ, ਇਕ ਧਰਮ"(ਸਿੰਗਲ ਨੇਸ਼ਨ) ਲਈ ਸ੍ਰੀ ਬਾਦਲ ਨੇ ਬੀਜੇਪੀ ਦੇ ਬਜ਼ੁਰਗ ਆਗੂ ਲਾਲ ਕ੍ਰਿਸ਼ਨ ਅਡਵਾਨੀ ਹੁਰਾਂ ਤੋਂ ਵੀ ਵੱਧ ਕੰਮ ਕੀਤਾ ਹੈ।

ਪੰਜਾਬ ਦੇ ਲੋਕਾਂ, ਖ਼ਾਸਕਰ ਸਿੱਖਾਂ ਨੂੰ ਅਜੇ ਇਸ ਗੱਲ ਦਾ ਵੱਡਾ ਭੁਲੇਖਾ ਹੈ ਕਿ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨਾਮ ਦੀ ਕੋਈ ਰਾਜਸੀ ਪਾਰਟੀ ਵੀ ਹੈ। ਸਚਾਈ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਹੁਣ ਕੋਈ ਵਜੂਦ ਬਾਕੀ ਨਹੀਂ ਰਿਹਾ। ਬੀਜੇਪੀ ਇਸ ਨੂੰ ਬਾਦਲ ਰਾਹੀਂ ਹੜੱਪ ਕਰ ਚੁੱਕੀ ਹੈ। ਬੀਜੇਪੀ ਸਮਝਦੀ ਹੈ ਕਿ ਜੇ ਬਾਦਲ ਜਿਹੇ ਇਕ ਦਰਜਨ ਆਗੂ ਵੀ ਉਸ ਕੋਲ਼ ਹੋਣ ਤਾਂ ਆਰਐਸਐਸ ਦੇਸ਼ ਨੂੰ ਕੁਝ ਸਾਲਾਂ ਵਿਚ ਹੀ 'ਹਿੰਦੂ ਰਾਸ਼ਟਰ' ਘੋਸ਼ਿਤ ਕਰ ਸਕਦੀ ਹੈ, ਇਸ ਲਈ ਉਹ ਕੋਈ ਵੀ ਅਜਿਹਾ ਮੌਕਾ ਹੱਥੋਂ ਨਹੀਂ ਲੰਘਾਉਣਾ ਚਾਹੁੰਦੀ, ਜਦੋਂ ਉਹ ਦੇਸ਼ ਵਾਸੀਆਂ ਨੂੰ ਇਹ ਦੱਸ ਸਕਦੀ ਹੋਵੇ ਕਿ ਸਾਡੇ ਲਈ ਕੰਮ ਕਰਨ ਵਾਲਿਆਂ ਨੂੰ ਪ੍ਰਧਾਨ ਮੰਤਰੀ ਵੀ ਮੱਥਾ ਟੇਕ ਕੇ ਕੋਈ ਵੱਡਾ ਕੰਮ ਆਰੰਭ ਕਰਦੇ ਹਨ। ਨਰਿੰਦਰ ਮੋਦੀ ਨੇ ਵਾਰਾਨਸੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਪੈਰੀਂ ਹੱਥ ਲਾ ਕੇ ਅਜਿਹਾ ਹੀ ਸੁਨੇਹਾ ਦਿੱਤਾ ਹੈ।

## 'ਸਿੱਟ' ਤੋਂ ਬਾਦਲਾਂ ਨੂੰ ਕਲੀਨ-ਚਿੱਟ ਦੀਆਂ ਖਬਰਾਂ ਝੂਠੀਆਂ

ਬਹਿਬਲ ਕਲਾਂ ਤੋਂ ਬਰਗਾੜੀ ਸਿਰਫ਼ 4-5 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ।

ਪੰਜਾਬ ਪੁਲੀਸ ਦੇ ਬੁਲਾਰੇ ਨੇ ਦੱਸਿਆ ਕਿ ਇਹ ਮਾਮਲਾ ਅਜੇ ਜਾਂਚ ਅਧੀਨ ਹੈ ਅਤੇ ਕਈ ਪਹਿਲੂਆਂ 'ਤੇ ਤਫਤੀਸ਼ ਜਾਰੀ ਹੈ। ਤਫਤੀਸ਼ ਮੁਕੰਮਲ ਹੋਣ ਤੱਕ ਕਿਸੇ ਵੀ ਵਿਅਕਤੀ ਵਿਸ਼ੇਸ਼ ਨੂੰ ਕਲੀਨ ਚਿੱਟ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਫਰੀਦਕੋਟ ਅਦਾਲਤ ਵਿੱਚ ਪੇਸ਼ ਕੀਤਾ ਗਿਆ 792 ਸਫਿਆਂ ਦਾ ਚਲਾਨ ਜਿਸ ਦਾ ਮੀਡੀਆ ਰਿਪੋਰਟਾਂ ਵਿੱਚ ਵੀ ਜ਼ਿਕਰ ਕੀਤਾ ਗਿਆ ਹੈ, ਉਹ ਸਿਰਫ਼ ਇੱਕ ਮੁਲਜ਼ਮ ਸਾਬਕਾ ਐੱਸ.ਐੱਸ.ਪੀ. ਚਰਨਜੀਤ ਸਿੰਘ ਸ਼ਰਮਾ ਖਿਲਾਫ਼ ਹੀ ਪੇਸ਼ ਕੀਤਾ ਗਿਆ ਹੈ। ਇਹ ਚਲਾਨ ਠੋਸ ਸਬੂਤਾਂ 'ਤੇ ਆਧਾਰਿਤ ਹੈ, ਜਿਸ ਵਿੱਚ ਅਜੇ ਵੀ ਕਈ ਪਹਿਲੂਆਂ 'ਤੇ ਦੋਸ਼ੀ ਖਿਲਾਫ਼ ਜਾਂਚ ਜਾਰੀ ਹੈ।

ਮੀਡੀਆ ਰਿਪੋਰਟ ਨੇ ਖ਼ੁਦ ਹੀ ਇਸ ਗੱਲ ਦਾ ਪ੍ਰਗਟਾਵਾ ਕਰ ਦਿੱਤਾ ਹੈ ਕਿ ਸਿਟ ਵੱਲੋਂ ਐੱਫ.ਆਈ.ਆਰ. ਵਿੱਚ ਦਰਜ ਅਜੇ ਐੱਸ.ਪੀ. ਬਿਕਰਮਜੀਤ ਸਿੰਘ, ਪ੍ਰਦੀਪ ਕੁਮਾਰ ਅਤੇ ਅਮਰਜੀਤ ਸਿੰਘ ਤਿੰਨ ਵਿਅਕਤੀਆਂ ਖਿਲਾਫ਼ ਚਲਾਨ ਪੇਸ਼ ਕੀਤਾ ਜਾਵੇਗਾ। ਬੁਲਾਰੇ ਨੇ ਕਿਹਾ ਕਿ ਇਹ ਸਪੱਸ਼ਟ ਹੈ ਕਿ ਹੁਣ ਤੱਕ ਪੇਸ਼ ਕੀਤਾ ਗਿਆ ਚਲਾਨ ਅਧੂਰੀ ਜਾਂਚ 'ਤੇ ਆਧਾਰਿਤ ਹੈ। ਇਸ ਕੇਸ ਵਿੱਚ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਖਿਲਾਫ਼ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

### ਚੋਣਾਂ ਤੋਂ ਬਾਅਦ ਐਕਸ਼ਨ ਦੀ ਤਿਆਰੀ-

ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਗੋਲੀ ਕਾਂਡ ਵਿੱਚ ਪੁਲਿਸ ਅਫਸਰਾਂ ਤੇ ਸਿਆਸੀ ਲੋਕਾਂ 'ਤੇ ਅਜੇ ਸਖਤੀ ਜਾਰੀ ਰਹੇਗੀ। ਇਸ ਦਾ ਸੰਕੇਤ ਉਸ ਵੇਲੇ ਮਿਲਿਆ ਜਦੋਂ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਬਹਿਬਲ ਗੋਲੀ ਕਾਂਡ ਵਿਚ ਮੁਲਜ਼ਮ ਸਾਬਕਾ ਐਸਐਸਪੀ ਚਰਨਜੀਤ ਸ਼ਰਮਾ ਖ਼ਿਲਾਫ਼ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਪਰ ਐਸਪੀ ਬਿਕਰਮ ਸਿੰਘ, ਇੰਸਪੈਕਟਰ ਪ੍ਰਦੀਪ ਸਿੰਘ, ਬਾਜਾਖਾਨਾ ਦੇ ਸਾਬਕਾ ਐਸਐਚਓ ਅਮਰਜੀਤ ਸਿੰਘ ਕੁਲਾਰ ਖ਼ਿਲਾਫ਼ ਚਲਾਨ ਪੇਸ਼ ਨਹੀਂ ਕੀਤਾ।

ਦਰਅਸਲ ਇਨ੍ਹਾਂ ਅਫਸਰਾਂ ਦੀ ਗ੍ਰਿਫ਼ਤਾਰੀ 'ਤੇ 23 ਮਈ ਤੱਕ ਰੋਕ ਲੱਗੀ ਹੋਈ ਹੈ। ਜਾਂਚ ਟੀਮ ਨੇ ਚਲਾਨ ਨਾ ਪੇਸ਼ ਕਰਕੇ ਇਨ੍ਹਾਂ ਦੀ ਗ੍ਰਿਫ਼ਤਾਰੀ ਦਾ ਰਾਹ ਅਜੇ ਖੁੱਲ੍ਹਾ ਰੱਖਿਆ ਹੈ। ਜਾਂਚ ਟੀਮ ਨੇ ਬਾਕੀ ਪੁਲਿਸ ਅਧਿਕਾਰੀਆਂ ਤੋਂ ਪੁੱਛ-ਪੜਤਾਲ ਤੋਂ ਬਾਅਦ ਚਲਾਨ ਪੇਸ਼ ਕਰਨ ਦੀ ਗੱਲ ਕਹੀ ਹੈ। ਇਸ ਤੋਂ ਸਪਸ਼ਟ ਹੈ ਕਿ ਵਿਸ਼ੇਸ਼ ਜਾਂਚ ਟੀਮ ਇਨ੍ਹਾਂ ਨੂੰ ਹਿਰਾਸਤ ਵਿੱਚ ਲੈ ਕੇ ਹੋਰ ਪੁੱਛਗਿੱਛ ਕਰਨਾ ਚਾਹੁੰਦੀ ਹੈ। ਸਿੱਟ ਚੋਣ ਜ਼ਾਬਤਾ ਲੱਗਾ ਹੋਣ ਕਾਰਨ ਅਜੇ ਉਡੀਕ ਕਰ ਰਹੀ ਹੈ।

ਉਧਰ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਅਕਾਲੀਆਂ ਨੇ ਕੇਂਦਰ ਸਰਕਾਰ ਰਾਹੀਂ ਦਬਾਅ ਬਣਾ ਕੇ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਜਾਂਚ ਤੋਂ ਲਾਂਭੇ ਕੀਤਾ ਹੈ ਪਰ ਫਿਰ ਵੀ ਉਹ ਕੋਟਕਪੂਰਾ ਤੇ ਬਹਿਬਲ ਕਾਂਡ ਵਿਚ ਨਿਰਪੱਖ ਜਾਂਚ ਕਰਵਾ ਕੇ ਬਾਦਲਾਂ ਨੂੰ ਸਜ਼ਾ ਦਿਵਾਏ ਬਿਨਾਂ ਪਿੱਛੇ ਨਹੀਂ ਹਟਣਗੇ। ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਨੂੰ ਬੇਅਦਬੀ ਕਾਂਡ ਲਈ ਦੋਸ਼ੀ ਮੰਨਦਿਆਂ ਕਿਹਾ ਕਿ ਜਾਂਚ ਟੀਮ ਆਪਣਾ ਕੰਮ ਜਾਰੀ ਰੱਖੇਗੀ ਤੇ ਜਲਦੀ ਹੀ ਬਾਦਲਾਂ 'ਤੇ ਸ਼ਿਕੰਜਾ ਕੱਸਿਆ ਜਾਵੇਗਾ।

### ਬਾਦਲ- ਮਜੀਠੀਏ ਦਾ ਜਸਟਿਸ ਰਣਜੀਤ ਸਿੰਘ ਨਾਲ ਤਕਰਾਰ-

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਦੀ ਜਾਂਚ ਨੂੰ ਲੈ ਕੇ ਜਸਟਿਸ ਰਣਜੀਤ ਸਿੰਘ ਨਾਲ ਪੰਗਾ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੂੰ ਮਹਿੰਗਾ ਪੈਂਦਾ ਨਜ਼ਰ ਆ ਰਿਹਾ ਹੈ। ਪੰਜਾਬ ਹਰਿਆਣਾ ਹਾਈਕੋਰਟ ਨੇ ਜਸਟਿਸ ਰਣਜੀਤ ਸਿੰਘ ਦੇ ਕਥਿਤ ਅਪਮਾਨ ਦੇ ਕੇਸ 'ਚ ਸੁਖਬੀਰ ਬਾਦਲ ਤੇ ਮਜੀਠੀਆ ਨੂੰ 11 ਜੁਲਾਈ ਨੂੰ ਬੈਂਚ ਅੱਗੇ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ। ਸੋਮਵਾਰ ਨੂੰ ਜਸਟਿਸ ਅਮਿਤ ਰਾਵਲ ਨੇ ਇਹ ਹੁਕਮ ਜਾਰੀ ਕੀਤੇ ਹਨ। ਸੁਖਬੀਰ ਤੇ ਮਜੀਠੀਆ ਦੇ ਵਕੀਲਾਂ ਨੇ ਅਦਾਲਤ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਕੋਲ ਸੁਣਵਾਈ ਦੀ ਪਹਿਲੀ ਤਰੀਕ 'ਤੇ ਉਨ੍ਹਾਂ ਦੇ ਮੁਵੱਕਿਲਾਂ ਨੂੰ ਨਿੱਜੀ ਪੇਸ਼ੀ ਤੋਂ ਛੋਟ ਦੇਣ ਦੀ ਤਾਕਤ ਹੈ। ਇਸ ਦਲੀਲ ਦਾ ਜਸਟਿਸ ਰਣਜੀਤ ਸਿੰਘ ਦੇ ਵਕੀਲਾਂ ਨੇ ਜ਼ੋਰਦਾਰ ਵਿਰੋਧ ਕੀਤਾ। ਉਂਜ ਜਸਟਿਸ ਰਾਵਲ ਨੇ ਦੋਵੇਂ ਆਗੂਆਂ ਨੂੰ ਸੋਮਵਾਰ ਅਦਾਲਤ 'ਚ ਪੇਸ਼ ਹੋਣ ਤੋਂ ਛੋਟ ਦੇ ਦਿੱਤੀ ਸੀ।

ਦੋਵੇਂ ਆਗੂਆਂ ਦੇ ਵਕੀਲਾਂ ਨੇ ਕਮਿਸ਼ਨ ਆਫ਼ ਇਨਕੁਆਇਰੀ ਐਕਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਸ਼ਿਕਾਇਤ ਵਾਰੰਟ ਕੇਸ ਦੇ ਦਾਇਰੇ 'ਚ ਆਉਂਦੀ ਹੈ ਪਰ ਕੁਦਰਤੀ ਤੌਰ 'ਤੇ ਇਹ ਸੰਮਨ ਕੇਸ ਬਣਦਾ ਹੈ। ਸੰਮਨ ਕੇਸ 'ਚ ਦੋ ਸਾਲ ਤੋਂ ਘੱਟ ਦੀ ਸਜ਼ਾ ਹੁੰਦੀ ਹੈ ਜਦਕਿ ਵਾਰੰਟ ਕੇਸ 'ਚ ਦੋ ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਜਸਟਿਸ ਰਣਜੀਤ ਸਿੰਘ ਦੀ ਸ਼ਿਕਾਇਤ ਦੇ ਮਾਮਲੇ 'ਚ ਛੇ ਮਹੀਨੇ ਤਕ ਦੀ ਸਜ਼ਾ ਜਾਂ ਜੁਰਮਾਨੇ ਦਾ ਪ੍ਰਬੰਧ ਹੈ। ਇਸ ਕਰਕੇ ਉਨ੍ਹਾਂ ਦੇ ਮੁਵੱਕਿਲਾਂ ਨੂੰ ਸੰਮਨ ਕੇਸ ਦੀ ਪਹਿਲੀ ਤਰੀਕ 'ਤੇ ਨਿੱਜੀ ਪੇਸ਼ੀ ਤੋਂ ਛੋਟ ਦਿੱਤੀ ਜਾ ਸਕਦੀ ਹੈ।

ਉਧਰ, ਜਸਟਿਸ ਰਣਜੀਤ ਸਿੰਘ ਵੱਲੋਂ ਪੇਸ਼ ਹੋਈ ਸੀਨੀਅਰ ਵਕੀਲਾਂ ਨੇ ਦਲੀਲ ਦਿੱਤੀ ਕਿ ਐਕਟ ਦੀ ਧਾਰਾ 10-ਏ ਹਾਈ ਕੋਰਟ ਨੂੰ ਅਖ਼ਤਿਆਰ ਦਿੰਦੀ ਹੈ ਕਿ ਉਹ ਵਾਰੰਟ ਕੇਸ ਮੰਨ ਕੇ ਮੁਲਜ਼ਮਾਂ ਨੂੰ ਪੇਸ਼ ਹੋਣ ਲਈ ਆਖ ਸਕਦਾ ਹੈ।

### ਬੇਅਦਬੀ ਤੇ ਚੋਣ ਮੁੱਦਾ-

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਨੇ ਪੰਜਾਬ ਤੇ ਖ਼ਾਸ ਤੌਰ ਉੱਤੇ ਪੰਥਕ ਸਿਆਸਤ ਨੂੰ ਵੱਡਾ ਹਲੂਣਾ ਦਿੱਤਾ ਸੀ। 2015 ਵਿੱਚ ਬੇਅਦਬੀ ਖ਼ਿਲਾਫ਼ ਰੋਸ ਪ੍ਰਗਟ ਕਰ ਰਹੇ ਸਿੱਖਾਂ ਉੱਤੇ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਚ ਚਲਾਈ ਗਈ ਗੋਲੀ ਦੌਰਾਨ ਦੋ ਸਿੱਖਾਂ ਦੀ ਸ਼ਹਾਦਤ ਤੋਂ ਬਾਅਦ ਅੱਜ ਤੱਕ ਇਹ ਮੁੱਦਾ ਅਣਸੁਲਝਿਆ ਹੈ। ਬੇਅਦਬੀ ਕਿਸ ਨੇ ਕੀਤੀ? ਗੋਲੀ ਕਿਸ ਦੇ ਹੁਕਮ ਉੱਤੇ ਚਲਾਈ ਗਈ ਅਤੇ ਹੋਰ ਅਨੇਕਾਂ ਸੁਆਲਾਂ ਦੇ ਜਵਾਬ ਤਲਾਸ਼ ਰਹੇ ਪੰਜਾਬ ਅਤੇ ਪੰਥ ਨਾਲ ਸਬੰਧਿਤ ਲੋਕ ਇਸ ਲਈ ਕਿਤੇ ਨਾ ਕਿਤੇ ਸ਼੍ਰੋਮਣੀ ਅਕਾਲੀ ਦਲ ਅਤੇ ਖ਼ਾਸ ਤੌਰ ਉੱਤੇ ਬਾਦਲ ਪਰਿਵਾਰ ਨੂੰ ਜ਼ਿੰਮੇਵਾਰ ਮੰਨ ਰਹੇ ਹਨ।

ਪੰਜਾਬ ਦੇ ਸਿੱਖ ਵੋਟਰਾਂ ਲਈ ਇਹ ਮੁੱਦਾ ਅੱਜ ਵੀ ਹਾਵੀ ਹੈ। ਬਾਕੀ ਸਭ ਮੁੱਦੇ ਇਸ ਤੋਂ ਹੇਠਾਂ ਹਨ। ਤਤਕਾਲੀ ਅਕਾਲੀ-ਭਾਜਪਾ ਸਰਕਾਰ ਤੋਂ ਇਸ ਗੱਲ ਦਾ ਜਵਾਬ ਨਹੀਂ ਦਿੱਤਾ ਜਾ ਰਿਹਾ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਅਤੇ ਲੋਕ ਰੋਹ ਤੋਂ ਬਾਅਦ ਮੁੜ ਵਾਪਸ ਲੈਣ ਲਈ ਕੌਣ ਜ਼ਿੰਮੇਵਾਰ ਹੈ? ਜੇ ਬਹਿਬਲ ਕਲਾਂ ਕਾਂਡ ਸਰਕਾਰੀ ਸਰਪ੍ਰਸਤੀ ਹੇਠ ਨਹੀਂ ਵਾਪਰਿਆ ਤਾਂ ਸਰਕਾਰ ਨੇ ਦੋਸ਼ੀਆਂ ਨੂੰ ਫੜ ਕੇ ਸਜ਼ਾਵਾਂ ਕਿਉਂ ਨਹੀਂ ਦਿੱਤੀਆਂ?

ਇਨ੍ਹਾਂ ਹੀ ਮੁੱਦਿਆਂ ਉੱਤੇ ਅਕਾਲੀ ਦਲ ਦੇ ਅੰਦਰ ਵੀ ਆਵਾਜ਼ਾਂ ਉੱਠੀਆਂ। ਸੁਖਦੇਵ ਸਿੰਘ ਢੀਂਡਸਾ ਨੇ ਸੁਖਬੀਰ ਬਾਦਲ ਤੋਂ ਪਾਰਟੀ ਦੀ ਪ੍ਰਧਾਨਗੀ ਵਾਪਸ ਲੈਣ ਦਾ ਮੁੱਦਾ ਉਠਾ ਕੇ ਖਾਮੋਸ਼ੀ ਧਾਰ ਲਈ। ਮਾਝੇ ਦੇ ਕਈ ਵੱਡੇ ਆਗੂ ਅਕਾਲੀ ਦਲ ਤੋਂ ਅਲੱਗ ਹੋ ਗਏ। ਅਕਾਲੀ ਦਲ ਨੇ ਇਸ ਦਾ ਕੋਈ ਸਪਸ਼ਟ ਜਵਾਬ ਦਿੱਤੇ ਬਿਨਾਂ ਆਪਣੇ ਆਪ ਹੀ ਦਰਬਾਰ ਸਾਹਿਬ ਬਰਤਨ ਸਾਫ਼ ਕਰਨ ਸਣੇ ਜੋੜੇ ਝਾੜਨ ਦੀ ਸੇਵਾ ਲਗਾ ਲਈ। ਇਸ ਦੇ ਬਾਵਜੂਦ ਮੁੱਦਾ ਉੱਥੇ ਦਾ ਉੱਥੇ ਖੜ੍ਹਾ ਹੈ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਆ ਜਾਣ ਤੋਂ ਬਾਅਦ ਬਣੀ ਐਸਆਈਟੀ ਦੀ ਜਾਂਚ ਚੱਲ ਰਹੀ ਹੈ ਕਿ ਅਕਾਲੀ ਦਲ ਦੀ ਸ਼ਿਕਾਇਤ ਉੱਤੇ ਚੋਣ ਕਮਿਸ਼ਨ ਨੇ ਐਸਆਈਟੀ ਦੇ ਮੈਂਬਰ ਕੁੰਵਰ ਵਿਜੈ ਪ੍ਰਤਾਪ ਦਾ ਤਬਾਦਲਾ ਕਰ ਦਿੱਤਾ। ਇਸ ਨਾਲ ਇੱਕ ਤਰ੍ਹਾਂ ਖੇਮੇਬੰਦੀ ਨਜ਼ਰ ਆਈ। ਅਕਾਲੀ ਦਲ ਤੋਂ ਬਿਨਾਂ ਬਾਕੀ ਪਾਰਟੀਆਂ ਚੋਣ ਕਮਿਸ਼ਨ ਦੇ ਫ਼ੈਸਲੇ ਖ਼ਿਲਾਫ਼ ਹੋ ਗਈਆਂ ਅਤੇ ਸਰਗਰਮੀ ਤੱਕ ਸ਼ੁਰੂ ਕਰ ਦਿੱਤੀ। ਇਸ ਲਈ ਅਕਾਲੀ ਦਲ ਵਾਸਤੇ ਇਹ ਚੋਣ 2017 ਦੀਆਂ ਵਿਧਾਨ ਸਭਾ ਤੋਂ ਬਾਅਦ ਦੂਜੀ ਵੱਡੀ ਚੁਣੌਤੀ ਹੈ। ਵਿਧਾਨ ਸਭਾ ਵਿੱਚ ਪਾਰਟੀ ਇਤਿਹਾਸ ਵਿੱਚ ਸਭ ਤੋਂ ਘੱਟ 15 ਸੀਟਾਂ ਤੱਕ ਸਿਮਟ ਗਈ ਸੀ।

## ਪੰਜਾਬ ਦੇ ਚੋਣ ਪਿੜ ਵਿਚ ਕਾਂਗਰਸ ਨੂੰ ਚੁਫੇਰਿਓਂ ਘੇਰਾ

ਕਰ ਲਈਆਂ ਹਨ। ਬਾਦਲ ਪਰਿਵਾਰ ਨੇ ਸੁਖਬੀਰ ਸਿੰਘ ਬਾਦਲ ਫਿਰੋਜ਼ਪੁਰ ਅਤੇ ਹਰਸਿਮਰਤ ਕੌਰ ਬਾਦਲ ਨੂੰ ਬਠਿੰਡਾ ਚੋਣ ਅਖਾੜੇ ਵਿਚ ਉਤਾਰ ਕੇ ਅਕਾਲੀ ਦਲ ਨੂੰ ਮਜ਼ਬੂਤ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਹਰਸਿਮਰਤ ਇਸ ਵਾਰੀ ਮੁੜ ਬਠਿੰਡਾ ਹਲਕੇ ਤੋਂ ਉਮੀਦਵਾਰ ਹੈ ਜਿੱਥੇ ਬੇਅਦਬੀ ਦੀਆਂ ਘਟਨਾਵਾਂ ਦਾ ਡੂੰਘਾ ਅਸਰ ਹੈ ਪਰ ਨਾਲ ਹੀ ਡੇਰਾ ਸਿਰਸਾ ਦੇ ਪੈਰੋਕਾਰਾਂ ਦੀਆਂ ਵੋਟਾਂ ਵੀ ਸਭ ਤੋਂ ਵੱਧ ਇਸੇ ਹਲਕੇ ਵਿਚ ਹਨ। ਸੰਭਾਵਨਾ ਇਹ ਹੈ ਕਿ ਇਹ ਵੋਟ ਬੈਂਕ ਬਾਦਲ ਦਲ ਨੂੰ ਭੁਗਤੇਗਾ।

ਭਾਜਪਾ ਨੇ ਮਸ਼ਹੂਰ ਐਕਟਰ ਸੰਨੀ ਦਿਓਲ ਨੂੰ ਗੁਰਦਾਸਪੁਰ ਸੀਟ 'ਤੇ ਲਿਆ ਕੇ ਵੀ ਕਾਂਗਰਸ ਨੂੰ ਵੱਡੀ ਚੁਣੌਤੀ ਦਿੱਤੀ ਹੈ। ਹੁਸ਼ਿਆਰਪੁਰ ਵਿਚ ਦੱਸਿਆ ਜਾਂਦਾ ਹੈ ਕਿ ਭਾਜਪਾ ਦੀ ਸਥਿਤੀ ਬਹੁਤੀ ਮਜ਼ਬੂਤ ਨਹੀਂ, ਕਿਉਂਕਿ ਉਸ ਨੇ ਭਾਜਪਾ ਮੰਤਰੀ ਵਿਜੇ ਸਾਂਪਲਾ ਜੋ ਪਹਿਲਾਂ ਸੂਬਾ ਪ੍ਰਧਾਨ ਵੀ ਸੀ, ਦੀ ਟਿਕਟ ਕੱਟ ਦਿੱਤੀ ਹੈ ਤੇ ਉਸ ਦੀ ਥਾਂ ਫਗਵਾੜਾ ਦੇ ਵਿਧਾਇਕ ਸੋਮ ਪ੍ਰਕਾਸ਼ ਨੂੰ ਟਿਕਟ ਦਿੱਤੀ ਗਈ ਹੈ। ਇਹ ਖਾਨਾਜੰਗੀ ਭਾਜਪਾ ਦਾ ਨੁਕਸਾਨ ਕਰ ਸਕਦੀ ਹੈ।

ਵਿਦੇਸ਼ ਸੇਵਾ ਅਫਸਰ ਰਹਿ ਚੁੱਕੇ ਮੌਜੂਦਾ ਕੇਂਦਰ ਸਰਕਾਰ ਦੇ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਅੰਮ੍ਰਿਤਸਰ ਵਿਚ ਚੋਣ ਲੜਨ ਲਈ ਲਿਆਂਦਾ ਗਿਆ ਹੈ, ਕਿਉਂਕਿ ਇੱਥੇ ਭਾਜਪਾ ਕੋਲ ਮਜ਼ਬੂਤ ਉਮੀਦਵਾਰ ਨਹੀਂ ਸੀ। ਭਾਜਪਾ ਦਾ ਸਿੱਖ ਚਿਹਰਾ ਇੱਥੇ ਕੀ ਕਮਾਲ ਦਿਖਾਉਂਦਾ ਹੈ, ਇਹ ਆਉਣ ਵਾਲਾ ਸਮਾਂ ਦੱਸੇਗਾ, ਪਰ ਭਾਜਪਾ ਆਪਣੇ ਆਪ ਨੂੰ ਇਥੋਂ ਮਜ਼ਬੂਤ ਦੱਸ ਰਹੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕੈਪਟਨ ਸਰਕਾਰ ਆਪਣੀ ਕਾਰਗੁਜ਼ਾਰੀ ਨਾਲ ਲੋਕਾਂ ਉੱਤੇ ਕੋਈ ਚੰਗਾ ਪ੍ਰਭਾਵ ਨਹੀਂ ਪਾ ਸਕੀ। ਇਸ ਦਾ ਸਿੱਧਾ ਲਾਭ ਅਕਾਲੀ ਦਲ ਨੂੰ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਪਰ ਸਿੱਖ ਨਰਾਜ਼ਗੀ ਉਹਨਾਂ ਲਈ ਖਤਰਨਾਕ ਸਾਬਤ ਹੋ ਸਕਦੀ ਹੈ। ਇਹੀ ਕਾਰਨ ਹੈ ਕਿ ਕਾਂਗਰਸੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਨੂੰ ਆਪਣਾ ਰਾਜਸੀ ਹਥਿਆਰ ਬਣਾ ਰਹੇ ਹਨ। ਬਠਿੰਡਾ ਅਤੇ ਫ਼ਿਰੋਜ਼ਪੁਰ ਹਲਕਿਆਂ ਦੇ ਚੋਣ ਨਤੀਜੇ ਨਾ ਸਿਰਫ਼ ਬਾਦਲ ਪਰਿਵਾਰ ਦੇ ਸਿਆਸੀ ਭਵਿੱਖ ਦਾ ਫੈਸਲਾ ਕਰਨਗੇ ਬਲਕਿ ਸੂਬੇ ਦੀ ਸਿਆਸੀ ਦਿਸ਼ਾ ਵੀ ਤੈਅ ਕਰਨਗੇ ਜਿੱਥੇ ਤੀਜੀ ਸਿਆਸੀ ਧਿਰ ਉਭਾਰਨ ਲਈ ਕੀਤੇ ਤਕਰੀਬਨ ਸਾਰੇ ਤਜਰਬੇ ਫੇਲ੍ਹ ਹੋਏ ਹਨ। ਹੁਣ ਜਿਹੜੀ ਗੱਲ ਕਾਂਗਰਸ ਵਲੋਂ ਆਮ ਕਹੀ ਜਾ ਰਹੀ ਸੀ ਕਿ ਇਸ ਵਾਰ ਕਾਂਗਰਸ ਪੰਜਾਬ ਦੀਆਂ ਸਾਰੀਆਂ 13 ਦੀਆਂ 13 ਸੀਟਾਂ 'ਤੇ ਜਿੱਤੇਗੀ, ਸੌਖੀ ਨਹੀਂ ਜਾਪਦੀ।

### ਕੈਪਟਨ ਦਾ ਰਾਹੁਲ ਗਾਂਧੀ ਨਾਲ ਵਾਅਦਾ-

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਪੰਜਾਬ ਦੀਆਂ 13 ਦੀਆਂ 13 ਸੀਟਾਂ 'ਤੇ ਜਿੱਤ ਪ੍ਰਾਪਤ ਕਰਨ ਲਈ ਆਸਵੰਦ ਹਨ ਤੇ ਦੱਸਿਆ ਜਾ ਰਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਉਹਨਾਂ ਨਾਲ ਠੋਸ ਵਾਅਦਾ ਕੀਤਾ ਹੈ ਕਿ ਉਹ ਪੰਜਾਬ ਦੀਆਂ 13 ਸੀਟਾਂ ਉਹਨਾਂ ਦੀ ਝੋਲੀ ਵਿਚ ਪਾਉਣਗੇ। ਕੈਪਟਨ ਤੇ ਰਾਹੁਲ ਪੰਜਾਬ ਨੂੰ ਲੈ ਕੇ ਬਹੁਤ ਸਖ਼ਤ ਹਨ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜੇਕਰ ਕਾਂਗਰਸ 13 ਵਿਚੋਂ 10 ਤੋਂ ਘੱਟ ਸੀਟਾਂ 'ਤੇ ਜਿੱਤੀ ਤਾਂ ਚੋਣਾਂ ਤੋਂ ਤੁਰੰਤ ਬਾਅਦ ਪੰਜਾਬ ਮੰਤਰੀ ਮੰਡਲ ਵਿਚ ਵੱਡੀ ਤਬਦੀਲੀ ਹੋ ਸਕਦੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਧਮਕੀ ਦਿੱਤੀ ਹੈ ਕਿ ਜਿਸ ਵਿਧਾਇਕ ਦੀ ਸੀਟ ਤੋਂ ਕਾਂਗਰਸੀ ਉਮੀਦਵਾਰ ਜੇਤੂ ਨਾ ਰਿਹਾ, ਉਸ ਦੀ ਛੁੱਟੀ ਕਰ ਦਿੱਤੀ ਜਾਏਗੀ।

ਪਤਾ ਇਹ ਵੀ ਲੱਗਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਫਿਰੋਜ਼ਪੁਰ ਤੋਂ ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਟਿਕਟ ਦੇਣ ਦੇ ਪੱਖ ਵਿਚ ਸਨ ਪਰ ਰਾਹੁਲ ਗਾਂਧੀ ਨੇ ਸ਼ੇਰ ਸਿੰਘ ਘੁਬਾਇਆ ਨੂੰ ਟਿਕਟ ਨੂੰ ਦੇ ਦਿੱਤੀ। ਨਾਲ ਰਾਹੁਲ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਵਿਸ਼ੇਸ਼ ਹਦਾਇਤ ਜਾਰੀ ਕਰ ਦਿੱਤੀ ਕਿ ਫਿਰੋਜ਼ਪੁਰ ਤੇ ਬਠਿੰਡਾ ਸੀਟਾਂ ਹਰ ਹਾਲਤ ਵਿਚ ਜਿੱਤੀਆਂ ਜਾਣ। ਪਤਾ ਲੱਗਾ ਹੈ ਕਿ ਇਨ੍ਹਾਂ ਸੀਟਾਂ 'ਤੇ ਹਾਈਕਮਾਂਡ ਪ੍ਰਚਾਰ ਕਰੇਗੀ, ਜਿਸ ਵਿਚ ਰਾਹੁਲ ਗਾਂਧੀ ਤੇ ਪ੍ਰਿਯੰਕਾ ਸ਼ਾਮਲ ਹੋਣਗੇ।

### ਤੀਜਾ ਮੋਰਚਾ ਕਮਜ਼ੋਰ-

ਬਹੁਤੀਆਂ ਸੀਟਾਂ 'ਤੇ ਕਾਂਗਰਸ ਅਤੇ ਅਕਾਲੀ-ਭਾਜਪਾ ਗੱਠਜੋੜ ਵਿਚਕਾਰ ਸਿੱਧੇ ਮੁਕਾਬਲੇ ਹੁੰਦੇ ਹੀ ਦਿਖਾਈ ਦੇਣਗੇ, ਕਿਉਂਕਿ ਤੀਸਰਾ ਮੋਰਚਾ ਆਪਸੀ ਫੁੱਟ ਕਾਰਨ ਕਮਜ਼ੋਰ ਹੈ। ਫਿਰ ਵੀ ਉਸ ਦਾ ਛੇ ਸੱਤ ਸੀਟਾਂ 'ਤੇ ਵੱਡਾ ਅਸਰ ਹੈ। ਖਡੂਰ ਸਾਹਿਬ, ਲੁਧਿਆਣਾ, ਪਟਿਆਲਾ, ਜਲੰਧਰ, ਤੇ ਸੰਗਰੂਰ ਵਿਚ ਤਿਕੋਨੇ ਮੁਕਾਬਲੇ ਹੁੰਦੇ ਸਾਫ਼ ਦਿਖ ਰਹੇ ਹਨ ਜਦੋਂ ਕਿ ਬਠਿੰਡਾ ਤੇ ਅਨੰਦਪੁਰ ਸਾਹਿਬ ਦੀ ਤਸਵੀਰ ਅਜੇ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋ ਰਹੀ। ਆਨੰਦਪੁਰ ਸਾਹਿਬ ਤੋਂ 'ਆਪ' ਉਮੀਦਵਾਰ ਨਰਿੰਦਰ ਸਿੰਘ ਸ਼ੇਰਗਿੱਲ ਦੇ ਕਾਗਜ਼ ਰੱਦ ਹੋ ਗਏ ਹਨ ਤੇ ਮਾਮਲਾ ਅਦਾਲਤ ਵਿਚ ਪਹੁੰਚ ਗਿਆ ਹੈ। ਭਾਵੇਂ ਇਨ੍ਹਾਂ ਸੀਟਾਂ 'ਤੇ ਵੀ ਤੀਸਰੀ ਜਾਂ ਚੌਥੀ ਧਿਰ ਦੇ ਮਹੱਤਵਪੂਰਨ ਵਿਅਕਤੀ ਚੋਣ ਮੈਦਾਨ ਵਿਚ ਹਨ।

'ਆਪ' ਟੁੱਟਣ ਤੋਂ ਬਾਅਦ ਮਜ਼ਬੂਤ ਤੀਸਰਾ ਮੋਰਚਾ ਹੋਂਦ ਵਿਚ ਨਹੀਂ ਆ ਸਕਿਆ ਤੇ ਇਸ ਵਿਚੋਂ ਟਕਸਾਲੀ ਅਕਾਲੀ ਤੇ 'ਆਪ' ਵਾਲੇ ਵੀ ਬਾਹਰ ਹਨ। ਉਨ੍ਹਾਂ ਵਿੱਚ ਦੋ ਕਮਿਊਨਿਸਟ ਧਿਰਾਂ ਦੇ ਤਿੰਨ ਉਮੀਦਵਾਰ ਵੀ ਹਨ ਤੇ ਕਮਿਊਨਿਸਟਾਂ ਦਾ ਉੱਪਰਲਾ ਪ੍ਰਭਾਵ ਹੀ ਕਮਜ਼ੋਰ ਹੈ, ਹੇਠਲਾ ਆਧਾਰ ਕਈ ਮਾਰਾਂ ਖਾਣ ਪਿੱਛੋਂ ਵੀ ਹਾਲੇ ਤੱਕ ਕਾਇਮ ਮੰਨਿਆ ਜਾਂਦਾ ਹੈ। ਪੰਜਾਬ ਦੀਆਂ ਪੰਜ ਕੁ ਸੀਟਾਂ ਉੱਤੇ ਇਸ ਤਰ੍ਹਾਂ ਦੇ ਅਸਰ ਦੀ ਪੇਸ਼ੀਨਗੋਈ ਕੀਤੀ ਜਾ ਰਹੀ ਹੈ।

## ਪੰਜਾਬੀ ਸਾਹਿਤ ਸਿਰਜਣਾ ਤੇ ਸੋਸ਼ਲ ਮਾਧਿਅਮਾਂ ਦਾ ਪ੍ਰਯੋਗ

ਵਿਦਾ ਬਿੰਦੂ ਸੀ। ਪਰ ਅੱਜ ਇਨ੍ਹਾਂ ਸੋਸ਼ਲ ਮਾਧਿਅਮਾਂ ਨੇ ਪਾਠਕੀ ਪ੍ਰਤੀਕਰਮ ਨੂੰ ਏਨਾ ਪੇਤਲਾ ਕਰ ਦਿੱਤਾ ਹੈ ਕਿ ਹੁਣ ਲੇਖਕ ਇਨ੍ਹਾਂ ਪ੍ਰਤੀਕਰਮਾਂ ਦੀ ਗਿਣਤੀ-ਮਿਣਤੀ ਵਿਚ ਹੀ ਉਲਝਿਆ ਰਹਿੰਦਾ ਹੈ, ਗੁਣਾਤਮਕਤਾ ਦੀ ਉਸਨੂੰ ਕੋਈ ਪ੍ਰਵਾਹ ਨਹੀਂ।

ਇਨ੍ਹਾਂ ਸੋਸ਼ਲ ਸਾਈਟਾਂ ਦੀ ਉਪਲਬਧਤਾ ਤਾਂ ਹਰ ਖਿਣ, ਹਰ ਥਾਂ, ਹਰ ਤਰ੍ਹਾਂ ਹੈ। ਜਦੋਂ ਚਾਹੋ, ਜਿੰਨਾ ਚਾਹੋ, ਜਿਹੋ ਜਿਹਾ ਚਾਹੋ ਲਿਖਿਆ ਜਾ ਸਕਦਾ ਹੈ। ਲਿਖਤ ਦੇ ਪ੍ਰਕਾਸ਼ਨ ਦੇ ਤੁਰੰਤ ਬਾਅਦ ਪ੍ਰਤੀਕਿਰਿਆਵਾਂ ਦਾ ਨਿਰੰਤਰ ਸਿਲਸਿਲਾ ਵੀ ਸ਼ੁਰੂ ਹੋ ਜਾਂਦਾ ਹੈ। ਤੁਰੰਤ ਲੇਖਣ ਤੇ ਤੁਰੰਤ ਪ੍ਰਤਿਕਰਮ ਦਾ ਆਪਣਾ ਵੈਭਵ ਹੁੰਦਾ ਹੈ। ਇਸ ਆਡੰਬਰ ਵਿਚ ਪੰਜਾਬੀ ਲੇਖਕ ਜਗਤ ਪੂਰੀ ਤਰ੍ਹਾਂ ਗ਼ਰਕ ਹੈ। ਇਸ ਦਿਖਾਵੇ ਦਾ ਮਾਰੂ ਅਸਰ ਆਲੋਚਨਾ ਸਾਧਨਾ ਤੇ ਰਚਨਾ ਪ੍ਰਕਿਰਆ 'ਤੇ ਪੈ ਰਿਹਾ ਹੈ। ਵਰ੍ਹਿਆਂ ਦੇ ਅਧਿਐਨ ਅਤੇ ਸਿਰਜਣ-ਲੇਖਣ ਰਾਹੀਂ ਕੋਈ ਸੁਨਿਸਚਿਤ ਕਿਤਾਬ ਲਿਖਣ ਦਾ ਧੀਰਜ ਇਨ੍ਹਾਂ ਸੋਸ਼ਲ ਮਾਧਿਅਮਾਂ ਰਾਹੀਂ ਖ਼ਤਮ ਹੋ ਰਿਹਾ ਹੈ। ਚੰਗੀ ਕਿਤਾਬ ਦੀ ਆਮਦ ਕਿਵੇਂ ਹੋਵੇਗੀ? ਇਹ ਗੰਭੀਰਤਾ ਦਾ ਵਿਸ਼ਾ ਹੈ।

ਇਹ ਵਿਸ਼ਾ ਉਦੋਂ ਹੋਰ ਵੀ ਚਿੰਤਾਜਨਕ ਹੋ ਜਾਂਦਾ ਹੈ ਜਦੋਂ ਪੰਜਾਬੀ ਸਾਹਿਤ, ਖ਼ਾਸ ਕਰਕੇ ਕਵਿਤਾ ਪਹਿਲਾਂ ਹੀ ਪਾਠਕੀ ਸੰਕਟ ਨਾਲ ਗ੍ਰਸਤ ਹੋਵੇ। ਲੇਖਕ ਪ੍ਰਕਾਸ਼ਕ ਨੂੰ ਪੈਸੇ ਦੇ ਕੇ ਕਿਤਾਬਾਂ ਛਪਵਾਉਂਦੇ ਹਨ। ਕਿਤਾਬ ਦੀ ਦੋ ਢਾਈ ਸੌ ਛਾਪ ਵਿੱਚੋਂ ਬਹੁਤੀ ਮੁਫ਼ਤ ਭੇਟ ਕਰ ਦਿੱਤੀ ਜਾਂਦੀ ਹੈ ਤੇ ਬਾਕੀ ਸਰਕਾਰੀ ਖ਼ਰੀਦ ਰਾਹੀਂ ਲਾਈਬਰੇਰੀਆਂ ਵਿਚ ਡੰਪ ਹੋ ਜਾਂਦੀ ਹੈ। ਇਸ ਸੰਕਟ ਵਿਚ ਹਰਬਰਟ ਮਾਰਕੂਜ਼ੇ ਦੀ ਭਾਸ਼ਾ ਵਿਚ 'ਜ਼ਿੰਮੇਵਾਰੀ' ਸਿਰਫ਼ ਪਾਠਕ ਦੀ ਹੀ ਨਹੀਂ, ਲੇਖਕ ਦੀ ਵੀ ਹੈ। ਬਲਕਿ ਪਾਠਕ ਦੀ ਘੱਟ ਤੇ ਲੇਖਕ ਦੀ ਕਿਤੇ ਵੱਧ। ਪੰਜਾਬੀ ਪਾਠਕ ਤੇ ਲੇਖਕ ਵਿਚ ਅੰਤਰ ਘਟਦਾ ਜਾ ਰਿਹਾ ਹੈ। ਜਿਹੜੇ ਲੇਖਕ ਹਨ ਉਹੀ ਪਾਠਕ ਨੇ। ਉਹੀ ਲਿਖਦੇ ਨੇ ਤੇ ਉਹੀ ਪੜ੍ਹਦੇ ਹਨ। ਲੇਖਕ, ਪਾਠਕ ਵਾਂਗ ਲਿਖਦੇ ਹਨ ਤੇ ਪਾਠਕ, ਪਾਠ ਕਰਨ ਵਾਂਗ ਪੜ੍ਹਦੇ ਹਨ। ਦੋਹਾਂ ਥਾਈਂ ਲਿਖਤ ਗ਼ੈਰਹਾਜ਼ਿਰ ਹੈ। ਇਸਦਾ ਕਾਰਣ ਸ਼ਾਇਦ ਇਹ ਹੈ ਕਿ ਕ੍ਰਿਸ਼ਮਈ ਤੇ ਇਲਹਾਮੀ ਲਿਖਤ ਦੀ ਸਿਰਜਣਕਾਰੀ ਵਿਚ ਜੋ ਸਮਾਧੀ, ਲਿਵ, ਮੌਨ ਅਤੇ ਧਿਆਨ ਦਰਕਾਰ ਹੈ ਉਸਦੀ ਥਾਂ ਹੋੜ, ਰੌਲ਼ੇ, ਭੀੜ ਅਤੇ ਮੇਲਿਆਂ ਨੇ ਲੈ ਲਈ ਹੈ। ਮੇਲਿਆਂ, ਦਰਬਾਰਾਂ, ਕਾਨਫ਼ਰੰਸਾਂ ਅਤੇ ਵਿਮੋਚਨਾਂ ਵਿਚ ਸੰਵਾਦ ਗ਼ੈਰਹਾਜ਼ਿਰ ਰਹਿੰਦਾ ਹੈ, ਜੋ ਹਾਜ਼ਿਰ ਹੈ ਉਹ ਹੈ ਵਾਹ-ਵਾਹ, ਮਹਿਮਾ ਮੰਡਨ ਜਾਂ ਬਹਿਸਬਾਜ਼ੀ। ਇਸ ਵੇਲੇ ਪੰਜਾਬੀ ਸਾਹਿਤ ਨੂੰ ਲੋੜ ਹੈ ਗੰਭੀਰ ਗੋਸ਼ਟਿ ਦੀ ਤੇ ਸੁਹਿਰਦ/ਸਹਿਜ ਸੰਵਾਦ ਦੀ ਤਾਂ ਕਿ ਸਿਹਤਮੰਦ ਸਿਰਜਣਕਾਰੀ ਦਾ ਮਾਹੌਲ ਬਣਿਆ ਰਹੇ।

ਇਹ ਸੋਸ਼ਲ ਮਾਧਿਅਮ ਜਿੱਥੇ ਪ੍ਰਗਟਾਵੇ ਦਾ ਤਰੁੰਤ ਮਾਧਿਅਮ ਹਨ ਉੱਥੇ ਇਹ ਪ੍ਰਗਟਾਵੇ ਦੀ ਭੁੱਖ ਨੂੰ ਸ਼ਾਂਤ ਨਹੀਂ ਕਰਦੇ ਬਲਕਿ ਹੋਰ ਤਲਬ ਪੈਦਾ ਕਰਦੇ ਹਨ। ਭੁੱਖ ਸਰੀਰਕ ਹੁੰਦੀ ਹੈ ਤੇ ਤਲਬ ਮਾਨਸਿਕ। ਤਲਬ ਨਸ਼ੇ ਦੀ ਹੁੰਦੀ ਹੈ। ਨਸ਼ਾ ਆਦਤ ਬਣ ਜਾਂਦਾ ਹੈ। ਇਹ ਸੋਸ਼ਲ ਮਾਧਿਅਮ ਪ੍ਰਗਟਾਵੇ ਦੀ ਆਦਤ ਪੈਦਾ ਕਰ ਰਹੇ ਹਨ। ਆਦਤ ਵਿਚ ਕੋਈ ਕਰਤਾਰੀ ਸਿਰਜਣਕਾਰੀ ਨਹੀਂ ਹੋ ਸਕਦੀ। ਕਿਉਂਕਿ ਕੋਈ ਕਿਤਾਬ ਜਾਂ ਗੰਭੀਰ ਰਚਨਾ ਕਰਨ ਵਿਚ ਮਿਹਨਤ ਦਰਕਾਰ ਹੈ, ਸੰਦਰਭ ਜਾਂ ਹਵਾਲੇ ਲੱਭਣ/ਦੇਣ ਦੀ ਮੁਸ਼ੱਕਤ ਕਰਨੀ ਹੁੰਦੀ ਹੈ। ਆਪਣੀਆਂ ਸਥਾਪਨਾਵਾਂ ਲਈ ਜਵਾਬਦੇਹੀ ਦੀ ਜ਼ਰੂਰਤ ਹੁੰਦੀ ਹੈ। ਇਸਦੇ ਉਲਟ ਆਸਾਨ ਰਾਹ ਹੈ ਫੇਸ ਬੁੱਕ ਜਾਂ ਵਟਸਅੱਪ 'ਤੇ ਆਪਣੀ ਹੁਣੇ ਰਚਿਤ ਲਿਖਤ ਨੂੰ ਪਾਉਣਾ, ਉਸ 'ਤੇ ਅੱਧੀ ਅਧੂਰੀ ਆਲੋਚਨੀ ਟਿੱਪਣੀ/ਪ੍ਰਸ਼ੰਸਾ ਤੁਰੰਤ ਦੇ ਦੇਣਾ ਤੇ ਫਿਰ ਚੁੱਪ/ਮੁਕਤ ਹੋ ਜਾਣਾ। ਆਤਮ ਪ੍ਰਚਾਰ, ਮੁੱਖ-ਸੁੱਖ, ਮਿੱਤਰ-ਮੋਹ, ਜੈਜੈਕਾਰ-ਭੰਡੀ ਪ੍ਰਚਾਰ ਸੱਭ ਕੁੱਝ ਹਾਜ਼ਿਰ ਹੈ ਇਨ੍ਹਾਂ ਮਾਧਿਅਮਾਂ ਵਿਚ। ਜੇਕਰ ਕੁੱਝ ਗ਼ੈਰਹਾਜ਼ਿਰ ਹੈ ਤਾਂ ਪੁਸਤਕ ਲਿਖਣ-ਪੜ੍ਹਨ ਤੇ ਗੰਭੀਰ ਅਧਿਐਨ ਤੇ ਸਿਰਜਣ ਦਾ ਸੁਖ/ਆਨੰਦ ਜੋ ਲੇਖਕ ਜਾਂ ਪਾਠਕ ਨੂੰ ਪ੍ਰਾਪਤ ਹੁੰਦਾ ਹੈ। ਪੰਜਾਬੀ ਸਾਹਿਤ ਜਗਤ ਵਿਚ ਗੰਭੀਰ ਗੋਸ਼ਟਿ, ਸੰਵਾਦ ਤੇ ਤਰਕੀ-ਵਿਤਰਕੀ ਪ੍ਰਵਚਨ ਲੁਪਤ ਹੁੰਦਾ ਜਾ ਰਿਹਾ ਹੈ। ਅਜਿਹੇ ਦ੍ਰਿਸ਼ ਅਤੇ ਮਾਹੌਲ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਸੋਸ਼ਲ ਮਾਧਿਅਮਾਂ ਨੇ ਜ਼ਿੰਮੇਵਾਰ ਲੇਖਣ-ਆਲੋਚਨਾ ਦੇ ਅਵਸਰ/ਆਸਾਰ ਘੱਟ ਕਰ ਦਿੱਤੇ ਨੇ ਅਤੇ ਸਵੈ ਪ੍ਰਚਾਰ/ਪ੍ਰਸਾਰ ਦੀ ਪ੍ਰਵਿਰਤੀ ਵਿਚ ਵਾਧਾ ਕੀਤਾ ਹੈ।

ਜੋ ਲੇਖਕ ਵਧੀਆ ਸਾਹਿਤ ਸਿਰਜਣ ਕਰ ਸਕਦੇ ਹਨ ਉਹ ਫੇਸ ਬੁੱਕ ਜਾਂ ਵਟਸਅੱਪ 'ਤੇ ਸਾਹਿਤਕ-ਰਾਜਨੀਤੀ ਕਰਨ ਵਿਚ ਮਗਨ ਹਨ। ਇਸ ਵਿਚ ਭਾਸ਼ਣਕਾਰੀ ਦੀ ਭਾਸ ਮਹਿਸੂਸ ਹੁੰਦੀ ਹੈ। ਭਾਸ਼ਣਕਾਰੀ ਗੰਭੀਰਤਾ ਤੇ ਗ਼ਹਿਨਤਾ ਤੋਂ ਵਿਰਵੀ ਹੁੰਦੀ ਹੈ। ਜੋ ਲੇਖਕ ਭਾਸ਼ਣਕਾਰੀ ਕਰਨ ਲੱਗ ਜਾਂਦੇ ਨੇ, ਉਨ੍ਹਾਂ ਵਿੱਚੋਂ ਰਚਨਾਕਾਰੀ ਖ਼ਤਮ ਹੋ ਜਾਂਦੀ ਹੈ।

ਜੇਕਰ ਗੰਭੀਰਤਾ ਨਾਲ ਘੋਖਿਆ ਜਾਵੇ ਤਾਂ ਅਸਾਡੇ ਵਿੱਚੋਂ ਹਰ ਕੋਈ ਇਸ ਆਭਾਸੀ ਜਗਤ ਦੇ ਪ੍ਰਭਾਵ ਦਾ ਸ਼ਿਕਾਰ ਹੈ। ਉਹ ਵੀ ਦਿਨ ਸਨ ਕਿ ਲੇਖਕ ਆਪਣੇ ਬਾਰੇ ਘੱਟ ਬੋਲਦੇ ਸਨ। ਲਿਖਤ ਬੋਲਦੀ ਸੀ। ਲੇਖਕ ਆਪਣਾ ਮਹਿਮਾ ਮੰਡਨ ਕਰਨ ਵਿਚ ਝਿਜਕਦੇ ਸਨ। ਹੁਣ ਲੇਖਕ ਆਪਣੇ/ਲਿਖਤ ਬਾਰੇ ਆਪ ਹੀ ਮੁਖਰ ਹੈ। ਲਿਖਤ ਚੁੱਪ ਹੈ ਤੇ ਪਾਠਕ ਨਿਰਾਸ਼। ਇਸ ਮਾਹੌਲ ਵਿਚ ਉੱਤਮ ਸਾਹਿਤ ਸਿਰਜਣਕਾਰੀ ਦਾ ਖੀਣ ਤੇ ਮਾਨਕ ਆਲੋਚਨਾ ਦਾ ਮੌਨ ਹੋ ਜਾਣਾ ਬੜਾ ਸੁਭਾਵਿਕ ਹੈ। ਸਮੇਂ ਦੀ ਲੋੜ ਹੈ ਕਿ ਸਾਹਿਤ ਪ੍ਰਤੀ 'ਜ਼ਿੰਮੇਵਾਰੀ' ਦਾ ਅਹਿਸਾਸ ਪੈਦਾ ਕਰਕੇ ਇਨ੍ਹਾਂ ਸੋਸ਼ਲ ਮਾਧਿਅਮਾਂ ਦਾ ਗੰਭੀਰ ਪ੍ਰਯੋਗ ਕੀਤਾ ਜਾਵੇ ਤਾਂ ਕਿ ਕਿਤਾਬ ਲਿਖਣ ਤੇ ਪੜ੍ਹਨ ਦਾ ਮਹੱਤਵ ਬਣਿਆ ਰਹਿ ਸਕੇ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# STEELE INSURANCE

## AGENCY INC

Grand Shield Insurance strives to offer you quality insurance coverage, a high level of professional service and a long-term relationship We'll research rates and coverage from top insurance companies to find the best insurance rates and insurance plans for you. We do the insurance shopping and comparing for you to save time and money!

- Specialize in Personal line insurance
- Auto Home life Umbrella and Commercial
- We have special discount as 20% Multi Policy Discount
- Occupational Discount 12% for Teacher, Doctors Engineers, Firefighter, RN nurse, Business Owner
- AARP membership discount 30%
- Good Students discount 3.0 GPA
- Four year College degree (Alumni) discount
- Multi car discount




- TERM LIFE
- RETURN OF PREMIUM LIFE
- UNIVERSAL LIFE
- INDEXED UNIVERSAL LIFE
- VARIABLE UNIVERSAL LIFE
- WHOLE LIFE
- ANNUITIES

**Working hard with Honesty & intergrity to protect your Financial Future**



# Ranjit Singh

**A Member of Steele Insurance Agency, Inc.**

**Insurance Broker, Lic#OH78402**

**Doing the Right Things for Our Clients and Their Families Everyday...**

**... Leads Us to Success as well as Our Company."**

Allied Insurance | FIDELITY National Insurance Company | CSE | MERCURY INSURANCE GROUP | FINANCIAL PACIFIC | Safeco Insurance

CNA | MetLife | Kemper | Philadelphia Insurance Companies | FOREMOST INSURANCE GROUP | The Hartford

CommerceWest Insurance | Midwest INSURANCE Agency | KANSAS CITY LIFE | PROGRESSIVE | GeoTera Insurance | TRAVELERS

GMAC Insurance | TheZenith WORKERS' COMPENSATION SPECIALISTS | PersonalUmbrella.com | ZURICH

**17900 Murphy Park Way Lathrop, CA. 95330**

**209-956-1000, Office-408-355-5700, Bay Area-888-246-1228 Fax**

**RSingh@siainc.net, www.SteeleInsuranceAgency.net**


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM